ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

14-20 ਫਰਵਰੀ 2024

ਸਾਲ 15ਵਾਂ - ਅੰਕ 7
email : info@sadelok.com

Ph. : 510-706-1300
Fax : 925-373-1300

## ਅਮਰੀਕਾ ਦਾ ਰਾਸ਼ਟਰਪਤੀ ਅਹੁਦਾ ਸੰਭਾਲਣ ਨੂੰ ਤਿਆਰ ਹਾਂ : ਕਮਲਾ ਹੈਰਿਸ



ਵਾਸ਼ਿੰਗਟਨ : ਭਾਰਤੀ ਮੂਲ ਦੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਉਸ ਦੇ ਆਲੇ-ਦੁਆਲੇ ਦੇ ਲੋਕ ਉਸ ਦੀ ਯੋਗਤਾ ਤੋਂ ਵੀ ਚੰਗੀ ਤਰ੍ਹਾਂ ਜਾਣੂ ਹਨ। 'ਵਾਲ ਸਟਰੀਟ ਜਰਨਲ' ਨੂੰ ਦਿੱਤੇ ਇੱਕ ਤਾਜ਼ਾ ਇੰਟਰਵਿਊ ਵਿੱਚ ਉਨ੍ਹਾਂ ਵੱਲੋਂ ਇਹ ਟਿੱਪਣੀਆਂ ਕੀਤੀਆਂ ਗਈਆਂ।

ਹੈਰਿਸ ਨੇ ਕਿਹਾ ਕਿ 'ਮੈਂ ਸੰਯੁਕਤ ਰਾਜ ਦੇ ਰਾਸ਼ਟਰਪਤੀ ਦੀ ਜ਼ਿੰਮੇਵਾਰੀ ਸੰਭਾਲਣ ਲਈ

(ਦੇਖੋ ਸਫ਼ਾ 3 'ਤੇ)

# ਦਿੱਲੀ ਵੱਲ ਵਧ ਰਹੇ ਕਿਸਾਨਾਂ ਨੂੰ ਹਰਿਆਣਾ ਪੁਲਿਸ ਨੇ ਸ਼ੰਭੂ ਸਰਹੱਦ 'ਤੇ ਰੋਕਿਆ

- ਸੈਂਕੜਿਆਂ ਦੀ ਤਾਦਾਦ 'ਚ ਦਾਗੇ ਅੱਥਰੂ ਗੈਸ ਦੇ ਗੋਲੇ ਤੇ ਮਾਰੀਆਂ ਰਬੜ ਦੀਆਂ ਗੋਲੀਆਂ, ਦਰਜਨਾਂ ਕਿਸਾਨ ਜ਼ਖ਼ਮੀ
- ਬੈਰੀਕੇਡਾਂ ਦੀਆਂ ਤਿੰਨ ਪਰਤਾਂ ਖਦੇੜਣ 'ਚ ਕਾਮਯਾਬ ਹੋਏ ਕਿਸਾਨ
- ਕਿਸਾਨਾਂ ਨੇ ਸਿਰਫ਼ ਸੂਬੇ ਵਿਚੋਂ ਲੰਘਣਾ ਹੈ ਤਾਂ ਹਰਿਆਣਾ ਨੇ ਕਿਉਂ ਡਾਹਿਆ ਅੜਿੱਕਾ : ਹਾਈ ਕੋਰਟ



(ਦੇਖੋ ਸਫ਼ਾ 26-30 'ਤੇ)



ਸਰਕਾਰ ਨੇ ਹਰਿਆਣਾ 'ਚ ਜ਼ੁਲਮ ਅਤੇ ਨਾਕਾਬੰਦੀ ਕਰਕੇ ਕਿਸਾਨਾਂ ਦੇ ਸ਼ਾਂਤਮਈ ਸੰਘਰਸ਼ ਨੂੰ 'ਜੰਗ ਹਿੰਦ ਪੰਜਾਬ' ਦੀ ਬਣਾ ਦਿੱਤਾ : ਜਥੇਦਾਰ ਗਿਆਨੀ ਹਰਪ੍ਰੀਤ ਸਿੰਘ



ਰਾਮ ਮੰਦਰ ਤੋਂ ਬਾਅਦ ਮੋਦੀ ਦਾ ਗ੍ਰਾਫ ਬਹੁਤ ਵਧਿਆ; ਇਸ ਨੂੰ ਹੇਠਾਂ ਸੁੱਟਣ ਲਈ ਸਾਡੇ ਕੋਲ ਸਮਾਂ ਘੱਟ : ਸ੍ਰ. ਜਗਜੀਤ ਸਿੰਘ ਡੱਲੇਵਾਲ



ਕੇਂਦਰੀ ਮੰਤਰੀਆਂ ਸ੍ਰੀ ਰਾਜਨਾਥ ਸਿੰਘ ਤੇ ਸ੍ਰੀ ਅਰਜੁਨ ਮੁੰਡਾ ਨੇ ਮੀਟਿੰਗ 'ਚ ਕਿਸਾਨ ਮੁੱਦਿਆਂ 'ਤੇ ਕੀਤੀ ਚਰਚਾ



ਕਿਸਾਨਾਂ ਨਾਲ ਡਟ ਕੇ ਖੜ੍ਹੀ ਪੰਜਾਬ ਸਰਕਾਰ, ਬਾਰਡਰ ਨੇੜੇ ਹਸਪਤਾਲਾਂ ਤੇ ਐਂਬੂਲੈਂਸਾਂ ਨੂੰ ਕੀਤਾ ਅਲਰਟ : ਭਗਵੰਤ ਮਾਨ



ਕਿਸਾਨ ਅੰਦੋਲਨ 'ਚ ਹਿੱਸਾ ਲੈਣ ਲਈ ਸ੍ਰੀ ਰਾਹੁਲ ਗਾਂਧੀ ਨੇ ਝਾਰਖੰਡ 'ਚ 'ਭਾਰਤ ਜੋੜੋ ਯਾਤਰਾ' ਕੀਤੀ ਰੱਦ

## ਕੈਲੀਫੋਰਨੀਆ 'ਚ ਪੂਰੇ ਪੰਜਾਬੀ ਪਰਿਵਾਰ ਦੇ ਕਤਲ 'ਚ ਮਦਦ ਕਰਨ ਵਾਲੇ ਨੂੰ ਤਿੰਨ ਸਾਲ ਅਤੇ ਅੱਠ ਮਹੀਨਿਆਂ ਦੀ ਸਜ਼ਾ



ਕੈਲੀਫੋਰਨੀਆ : ਕੈਲੀਫੋਰਨੀਆ ਵਿੱਚ ਇੱਕ ਭਾਰਤੀ ਮੂਲ ਦੇ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਅਗਵਾ ਕਰਨ ਅਤੇ ਕਤਲ ਦੇ ਮੁੱਖ ਸ਼ੱਕੀ ਜੀਸਸ ਸਾਲਗਾਡੋ ਨੂੰ ਤਿੰਨ ਸਾਲ ਅਤੇ ਅੱਠ ਮਹੀਨਿਆਂ ਦੀ ਵੱਧ ਤੋਂ ਵੱਧ ਕੈਦ ਦੀ ਸਜ਼ਾ ਸੁਣਾਈ ਗਈ ਹੈ।



ਮਰਸਡ ਕਾਉਂਟੀ ਦੇ ਜ਼ਿਲ੍ਹਾ ਅਟਾਰਨੀ ਦਫ਼ਤਰ ਦੇ ਅਨੁਸਾਰ ਇੱਕ ਮਰਸਡ ਕਾਉਂਟੀ ਪਰਿਵਾਰ ਦੇ ਕਤਲ

(ਦੇਖੋ ਸਫ਼ਾ 32 'ਤੇ)

## ਅਮਰੀਕਾ 'ਚ ਸੁਪਰ ਬਾਊਲ ਪਰੇਡ ਦੌਰਾਨ ਹੋਈ ਗੋਲੀਬਾਰੀ 'ਚ ਇਕ ਦੀ ਮੌਤ, ਅੱਠ ਬੱਚਿਆਂ ਸਮੇਤ 22 ਲੋਕ ਜ਼ਖ਼ਮੀ



ਕੈਂਸਸ ਸਿਟੀ : ਅਮਰੀਕਾ ਦੇ ਕੈਂਸਸ ਸਿਟੀ ਚੀਫ ਦੀ 'ਸੁਪਰ ਬਾਊਲ' (ਫੁੱਟਬਾਲ ਚੈਂਪੀਅਨਸ਼ਿਪ) ਵਿਚ ਜਿੱਤ ਤੋਂ ਬਾਅਦ ਬੁੱਧਵਾਰ ਨੂੰ ਕੱਢੀ ਗਈ ਪਰੇਡ ਦੌਰਾਨ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 22 ਲੋਕ ਜ਼ਖ਼ਮੀ ਹੋ ਗਏ। ਜ਼ਖ਼ਮੀਆਂ

(ਦੇਖੋ ਸਫ਼ਾ 32 'ਤੇ)

For your Advertisement

Please Call
510-706-1300

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ

Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities (Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories
PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com


Punjabi International Services Inc
Harminder Singh Samana
Bonded Immigration Consultant
bond number #10134206
ਆਫਿਸ ਮੈਨੇਜਰ
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
ਪੋਲੀਟੀਕਲ ਅਸਾਈਲਮ • ਸਿਟੀਜਨਸ਼ਿਪ • ਗਰੀਨਕਾਰਡ
Family Petition Immigration
Travel document • Work Permit
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
239 West Yosemite Ave Manteca CA 95336

# ਵੋਟ 5 ਮਾਰਚ, 2024



ਜਨਤਕ ਸੁਰੱਖਿਆ ਲਈ



ਬੇਘਰੇ ਲੋਕਾਂ ਲਈ



ਛੋਟੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ

## ★ ਸੁਰੱਖਿਅਤ ਅਤੇ ਸਾਫ਼ ਆਂਢ-ਗੁਆਂਢ ★

### ਕਮਿਊਨਿਟੀ ਨੇ ਨਿਸ਼ਕਾਮ ਸੇਵਾਦਾਰ ਅਤੇ ਤਜਰਬੇਕਾਰ ਨੇਤਾ

- ਅਸੀਂ ਇਕੱਠੇ ਮਿਲ ਕੇ ਆਪਣੇ ਭਾਈਚਾਰੇ ਨੂੰ ਵੱਧ ਰਹੇ ਅਪਰਾਧਾਂ ਤੋਂ ਬਚਾਵਾਂਗੇ ਅਤੇ ਆਂਢ-ਗੁਆਂਢ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਾਂਗੇ।
- ਜਿਵੇਂ ਕਿ ਹਰ ਇੱਕ ਨੂੰ ਵਧੀਆ ਘਰ ਦੀ ਲੋੜ ਹੈ। ਅਸੀਂ ਮਿਲ ਕੇ ਬੇਘਰਿਆਂ ਨੂੰ ਘਰ ਬਣਾਉਣ ਅਤੇ ਸਾਫ਼-ਸੁਥਰੇ ਆਂਢ-ਗੁਆਂਢ ਨੂੰ ਬਣਾਈ ਰੱਖਣ ਵੱਲ ਧਿਆਨ ਦੇਵਾਂਗੇ।
- ਅਸੀਂ ਸਾਰੇ ਮਿਲ ਕੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਾਂਗੇ।
- ਅਸੀਂ ਸਾਰੇ ਪਾਰਕਾਂ, ਗਲੀਆਂ ਨੂੰ ਸੁਰੱਖਿਅਤ ਅਤੇ ਸਾਫ਼ ਸਥਰਾ ਰੱਖਣ ਵੱਲ ਵਿਸ਼ੇਸ਼ ਧਿਆਨ ਦੇਵਾਂਗੇ।



ਹੋਰ ਜਾਣਕਾਰੀ ਲਈ ਸੰਪਰਕ ਕਰੋ ਤੁਹਾਡਾ ਆਪਣਾ

## ਸ੍ਰ. ਸੁਖਦੇਵ ਸਿੰਘ ਬੈਨੀਵਾਲ

**For San Jose City Council - District 8**

**(408) 421-9463 or email : voteBainiwal@gmail.com**

**visit www.Votebainiwal.com # BainiwalForAll**

Paid for by Sukhdev Bainiwal for City Council 2024 FPPc#1463066

# ਅਮਰੀਕਾ ਦਾ ਰਾਸ਼ਟਰਪਤੀ ਅਹੁਦਾ ਸੰਭਾਲਣ ਨੂੰ ਤਿਆਰ ਹਾਂ : ਕਮਲਾ ਹੈਰਿਸ



ਵਾਸ਼ਿੰਗਟਨ (ਰਾਜ ਗੋਗਨਾ) : ਭਾਰਤੀ ਮੂਲ ਦੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਸਪੱਸ਼ਟ ਕੀਤਾ ਹੈ ਕਿ ਉਹ ਅਮਰੀਕੀ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਉਸ ਦੇ ਆਲੇ-ਦੁਆਲੇ ਦੇ ਲੋਕ ਉਸ ਦੀ ਯੋਗਤਾ ਤੋਂ ਵੀ ਚੰਗੀ ਤਰ੍ਹਾਂ ਜਾਣੂ ਹਨ। 'ਵਾਲ ਸਟਰੀਟ ਜਰਨਲ' ਨੂੰ ਦਿੱਤੇ ਇੱਕ ਤਾਜ਼ਾ ਇੰਟਰਵਿਊ ਵਿੱਚ ਉਨ੍ਹਾਂ ਵੱਲੋਂ ਇਹ ਟਿੱਪਣੀਆਂ ਕੀਤੀਆਂ ਗਈਆਂ। ਹੈਰਿਸ ਨੇ ਕਿਹਾ ਕਿ 'ਮੈਂ ਸੰਯੁਕਤ ਰਾਜ ਦੇ ਰਾਸ਼ਟਰਪਤੀ ਦੀ ਜ਼ਿੰਮੇਵਾਰੀ ਸੰਭਾਲਣ ਲਈ ਤਿਆਰ ਹਾਂ। ਇਸ ਵਿੱਚ ਕੋਈ ਸ਼ੱਕ ਨਹੀਂ ਹੈ। ਹਰ ਕੋਈ ਜਿਸ ਨੇ ਮੈਨੂੰ ਦੇਖਿਆ ਹੈ ਉਹ ਮੇਰੀ ਯੋਗਤਾ ਬਾਰੇ ਜਾਣਦਾ ਹੈ। ਕਮਲਾ ਹੈਰਿਸ ਦੀਆਂ ਟਿੱਪਣੀਆਂ ਅਜਿਹੇ ਸਮੇਂ 'ਚ ਅਹਿਮ ਹੋ ਗਈਆਂ ਹਨ, ਜਦੋਂ ਮੌਜੂਦਾ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ (81) ਦੀ ਉਮਰ ਅਤੇ ਯਾਦਦਾਸ਼ਤ ਨੂੰ ਲੈ ਕੇ ਕਾਫੀ ਆਲੋਚਨਾ ਹੋ ਰਹੀ ਹੈ।

# ਅਮਰੀਕਾ ਚ ਭਾਰਤੀ ਮੂਲ ਦੇ ਪ੍ਰਵੀਨ ਪਟੇਲ ਦਾ ਗੋਲੀਆਂ ਮਾਰ ਕੇ ਕਤਲ

ਨਿਊਯਾਰਕ : ਅਮਰੀਕਾ ਦੇ ਅਲਾਬਾਮਾ ਸੂਬੇ ਦੇ ਸ਼ਹਿਰ ਸ਼ੈਫੀਲਡ ਵਿੱਚ ਬੀਤੇ ਦਿਨ ਗੁਜਰਾਤੀ ਮੂਲ ਦੇ ਮੋਟਲ ਮਾਲਕ ਪ੍ਰਵੀਨ ਪਟੇਲ ਦਾ ਗੋਲੀਆਂ ਮਾਰ ਕੇ ਕਤਲ ਕੀਤੇ ਜਾਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇਸ ਮਾਮਲੇ 'ਚ ਪੁਲਸ ਨੇ ਵਿਲੀਅਮ ਮੂਰ ਨਾਂ ਦੇ 34 ਸਾਲਾ ਅਮਰੀਕੀ ਕਾਤਲ ਨੂੰ ਗ੍ਰਿਫ਼ਤਾਰ ਕੀਤਾ ਹੈ। ਸ਼ੈਫੀਲਡ ਪੁਲਸ ਦੇ ਅਨੁਸਾਰ, ਪ੍ਰਵੀਨ ਪਟੇਲ ਹਿਲਕ੍ਰੈਸਟ ਨਾਂ ਦੇ ਮੋਟਲ ਦਾ ਮਾਲਕ ਸੀ।



ਸਥਾਨਕ ਮੀਡੀਆ ਰਿਪੋਰਟਾਂ ਦੇ ਅਨੁਸਾਰ, ਵਿਲੀਅਮ ਜੇਰੇਮੀ ਮੂਰ ਨਾਮੀਂ ਵਿਅਕਤੀ ਕਮਰਾ ਬੁੱਕ ਕਰਵਾਉਣ ਲਈ ਮੋਟਲ ਦੇ ਮਾਲਕ ਪ੍ਰਵੀਨ ਪਟੇਲ ਕੋਲ ਆਇਆ ਸੀ ਅਤੇ ਉਦੋਂ ਹੀ ਦੋਵਾਂ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਬਹਿਸ ਹੋ ਗਈ, ਜਿਸ ਮਗਰੋਂ ਉਸ ਨੇ ਪ੍ਰਵੀਨ ਪਟੇਲ ਨੂੰ ਗੋਲੀਆਂ ਮਾਰ ਦਿੱਤੀਆਂ। ਘਟਨਾ ਸਵੇਰੇ 9 ਵਜੇ ਦੇ ਕਰੀਬ ਵਾਪਰੀ ਸੀ ਅਤੇ ਇੱਕ ਘੰਟੇ ਦੇ ਅੰਦਰ ਹੀ ਪੁਲਸ ਨੇ ਕਾਤਲ ਵਿਲੀਅਮ ਜੇਰੇਮੀ ਮੂਰ ਨੂੰ ਗ੍ਰਿਫ਼ਤਾਰ ਕਰ ਲਿਆ। ਜਿਸ ਰਿਵਾਲਵਰ ਨਾਲ ਪ੍ਰਵੀਨ ਪਟੇਲ ਨੂੰ ਗੋਲੀਆਂ ਮਾਰੀਆਂ ਗਈਆਂ ਸਨ, ਉਹ ਵੀ ਉਸ ਕੋਲੋਂ ਬਰਾਮਦ ਕਰ ਲਈ ਗਈ ਹੈ।

ਪੁਲਸ ਮੁਤਾਬਕ ਪ੍ਰਵੀਨ ਪਟੇਲ 'ਤੇ ਤਿੰਨ ਰਾਉਂਡ ਫਾਇਰ ਕੀਤੇ ਗਏ ਅਤੇ ਉਹ ਆਪਣੇ ਮੋਟਲ ਦੇ ਰਿਸੈਪਸ਼ਨ ਵਾਲੇ ਖੇਤਰ 'ਚ ਡਿੱਗ ਗਿਆ। 76 ਸਾਲਾ ਪ੍ਰਵੀਨ ਪਟੇਲ ਦਾ ਪਿਛੋਕੜ ਚਰੋਤਰ (ਗੁਜਰਾਤ) ਦੇ ਨਾਲ ਸੀ ਅਤੇ ਉਹ ਪਿਛਲੇ ਕਈ ਸਾਲਾਂ ਤੋਂ ਆਪਣੇ ਪਰਿਵਾਰ ਨਾਲ ਅਮਰੀਕਾ ਦੇ ਅਲਾਬਾਮਾ ਸੂਬੇ ਵਿੱਚ ਰਹਿ ਰਿਹਾ ਸੀ। ਪੁਲਸ ਨੇ ਇਸ ਬਾਰੇ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ ਹੈ ਕਿ ਮੋਟਲ 'ਚ ਕਮਰਾ ਲੈਣ ਆਏ ਕਾਤਲ ਨੇ ਉਸ 'ਤੇ ਗੋਲੀਆਂ ਕਿਉਂ ਚਲਾਈਆਂ।







# ਬਾਈਡੇਨ ਨੇ ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਲਈ ਅਮਰੀਕੀ ਅਦਾਲਤ 'ਚ ਭਾਰਤੀ ਮੂਲ ਦੇ ਜੱਜ ਨੂੰ ਕੀਤਾ ਨਾਮਜ਼ਦ

ਵਾਸ਼ਿੰਗਟਨ : ਰਾਸ਼ਟਰਪਤੀ ਜੋਅ ਬਾਈਡੇਨ ਨੇ ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਲਈ ਅਮਰੀਕੀ ਜ਼ਿਲ੍ਹਾ ਅਦਾਲਤ ਵਿਚ ਭਾਰਤੀ ਮੂਲ ਦੇ ਜੱਜ ਸੰਕੇਤ ਜੈਸੁਖ ਬੁਲਸਾਰਾ ਨੂੰ ਨਾਮਜ਼ਦ ਕਰਨ ਦਾ ਐਲਾਨ ਕੀਤਾ ਹੈ। ਬੁਲਸਾਰਾ ਸਕਿਓਰਿਟੀਜ਼, ਇਕਰਾਰਨਾਮੇ, ਦਿਵਾਲੀਆ ਅਤੇ ਰੈਗੂਲੇਟਰੀ ਮਾਮਲਿਆਂ ਦੇ ਮਾਹਰ ਹਨ। ਬੁਲਸਾਰਾ 2017 ਤੋਂ ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਲਈ ਇੱਕ ਯੂ.ਐੱਸ. ਮੈਜਿਸਟਰੇਟ ਜੱਜ ਹੈ। ਜਦੋਂ ਉਨ੍ਹਾਂ ਨੂੰ ਮੈਜਿਸਟਰੇਟ ਜੱਜ ਵਜੋਂ ਨਿਯੁਕਤ ਕੀਤਾ ਗਿਆ ਤਾਂ ਉਹ ਦੂਜੇ ਸਰਕਟ ਵਿੱਚ ਕਿਸੇ ਵੀ ਅਦਾਲਤ ਵਿੱਚ ਸੇਵਾ ਕਰਨ ਵਾਲੇ ਪਹਿਲੇ ਦੱਖਣੀ ਏਸ਼ੀਆਈ ਅਮਰੀਕੀ ਸੰਘੀ ਜੱਜ ਸਨ। ਇਕ ਖ਼ਬਰ ਮੁਤਾਬਕ ਵ ?ਹਾਈਟ ਹਾਊਸ ਨੇ ਵੀਰਵਾਰ ਨੂੰ ਬੁਲਸਰਾ ਦੀ ਨਾਮਜ਼ਦਗੀ ਦਾ ਐਲਾਨ ਕੀਤਾ। ਬੁਲਸਾਰਾ ਬਾਈਡੇਨ ਵੱਲੋਂ ਸੰਘੀ ਜ਼ਿਲ੍ਹਾ ਅਦਾਲਤਾਂ ਲਈ ਨਾਮਜ਼ਦ 4 ਵਿਅਕਤੀਆਂ ਵਿੱਚੋਂ ਇੱਕ ਹਨ। ਵ੍ਹਾਈਟ ਹਾਊਸ ਨੇ ਕਿਹਾ ਕਿ ਸਾਰੇ ਨਾਮਜ਼ਦ ਵਿਅਕਤੀ "ਯੋਗ, ਅਨੁਭਵੀ ਅਤੇ ਕਾਨੂੰਨ ਦੇ ਸ਼ਾਸਨ ਅਤੇ ਸਾਡੇ ਸੰਵਿਧਾਨ ਲਈ ਵਚਨਬੱਧ ਹਨ।"ਜਨਵਰੀ 2017 ਤੋਂ ਮਈ 2017 ਤੱਕ, ਬੁਲਸਰਾ ਨੇ ਯੂ.ਐੱਸ. ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਦੇ ਕਾਰਜਕਾਰੀ ਜਨਰਲ ਕੌਂਸਲ ਵਜੋਂ ਕੰਮ ਕੀਤਾ ਸੀ, ਜਿੱਥੇ ਉਹ 2015 ਤੋਂ ਅਪੀਲੀ ਮੁਕੱਦਮੇਬਾਜ਼ੀ, ਨਿਰਣਾਇਕ ਅਤੇ ਲਾਗੂ ਕਰਨ ਲਈ ਡਿਪਟੀ ਜਨਰਲ ਕਾਉਂਸਲ ਰਹੇ ਸਨ।



ਇਸ ਤੋਂ ਪਹਿਲਾਂ ਉਨ੍ਹਾਂ ਨੇ ਵਿਲਮਰ ਕਟਲਰ ਪਿਕਰਿੰਗ ਹੇਲ ਅਤੇ ਡੋਰ ਐੱਲਐੱਲਪੀ ਵਿੱਚ 2005 ਤੋਂ 2008 ਤੱਕ ਇੱਕ ਸਹਿਯੋਗੀ, 2009 ਤੋਂ 2011 ਤੱਕ ਇਕ ਵਕੀਲ ਅਤੇ 2012 ਤੋਂ 2015 ਤੱਕ ਇੱਕ ਭਾਗੀਦਾਰ ਵਜੋਂ ਕੰਮ ਕੀਤਾ ਸੀ। ਸਾਲ 2007 ਅਤੇ 2008 ਦੇ ਵਿਚਕਾਰ 6 ਮਹੀਨਿਆਂ ਲਈ, ਉਨ੍ਹਾਂ ਨੇ ਕਿੰਗਜ਼ ਕਾਉਂਟੀ (ਬਰੁਕਲਿਨ) ਦੇ ਜ਼ਿਲ੍ਹਾ ਅਟਾਰਨੀ ਦਫ਼ਤਰ ਵਿੱਚ ਇੱਕ ਵਿਸ਼ੇਸ਼ ਸਹਾਇਕ ਜ਼ਿਲ੍ਹਾ ਅਟਾਰਨੀ ਵਜੋਂ ਕੰਮ ਕੀਤਾ ਅਤੇ 2003 ਤੋਂ 2004 ਤੱਕ ਲਾਸ ਏਂਜਲਸ, ਕੈਲੀਫੋਰਨੀਆ ਵਿੱਚ ਮੁੰਗੇਰ, ਟੋਲੇਸ ਅਤੇ ਓਲਸਨ ਐੱਲਐੱਲਪੀ ਵਿੱਚ ਇੱਕ ਸਹਿਯੋਗੀ ਵਜੋਂ ਕੰਮ ਕੀਤਾ। ਬੁਲਸਾਰਾ ਨੇ 2002 ਤੋਂ 2003 ਤੱਕ ਨਿਊਯਾਰਕ ਦੇ ਦੱਖਣੀ ਜ਼ਿਲ੍ਹੇ ਦੇ ਅਮਰੀਕਾ ਦੀ ਜ਼ਿਲ੍ਹਾ ਅਦਾਲਤ ਵਿੱਚ ਜੱਜ ਜੌਨ ਜੀ ਕੋਇਲਟ ਦੇ ਇੱਕ ਕਾਨੂੰਨ ਕਲਰਕ ਵਜੋਂ ਕੰਮ ਕੀਤਾ ਸੀ। ਬੁਲਸਾਰਾ ਦਾ ਜਨਮ ਬ੍ਰੌਂਕਸ ਵਿੱਚ ਭਾਰਤ ਅਤੇ ਕੀਨੀਆ ਤੋਂ ਆਏ ਪ੍ਰਵਾਸੀ ਮਾਪਿਆਂ ਦੇ ਘਰ ਹੋਇਆ ਸੀ। ਉਨ੍ਹਾਂ ਦੇ ਮਾਤਾ-ਪਿਤਾ 50 ਸਾਲ ਪਹਿਲਾਂ ਇੱਥੇ ਆ ਕੇ ਵੱਸ ਗਏ ਸਨ। ਉਨ੍ਹਾਂ ਦੇ ਪਿਤਾ ਨੇ ਨਿਊਯਾਰਕ ਸ਼ਹਿਰ ਵਿੱਚ ਇੱਕ ਇੰਜੀਨੀਅਰ ਵਜੋਂ ਕੰਮ ਕੀਤਾ ਅਤੇ ਉਨ੍ਹਾਂ ਦੀ ਮਾਂ ਇੱਕ ਨਰਸ ਸੀ। ਬੁਲਸਾਰਾ ਆਪਣੀ ਪਤਨੀ ਕ੍ਰਿਸਟੀਨ ਡੀਲੋਰੇਂਜ਼ੋ ਨਾਲ ਲੌਂਗ ਆਈਲੈਂਡ ਸਿਟੀ ਵਿੱਚ ਰਹਿੰਦੇ ਹਨ।

# ਅਮਰੀਕਾ : ਸਬਵੇਅ ਸਟੇਸ਼ਨ ਤੇ ਦੋ ਗੁੱਟਾਂ ਵਿਚਾਲੇ ਗੋਲੀਬਾਰੀ, ਇਕ ਦੀ ਮੌਤ, 5 ਜ਼ਖ਼ਮੀ




ਨਿਊਯਾਰਕ : ਅਮਰੀਕਾ ਵਿੱਚ ਨਿਊਯਾਰਕ ਸਿਟੀ ਦੇ ਸਬਵੇਅ ਸਟੇਸ਼ਨ ਤੇ ਦੋ ਗੁੱਟਾਂ ਵਿਚਾਲੇ ਗੋਲੀਬਾਰੀ ਹੋਈ। ਇਸ ਗੋਲੀਬਾਰੀ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 5 ਹੋਰ ਦੇ ਜ਼ਖਮੀ ਹੋ ਜਾਣ ਦੀ ਸੂਚਨਾ ਹੈ। ਇਹ ਘਟਨਾ ਸੋਮਵਾਰ ਨੂੰ ਵਾਪਰੀ। ਹੁਣ ਪੁਲਸ ਅਗਲੇਰੀ ਜਾਂਚ ਕਰ ਰਹੀ ਹੈ। ਅਮਰੀਕਾ 'ਚ ਪਿਛਲੇ ਕੁਝ ਸਮੇਂ ਤੋਂ ਗੋਲੀਬਾਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਅਤੇ ਇਸ 'ਚ ਲਗਾਤਾਰ ਵਾਧਾ ਵੀ ਹੋ ਰਿਹਾ ਹੈ।

ਸੋਮਵਾਰ ਨੂੰ ਇਕ ਹੋਰ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ। ਜਿੱਥੇ ਬ੍ਰੌਂਕਸ ਨਿਊਯਾਰਕ ਦੇ ਸਬਵੇਅ ਸਟੇਸ਼ਨ 'ਤੇ ਗੋਲੀਬਾਰੀ ਦੀ ਘਟਨਾ ਵਾਪਰੀ। ਇਸ ਘਟਨਾ 'ਚ ਇਕ ਵਿਅਕਤੀ ਦੀ ਮੌਤ ਹੋ ਗਈ, ਜਦਕਿ 5 ਲੋਕ ਗੰਭੀਰ ਰੂਪ 'ਚ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਪੁਲਸ ਦੇ ਹਵਾਲੇ ਨਾਲ ਜਾਣਕਾਰੀ ਦੌਰਾਨ ਸੋਮਵਾਰ ਸ਼ਾਮ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ। ਹਮਲੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਫਿਲਹਾਲ ਪੁਲਸ ਘਟਨਾ ਦੀ ਜਾਂਚ ਕਰ ਰਹੀ ਹੈ।

# ਅਮਰੀਕਾ 'ਚ ਰੇਲਵੇ ਪਲਟਫਾਰਮ 'ਤੇ ਹੋਈ ਗੋਲੀਬਾਰੀ ਵਿੱਚ ਇਕ ਮੌਤ 5 ਜਖਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਬਰੋਨਕਸ, ਨਿਊਯਾਰਕ ਵਿਚ ਇਕ ਰੇਲਵੇ ਪਲੇਟਫਾਰਮ ਉਪਰ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 5 ਹੋਰਨਾਂ ਦੇ ਜਖਮੀ ਹੋ ਜਾਣ ਦੀ ਖਬਰ ਹੈ। ਲਾਅ ਇਨਫੋਰਸਮੈਂਟ ਸੂਤਰਾਂ ਅਨੁਸਾਰ ਝਗੜੇ ਉਪਰੰਤ ਸ਼ੂਟਰ ਨੇ ਮਾਊਂਟ ਈਡਨ ਸਟੇਸ਼ਨ ਦੇ ਪਲੇਟਫਾਰਮ 'ਤੇ ਖੜੇ ਯਾਤਰੀਆਂ ਉਪਰ ਅੰਧਾਧੁੰਦ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗੋਲੀਬਾਰੀ ਵਿਚ ਜਖਮੀ ਹੋਏ 6 ਵਿਅਕਤੀਆਂ ਵਿਚੋਂ ਇਕ ਹਸਪਤਾਲ ਵਿਚ ਦਮ



ਤੋੜ ਗਿਆ। ਗੋਲੀਬਾਰੀ ਉਪੰਰਤ ਹਮਲਾਵਰ ਘਟਨਾ ਸਥਾਨ ਤੋਂ ਫਰਾਰ ਹੋਣ ਵਿੱਚ ਸਫਲ ਹੋ ਗਿਆ। ਘਟਨਾ ਦੀ ਨਿਊਯਾਰਕ ਪੁਲਿਸ ਵਿਭਾਗ ਜਾਂਚ ਕਰ ਰਿਹਾ ਹੈ।

# ਅਮਰੀਕੀ ਰੱਖਿਆ ਮੰਤਰੀ ਆਸਟਿਨ ਮੁੜ ਹਸਪਤਾਲ 'ਚ ਦਾਖਲ, ਉਪ ਰੱਖਿਆ ਮੰਤਰੀ ਨੂੰ ਸੌਂਪੀਆਂ ਆਪਣੀਆਂ ਸ਼ਕਤੀਆਂ

ਵਾਸ਼ਿੰਗਟਨ : ਅਮਰੀਕਾ ਦੇ ਰੱਖਿਆ ਮੰਤਰੀ ਲੋਇਡ ਆਸਟਿਨ ਨੂੰ 'ਮਸਾਨੇ ਦੀ ਸਮੱਸਿਆ' ਨਾਲ ਸਬੰਧਤ ਲੱਛਣਾਂ ਕਾਰਨ ਐਤਵਾਰ ਨੂੰ ਮੁੜ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਅਮਰੀਕੀ ਰੱਖਿਆ ਮੰਤਰਾਲੇ ਦੇ ਹੈੱਡਕੁਆਰਟਰ ਪੈਂਟਾਗਨ ਨੇ ਇਹ ਜਾਣਕਾਰੀ ਦਿੱਤੀ। ਆਸਟਿਨ ਨੂੰ ਦਸੰਬਰ ਵਿੱਚ ਪ੍ਰੋਸਟੇਟ ਕੈਂਸਰ ਦਾ ਪਤਾ ਲੱਗਿਆ ਸੀ। ਪੈਂਟਾਗਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਆਸਟਿਨ ਨੂੰ ਉਸਦੀ ਸੁਰੱਖਿਆ ਟੀਮ ਦੁਪਹਿਰ 2:20 ਵਜੇ ਦੇ ਕਰੀਬ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਲੈ ਗਈ।

ਔਸਟਿਨ ਨੇ ਸ਼ੁਰੂ ਵਿੱਚ 'ਆਪਣੇ ਦਫਤਰ ਦੇ ਕੰਮਕਾਜ' ਨੂੰ ਜਾਰੀ ਰੱਖਣ ਦੀ ਯੋਜਨਾ ਬਣਾਈ ਸੀ ਪਰ ਐਤਵਾਰ ਸ਼ਾਮ 5 ਵਜੇ ਦੇ ਕਰੀਬ ਉਸਨੇ ਉਪ ਰੱਖਿਆ ਸਕੱਤਰ ਕੈਥਲੀਨ ਹਿਕਸ ਨੂੰ ਆਪਣਾ ਅਧਿਕਾਰ ਸੌਂਪ ਦਿੱਤਾ। ਪੈਂਟਾਗਨ ਦੇ ਪ੍ਰੈਸ ਸਕੱਤਰ ਮੇਜਰ ਜਨਰਲ ਪੈਟ ਰਾਈਡਰ ਨੇ ਕਿਹਾ ਕਿ ਆਸਟਿਨ ਐਤਵਾਰ ਸ਼ਾਮ ਤੱਕ ਹਸਪਤਾਲ ਵਿੱਚ



ਦਾਖਲ ਰਹੇ। ਜਾਇੰਟ ਚੀਫ਼ ਆਫ਼ ਸਟਾਫ਼ ਦੇ ਚੇਅਰਮੈਨ ਦੇ ਨਾਲ-ਨਾਲ ਵ੍ਹਾਈਟ ਹਾਊਸ ਅਤੇ ਕਾਂਗਰਸ ਨੂੰ ਆਸਟਿਨ ਦੀ ਸਿਹਤ ਬਾਰੇ ਜਾਣਕਾਰੀ ਦਿੱਤੀ ਗਈ ਸੀ।

ਆਸਟਿਨ ਨੇ ਮੰਗਲਵਾਰ ਨੂੰ ਯੂਕ੍ਰੇਨ ਸੰਪਰਕ ਸਮੂਹ ਦੀ ਮੀਟਿੰਗ ਕਰਨ ਲਈ ਬ੍ਰਸੇਲਜ਼ ਲਈ ਰਵਾਨਾ ਹੋਣਾ ਸੀ। ਉਨ੍ਹਾਂ ਨੇ 2022 ਵਿੱਚ ਰੂਸ ਦੇ ਹਮਲੇ ਤੋਂ ਬਾਅਦ ਕੀਵ ਲਈ ਫੌਜੀ ਸਹਾਇਤਾ ਦਾ ਤਾਲਮੇਲ ਕਰਨ ਲਈ ਮੀਟਿੰਗ ਦੀ ਯੋਜਨਾ ਬਣਾਈ। ਆਸਟਿਨ ਨੇ ਫਿਰ ਨਾਟੋ ਦੇ ਰੱਖਿਆ ਮੰਤਰੀਆਂ ਦੀ ਇੱਕ ਨਿਯਮਤ ਮੀਟਿੰਗ ਵਿੱਚ ਸ਼ਾਮਲ ਹੋਣਾ ਸੀ। ਇਹ ਤੁਰੰਤ ਸਪੱਸ਼ਟ ਨਹੀਂ ਹੋਇਆ ਸੀ ਕਿ ਕੀ ਔਸਟਿਨ ਦੇ ਹਸਪਤਾਲ ਵਿੱਚ ਦਾਖਲ ਹੋਣ ਨਾਲ ਉਹ ਯੋਜਨਾਵਾਂ ਬਦਲ ਜਾਣਗੀਆਂ। ਆਸਟਿਨ ਨੂੰ ਦਸੰਬਰ ਵਿੱਚ ਪ੍ਰੋਸਟੇਟ ਕੈਂਸਰ ਦਾ ਪਤਾ ਲੱਗਿਆ ਸੀ ਅਤੇ 22 ਦਸੰਬਰ ਨੂੰ ਇਸਦਾ ਇਲਾਜ ਕਰਨ ਲਈ ਪ੍ਰੋਸਟੇਟੈਕਟੋਮੀ ਨਾਮਕ ਇੱਕ ਪ੍ਰਕਿਰਿਆ ਕੀਤੀ ਗਈ ਸੀ। ਹਫ਼ਤੇ ਬਾਅਦ ਵਿੱਚ ਉਸਨੂੰ ਪੇਚੀਦਗੀਆਂ ਪੈਦਾ ਹੋਈਆਂ ਅਤੇ 1 ਜਨਵਰੀ ਨੂੰ ਬਹੁਤ ਜ਼ਿਆਦਾ ਦਰਦ ਵਿੱਚ ਉਸਨੂੰ ਐਂਬੂਲੈਂਸ ਦੁਆਰਾ ਵਾਲਟਰ ਰੀਡ ਵਿੱਚ ਲਿਜਾਇਆ ਗਿਆ, ਜਿੱਥੇ ਉਸਨੂੰ ਇੰਟੈਂਸਿਵ ਕੇਅਰ ਯੂਨਿਟ ਵਿੱਚ ਦਾਖਲ ਕਰਵਾਇਆ ਗਿਆ। ਆਸਟਿਨ 15 ਜਨਵਰੀ ਤੱਕ ਵਾਲਟਰ ਰੀਡ ਵਿੱਚ ਰਿਹਾ। ਫਿਰ ਉਹ ਠੀਕ ਹੋ ਕੇ ਘਰ ਤੋਂ ਕੰਮ ਕਰਦਾ ਰਿਹਾ ਅਤੇ 29 ਜਨਵਰੀ ਨੂੰ ਪੈਂਟਾਗਨ ਵਾਪਸ ਆ ਗਿਆ।

# ਹੈਰਾਨੀਜਨਕ ! ਅੱਖਾਂ ਦੀ ਬਣਤਰ ਤੋਂ ਬਿਨਾਂ ਪੈਦਾ ਹੋਇਆ ਬੱਚਾ

ਨਿਊਯਾਰਕ : ਦੁਨੀਆ ਵਿਚ ਰੋਜ਼ਾਨਾ ਕੁਝ ਨਵਾਂ ਦੇਖਣ-ਸੁਣਨ ਨੂੰ ਮਿਲਦਾ ਰਹਿੰਦਾ ਹੈ। ਰੱਬ ਦੇ ਵੀ ਰੰਗ ਨਿਆਰੇ ਹਨ। ਹਾਲ ਹੀ ਵਿਚ ਅਮਰੀਕਾ ਵਿੱਚ ਅੱਖਾਂ ਦੀ ਬਣਤਰ ਤੋਂ ਬਿਨਾਂ ਇਕ ਬੱਚਾ ਪੈਦਾ ਹੋਇਆ ਹੈ। ਅੱਖਾਂ ਦਾ ਨਾ ਹੋਣਾ ਵੱਖਰੀ ਗੱਲ ਹੈ ਯਾਨੀ ਨੇਤਰਹੀਣ ਲੋਕ ਜੋ ਨਹੀਂ ਦੇਖ ਸਕਦੇ। ਪਰ ਜੇਕਰ ਕੋਈ ਬੱਚਾ ਮੂਲ ਅੱਖ ਦੀ ਥਾਂ 'ਤੇ ਬਿਨਾਂ ਕਿਸੇ ਟਿਸ਼ੂ ਜਾਂ ਆਪਟੀਕਲ ਨਰਵ ਦੇ ਜਨਮ ਲੈਂਦਾ ਹੈ, ਤਾਂ ਉਸ ਨੂੰ ਅੱਖ ਰਹਿਤ ਬੱਚਾ ਕਿਹਾ ਜਾਂਦਾ ਹੈ। ਇਹ ਸਥਿਤੀ ਸ਼ਾਇਦ ਹੀ ਕਿਸੇ ਜੈਨੇਟਿਕ ਸਮੱਸਿਆ ਕਾਰਨ ਹੁੰਦੀ ਹੈ।

ਦੁਨੀਆ ਭਰ ਵਿੱਚ ਅਜਿਹੇ ਕਰੀਬ 30 ਬੱਚੇ ਹਨ। ਅਮਰੀਕਾ ਦੇ ਮਿਸੂਰੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਅਜਿਹੇ ਬੱਚੇ ਨੇ ਜਨਮ ਲਿਆ ਹੈ। ਬੱਚੇ ਦਾ ਨਾਂ ਰੇਨਲੀ ਹੈ। ਬੱਚੇ ਦਾ ਜਨਮ ਜਮਾਂਦਰੂ ਐਨੋਫਥਲਮੀਆ ਨਾਲ ਹੋਇਆ। ਇਸ ਲਈ ਡਾਕਟਰਾਂ ਨੇ ਕਿਹਾ ਕਿ ਇਹ ਕਿਸੇ ਕਿਸਮ ਦੀ ਜੈਨੇਟਿਕ ਸਥਿਤੀ ਸੀ ਜਿੱਥੇ ਬੱਚੇ ਦੀਆਂ ਅੱਖਾਂ ਦੇ ਟਿਸ਼ੂ ਜਾਂ ਆਪਟਿਕ ਨਸਾਂ ਨਹੀਂ ਸਨ। ਬੱਚੇ ਦੀ ਮਾਂ ਨੇ ਕਿਹਾ ਕਿ ਉਹ 9 ਦਿਨਾਂ ਤੋਂ ਸੀਜੇਰੀਅਨ ਸੈਕਸ਼ਨ ਦੁਆਰਾ ਜਨਮੇ ਬੱਚੇ ਦੀ ਜਾਂਚ ਦੀ ਉਡੀਕ ਵਿੱਚ ਹੰਝੂਆਂ ਵਿੱਚ ਸੀ। ਆਖਰਕਾਰ ਡਾਕਟਰਾਂ ਨੇ



ਉਸ ਨੂੰ ਦੱਸਿਆ ਕਿ ਉਹ ਕੋਰਟੀਸੋਲ ਤੋਂ ਬਿਨਾਂ ਪੈਦਾ ਹੋਇਆ ਸੀ, ਜਿਸ ਕਾਰਨ ਉਸ ਦੀਆਂ ਅੱਖਾਂ ਬੰਦ ਸਨ। ਕਿਹਾ ਜਾਂਦਾ ਹੈ ਕਿ ਇਹ ਬਹੁਤ ਹੀ ਦੁਰਲੱਭ ਸਥਿਤੀ ਹੈ ਅਤੇ ਦੁਨੀਆ ਭਰ ਵਿੱਚ ਅਜਿਹੇ 30 ਤੋਂ ਵੱਧ ਮਾਮਲੇ ਹੁੰਦੇ ਹਨ।

ਨਾਲ ਹੀ ਇਹੀ ਜੈਨੇਟਿਕ ਪਰਿਵਰਤਨ ਕੁਝ ਲੋਕਾਂ ਵਿੱਚ ਸਿਰਫ ਇੱਕ ਅੱਖ ਨੂੰ ਪ੍ਰਭਾਵਿਤ ਕਰਦਾ ਹੈ, ਪਰ ਛੋਟੇ ਬੱਚੇ ਰੇਨਲੀ ਦੇ ਮਾਮਲੇ ਵਿੱਚ ਦੋਵੇਂ ਅੱਖਾਂ ਪ੍ਰਭਾਵਿਤ ਹੋਈਆਂ ਸਨ। ਡਾਕਟਰਾਂ ਦਾ ਕਹਿਣਾ ਹੈ ਕਿ ਇਹ ਸਥਿਤੀ ਉਸ ਦੀ ਬੁੱਧੀ ਅਤੇ ਸਰੀਰਕ ਵਿਕਾਸ ਨੂੰ ਵੀ ਪ੍ਰਭਾਵਿਤ ਕਰਦੀ ਹੈ। ਨਾਲ ਹੀ ਡਾਕਟਰਾਂ ਨੇ ਸਿੱਟਾ ਕੱਢਿਆ ਹੈ ਕਿ ਰੇਨਲੀ ਦੇ ਭਵਿੱਖ ਦੇ ਬੱਚਿਆਂ ਵਿੱਚ ਇਹ ਵਿਗਾੜ ਹੋਣ ਦੀ 50 ਪ੍ਰਤੀਸ਼ਤ ਸੰਭਾਵਨਾ ਹੈ। ਹਾਲਾਂਕਿ ਇਸ ਸਮੇਂ ਰੇਨਲੀ ਦੀਆਂ ਅੱਖਾਂ ਦਾ ਕੋਈ ਇਲਾਜ ਨਹੀਂ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਉਹ ਅੱਖਾਂ ਦੀਆਂ ਸਾਕਟਾਂ ਦੇ ਆਲੇ ਦੁਆਲੇ ਹੱਡੀਆਂ ਅਤੇ ਨਰਮ ਟਿਸ਼ੂ ਨੂੰ ਵਧਣ ਵਿੱਚ ਮਦਦ ਕਰਨ ਲਈ ਉਸਨੂੰ ਨਕਲੀ ਅੱਖਾਂ ਦੇਣ 'ਤੇ ਧਿਆਨ ਕੇਂਦਰਤ ਕਰ ਰਹੇ ਹਨ।

ਡਾਕਟਰਾਂ ਨੇ ਕਿਹਾ ਕਿ ਰੇਨਲੀ ਦੀਆਂ ਕੁਝ ਹਫ਼ਤਿਆਂ ਵਿੱਚ ਨਕਲੀ ਅੱਖਾਂ ਨੂੰ ਇਮਪਲਾਂਟ ਕਰਨ ਲਈ ਸਰਜਰੀ ਕੀਤੀ ਜਾਵੇਗੀ। ਐਨੋਫਥਲਮੀਆ ਦੇ ਮਾਹਰਾਂ ਦਾ ਕਹਿਣਾ ਹੈ ਕਿ ਇਸ ਦੇ ਕਾਰਨਾਂ ਨੂੰ ਜਾਣਨਾ ਚਾਹੀਦਾ ਹੈ। ਕੁਝ ਬੱਚਿਆਂ ਨੂੰ ਇਹ ਸਥਿਤੀ ਉਹਨਾਂ ਦੇ ਜੀਨਾਂ ਜਾਂ ਕ੍ਰੋਮੋਸੋਮ ਵਿੱਚ ਤਬਦੀਲੀ ਕਾਰਨ ਹੁੰਦੀ ਹੈ। ਗਰਭ ਅਵਸਥਾ ਦੌਰਾਨ ਆਈਸੋਟਰੇਟੀਨੋਇਨ ਵਰਗੀਆਂ ਦਵਾਈਆਂ ਲੈਣ ਨਾਲ ਵੀ ਐਨੋਫਥੈਲਮੀਆ ਹੋ ਸਕਦਾ ਹੈ। ਗਰਭ ਅਵਸਥਾ ਦੌਰਾਨ ਐਕਸ-ਰੇ ਜਾਂ ਰੇਡੀਏਸ਼ਨ ਦੇ ਹੋਰ ਰੂਪਾਂ ਦੇ ਸੰਪਰਕ ਵਿੱਚ ਆਉਣਾ ਜਾਂ ਦਵਾਈਆਂ ਜਾਂ ਕੀਟਨਾਸ਼ਕ ਰਸਾਇਣਾਂ ਆਦਿ ਦੇ ਸੰਪਰਕ ਵਿੱਚ ਆਉਣਾ ਗਰਭ ਵਿੱਚ ਇਸ ਨੁਕਸ ਦਾ ਕਾਰਨ ਬਣਦਾ ਹੈ।

# ਰਾਸ਼ਟਰਪਤੀ ਚੋਣਾਂ ਚ ਬਾਈਡੇਨ ਦੀ ਉਮਰ ਦਾ ਮੁੱਦਾ ਬਣਿਆ ਚੁਣੌਤੀ, ਹਿਲੇਰੀ ਕਲਿੰਟਨ ਨੇ ਕਿਹਾ- ਪਾਰਟੀ ਨੂੰ ਹਾਰ ਦਾ ਡਰ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਇਕ ਵਾਰ ਫਿਰ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਵਿੱਚ ਹਨ ਪਰ ਉਨ੍ਹਾਂ ਦੀ ਉਮਰ ਦਾ ਮੁੱਦਾ ਹੁਣ ਚੁਣੌਤੀ ਬਣ ਗਿਆ ਹੈ। ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਅਤੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਦੀ ਪਤਨੀ ਹਿਲੇਰੀ ਕਲਿੰਟਨ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਰਾਸ਼ਟਰਪਤੀ ਬਾਈਡੇਨ ਦੀ ਉਮਰ ਦਾ ਮੁੱਦਾ ਡੈਮੋਕ੍ਰੇਟਿਕ ਪਾਰਟੀ ਲਈ ਚਿੰਤਾ ਦਾ ਵਿਸ਼ਾ ਹੈ ਅਤੇ ਪਾਰਟੀ ਨੂੰ ਹਾਰ ਦਾ ਡਰ ਸਤਾ ਰਿਹਾ ਹੈ। ਹਿਲੇਰੀ ਨੇ ਕਿਹਾ ਕਿ ਵ ?ਹਾਈਟ ਹਾਊਸ ਅਤੇ (ਬਾਈਡੇਨ) ਵੀ ਇਸ ਮਾਮਲੇ ਤੋਂ ਜਾਣੂ ਹਨ। ਬਾਈਡੇਨ 81 ਸਾਲ ਦੇ ਹਨ, ਜਦੋਂਕਿ ਉਨ੍ਹਾਂ ਦੇ ਵਿਰੋਧੀ ਟਰੰਪ ਇਸ ਸਮੇਂ 77 ਸਾਲ ਦੇ ਹਨ। ਦਰਅਸਲ, ਵਿਸ਼ੇਸ਼ ਵਕੀਲ ਰਾਬਰਟ ਹੇਰ ਵੱਲੋਂ ਹਾਲ ਹੀ ਵਿੱਚ ਇੱਕ ਰਿਪੋਰਟ ਜਾਰੀ ਕੀਤੀ ਗਈ ਸੀ, ਜਿਸ ਵਿੱਚ ਇਹ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਬਾਈਡੇਨ ਮਾਨਸਿਕ ਅਤੇ ਸਰੀਰਕ ਤੌਰ 'ਤੇ ਸੰਘਰਸ਼ ਕਰ ਰਹੇ ਹਨ। ਇਸ ਲਈ ਉਨ੍ਹਾਂ ਲਈ



ਚੋਣ ਲੜਨਾ ਠੀਕ ਨਹੀਂ ਹੈ। ਉਥੇ ਹੀ ਰਿਪੋਰਟ ਨੂੰ ਖਾਰਜ ਕਰਦਿਆਂ ਬਾਈਡੇਨ ਨੇ ਕਿਹਾ ਸੀ ਕਿ ਉਮਰ ਦੇ ਨਾਲ ਕੁਝ ਸਮੱਸਿਆਵਾਂ ਆਉਂਦੀਆਂ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਫਿੱਟ ਨਹੀਂ ਹਾਂ।

ਇਕ ਤਾਜ਼ਾ ਪੋਲ ਵਿੱਚ ਪਾਇਆ ਗਿਆ ਹੈ ਕਿ 86 ਫ਼ੀਸਦੀ ਅਮਰੀਕੀ ਵੋਟਰਾਂ ਦਾ ਮੰਨਣਾ ਹੈ ਕਿ ਬਾਈਡੇਨ ਰਾਸ਼ਟਰਪਤੀ ਵਜੋਂ ਦੂਜੀ ਵਾਰ ਚੋਣ ਲੜਨ ਲਈ ਬਹੁਤ ਬੁੱਢੇ ਹਨ ਅਤੇ ਵਧੇਰੇ ਚਿੰਤਾ ਵਾਲੀ ਗੱਲ ਇਹ ਹੈ ਕਿ 73 ਫ਼ੀਸਦੀ ਡੈਮੋਕਰੇਟ ਵੋਟਰ ਵੀ ਬਾਈਡੇਨ ਨੂੰ ਬਹੁਤ ਬੁੱਢਾ ਮੰਨਦੇ ਹਨ। ਹਿਲੇਰੀ ਨੇ ਇਹ ਵੀ ਕਿਹਾ ਕਿ ਉਹ 'ਗੁਣਾਂ' ਦੇ ਕਾਰਨ ਦੂਜੇ ਰਾਸ਼ਟਰਪਤੀ ਕਾਰਜਕਾਲ ਲਈ ਬਾਈਡੇਨ ਦੀ ਮੁਹਿੰਮ ਦਾ ਸਮਰਥਨ ਕਰ ਰਹੀ ਹੈ। ਹਿਲੇਰੀ ਨੇ ਕਿਹਾ ਕਿ ਇੱਕ ਵਾਰ ਜਦੋਂ ਤੁਸੀਂ ਇਹ ਕਹਿ ਦਿੰਦੇ ਹੋ, ਤਾਂ ਤੁਹਾਨੂੰ ਇਸ ਬਾਰੇ ਵੀ ਗੱਲ ਕਰਨੀ ਚਾਹੀਦੀ ਹੈ ਕਿ ਇਸ ਚੋਣ ਵਿੱਚ ਕੀ ਦਾਅ 'ਤੇ ਲੱਗਾ ਅਤੇ ਮੈਂ ÷ਗੁਣਾਂ÷ ਦੇ ਕਾਰਨ ਜੋਅ ਬਾਈਡੇਨ ਦੇ ਪੱਖ ਵਿਚ ਹਾਂ। ਮੈਨੂੰ ਲਗਦਾ ਹੈ ਕਿ ਉਸਨੇ ਰਾਸ਼ਟਰਪਤੀ ਵਜੋਂ ਬਹੁਤ ਵਧੀਆ ਕੰਮ ਕੀਤਾ ਹੈ। ਰੁਜ਼ਗਾਰ ਰਾਸ਼ਟਰਪਤੀ ਬਾਈਡੇਨ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਉਨ੍ਹਾਂ ਨੇ ਅਮਰੀਕੀ ਆਰਥਿਕਤਾ ਨੂੰ ਬਚਾਇਆ ਹੈ, ਜਦੋਂ ਦੁਨੀਆ ਦੋ ਵੱਡੀਆਂ ਜੰਗਾਂ ਦਾ ਸਾਹਮਣਾ ਕਰ ਰਹੀ ਸੀ। ਰੂਸ-ਯੂਕ੍ਰੇਨ ਅਤੇ ਇਜ਼ਰਾਈਲ-ਹਮਾਸ ਯੁੱਧਾਂ ਦੇ ਬਾਵਜੂਦ, ਬਾਈਡੇਨ ਦੇ ਪ੍ਰਸ਼ਾਸਨ ਨੇ ਅਮਰੀਕੀ ਆਰਥਿਕਤਾ ਵਿੱਚ ਉਜਰਤਾਂ ਵਿੱਚ ਵਾਧਾ ਅਤੇ ਬੇਰੁਜ਼ਗਾਰੀ ਵਿੱਚ ਗਿਰਾਵਟ ਦੇਖੀ ਹੈ। ਬਾਈਡੇਨ ਨੇ ਪਿਛਲੇ ਮਹੀਨੇ 3.53 ਲੱਖ ਨਵੀਆਂ ਨੌਕਰੀਆਂ ਵੀ ਪੈਦਾ ਕੀਤੀਆਂ ਹਨ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਕੈਂਟ ਸਿਟੀ ਕੌਂਸਲ ਦੀ ਪ੍ਰਧਾਨ ਚੁਣੀ ਗਈ ਭਾਰਤੀ-ਅਮਰੀਕੀ ਸਤਵਿੰਦਰ ਕੌਰ

ਨਿਊਯਾਰਕ : ਵਾਸ਼ਿੰਗਟਨ ਵਿੱਚ ਕੈਂਟ ਸਿਟੀ ਕੌਂਸਲ ਨੇ ਸਰਬਸੰਮਤੀ ਨਾਲ ਭਾਰਤੀ-ਅਮਰੀਕੀ ਸਤਵਿੰਦਰ ਕੌਰ ਨੂੰ 2 ਸਾਲ ਦੇ ਕਾਰਜਕਾਲ ਲਈ ਆਪਣਾ ਪ੍ਰਧਾਨ ਚੁਣ ਲਿਆ ਹੈ ਨਿਊਜ਼ ਆਊਟਲੈਟ ਕੈਂਟ ਰਿਪੋਰਟਰ ਦੇ ਅਨੁਸਾਰ, ਆਪਣੀ ਨਵੀਂ ਭੂਮਿਕਾ ਵਿੱਚ ਕੌਰ ਬਿਲ ਬੋਇਸ ਦੀ ਥਾਂ ਲਵੇਗੀ, ਜਿਨ੍ਹਾਂ ਨੇ ਉਸ ਨੂੰ ਚੋਟੀ ਦੇ ਅਹੁਦੇ ਲਈ ਨਾਮਜ਼ਦ ਕੀਤਾ ਸੀ। ਬੋਇਸ ਨੇ 6 ਫਰਵਰੀ ਦੀ ਮੀਟਿੰਗ ਵਿੱਚ ਕੌਰ ਦੀ ਚੋਣ ਤੋਂ ਬਾਅਦ ਕਿਹਾ, 'ਤੁਹਾਡੇ ਕੋਲ ਕੁਝ ਛੋਟੀਆਂ ਜ਼ਿੰਮੇਵਾਰੀਆਂ ਹਨ। ਮੈਨੂੰ ਯਕੀਨ ਹੈ ਕਿ ਤੁਸੀਂ ਵਧੀਆ ਕੰਮ ਕਰੋਗੇ ਅਤੇ ਅਸੀਂ ਇੱਥੇ ਤੁਹਾਡਾ ਸਮਰਥਨ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਮੌਜੂਦ ਹਾਂ ਕਿ ਤੁਸੀਂ ਬਹੁਤ ਸਫਲ ਬਣੋ।' ਬੋਇਸ ਨੂੰ ਸਲਾਹ ਦੇਣ ਲਈ ਧੰਨਵਾਦ ਕਰਦੇ ਹੋਏ ਕੌਰ ਨੇ ਕਿਹਾ: 'ਮੈਂ ਜਾਣਦੀ ਹਾਂ ਕਿ ਸਾਡਾ ਸਾਰਿਆਂ ਦਾ ਟੀਚਾ ਕਮਿਊਨਿਟੀ ਦੀ ਸੇਵਾ ਕਰਨਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਕੈਂਟ ਸਾਡੇ ਸਾਰਿਆਂ ਲਈ ਇੱਕ ਬਿਹਤਰ ਜਗ੍ਹਾ ਹੈ।' 7 ਮੈਂਬਰੀ ਕੌਂਸਲ ਕੈਂਟ ਸਿਟੀ ਲਈ ਵਿਧਾਨਕ ਸੰਸਥਾ ਹੈ ਅਤੇ ਨੀਤੀਆਂ ਅਤੇ ਨਿਯਮਾਂ ਨੂੰ ਸਥਾਪਤ ਕਰਨ ਤੋਂ ਇਲਾਵਾ, ਇਹ ਵਿੱਤੀ ਖਰਚਿਆਂ ਅਤੇ ਸ਼ਹਿਰ ਦੇ ਦੋ-ਸਾਲਾ ਬਜਟ ਨੂੰ ਮਨਜ਼ੂਰੀ ਦਿੰਦੀ ਹੈ। ਕੌਂਸਲ ਲਈ ਅਧਿਕਾਰਤ ਬੁਲਾਰੇ ਵਜੋਂ ਸੇਵਾ ਕਰਨ ਦੇ ਨਾਲ-ਨਾਲ, ਕੌਰ ਮੇਅਰ ਨਾਲ ਮਿਲ ਕੇ ਕੰਮ ਕਰੇਗੀ ਤਾਂ ਕਿ ਇਹ ਦੇਖਿਆ ਜਾ ਸਕੇ ਕਿ ਕੌਂਸਲ ਮੁੱਦਿਆਂ ਅਤੇ ਪ੍ਰਸਤਾਵਾਂ ਨੂੰ ਕਿਸ ਤਰ੍ਹਾਂ ਦਾ ਸਮਰਥਨ ਦੇਵੇਗੀ।



ਕੈਂਟ ਸਿਟੀ ਕਾਊਂਸਿਲ ਦੀ ਵੈੱਬਸਾਈਟ ਦੇ ਅਨੁਸਾਰ, ਕੌਰ ਕੌਂਸਲ ਵਿੱਚ ਆਪਣੀ ਭੂਮਿਕਾ ਨੂੰ ਇੱਕ ਵਧੀਆ ਸਿੱਖਣ ਦੇ ਮੌਕੇ ਅਤੇ ਸਿਟੀ ਦੀਆਂ ਸਮੱਸਿਆਵਾਂ ਵੱਲ ਨਵੇਂ ਸਿਰੇ ਤੋਂ ਨਜ਼ਰ ਮਾਰਨ ਦੇ ਮੌਕੇ ਵਜੋਂ ਦੇਖਦੀ ਹੈ। ਕੌਰ ਦੇ ਹਵਾਲੇ ਨਾਲ ਵੈੱਬਸਾਈਟ 'ਤੇ ਕਿਹਾ ਗਿਆ ਹੈ, 'ਮੈਂ ਨਵੇਂ ਦ੍ਰਿਸ਼ਟੀਕੋਣ ਲਿਆਉਣਾ ਚਾਹੁੰਦੀ ਹਾਂ, ਜਿਨ੍ਹਾਂ 'ਤੇ ਸ਼ਾਇਦ ਪਹਿਲਾਂ ਵਿਚਾਰ ਨਹੀਂ ਕੀਤਾ ਗਿਆ ਹੋਵੇਗਾ।' ਮੇਅਰ ਦੇ ਦਫ਼ਤਰ ਵਿੱਚ ਇੱਕ ਇੰਟਰਨ ਵਜੋਂ ਕੰਮ ਕਰਨ ਤੋਂ ਬਾਅਦ, ਕੌਰ ਮਹਿਸੂਸ ਕਰਦੀ ਹੈ ਕਿ ਉਸਨੂੰ ਨਿਵਾਸੀ ਮੁੱਦਿਆਂ ਅਤੇ ਚਿੰਤਾਵਾਂ ਦੀ ਚੰਗੀ ਸਮਝ ਹੈ। ਉਨ੍ਹਾਂ ਕਿਹਾ, 'ਕੈਂਟ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਪਰ ਕੈਂਟ ਬਾਰੇ ਬਹੁਤ ਸਾਰੀਆਂ ਚੀਜ਼ਾਂ ਹਨ ਜੋ ਲੋਕ ਨਹੀਂ ਜਾਣਦੇ, ਅਤੇ ਸਾਡੇ ਕੋਲ ਦੱਸਣ ਲਈ ਬਹੁਤ ਸਾਰੀਆਂ ਮਹਾਨ ਕਹਾਣੀਆਂ ਹਨ।' ਵੋਟਰਾਂ ਨੇ ਪਹਿਲੀ ਵਾਰ 2017 ਵਿੱਚ ਕੌਰ ਨੂੰ ਚੁਣਿਆ ਅਤੇ 2021 ਵਿੱਚ ਉਨ੍ਹਾਂ ਨੂੰ 4 ਸਾਲ ਦੇ ਹੋਰ ਕੌਂਸਲ ਕਾਰਜਕਾਲ ਲਈ ਦੁਬਾਰਾ ਚੁਣਿਆ ਗਿਆ, ਜਦੋਂ ਉਹ ਬਿਨਾਂ ਵਿਰੋਧ ਦੇ ਚੁਣੀ ਗਈ।

# ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ 1956 ਵਿੱਚ ਸੋਧ ਕਰਨ ਲਈ ਭਾਰਤ ਦੀ ਮਹਾਂਰਾਸ਼ਟਰ ਸਰਕਾਰ ਦੀ ਅਮਰੀਕਾ ਦੀਆਂ ਸਿਰਮੌਰ ਸਿੱਖ ਸੰਸਥਾਵਾਂ ਵਲੋਂ ਸਖਤ ਨਿੰਦਾ

ਨਿਊਯਾਰਕ/ਅਮਰੀਕਾ : ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ 1956 ਵਿੱਚ ਸੋਧ ਕਰਨ ਲਈ ਭਾਰਤ ਦੀ ਮਹਾਂਰਾਸ਼ਟਰ ਸਰਕਾਰ ਦੀ ਅਮਰੀਕਾ ਦੀਆ ਸਿਰਮੌਰ ਸਿੱਖ ਸੰਸਥਾਵਾਂ ਵਲੋਂ ਸਖਤ ਨਿੰਦਾ ਕੀਤੀ ਗਈ, ਅਮਰੀਕਾ ਵਿਚ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲੀਆਂ ਸਿਰਮੌਰ ਸੰਸਥਾਵਾਂ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ (SCCEC), ਅਤੇ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਨੇ ਅੱਜ ਇੱਕ ਸਾਂਝੇ ਬਿਆਨ ਰਾਹੀਂ, ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ 1956 ਵਿੱਚ ਸੋਧ ਕਰਨ ਲਈ ਭਾਰਤ ਦੀ ਮਹਾਂਰਾਸ਼ਟਰ ਸਰਕਾਰ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ ਜੋ ਕਿ ਮਹਾਂਰਾਸ਼ਟਰ ਸੂਬੇ ਵਿੱਚ ਭਾਰਤ ਦੇ ਦੱਖਣੀ ਹਿੱਸੇ ਵਿੱਚ ਸਥਿਤ ਹੈ। ਮਹਾਂਰਾਸ਼ਟਰ ਮੰਤਰੀ ਮੰਡਲ ਦਾ ਫੈਸਲਾ ਸਿੱਖ ਧਰਮ ਦੇ ਜਾਨ ਤੋਂ ਵੱਧ ਪਿਆਰੇ ਗੁਰਦੁਆਰਿਆਂ ਦੇ ਮਾਮਲਿਆਂ ਵਿੱਚ ਸਿੱਧੀ ਸਰਕਾਰੀ ਦਖਲਅੰਦਾਜ਼ੀ ਨੂੰ ਵਧਾਉਣ ਦਾ ਅਗਲਾ ਕਦਮ ਹੈ ਅਤੇ ਇਸ ਹਰਕਤ ਨੂੰ ਦੁਨੀਆਂ ਭਰ ਵਿੱਚ ਵੱਸਦੇ 30 ਮਿਲੀਅਨ ਸਿੱਖ ਕਦਾਚਿੱਤ ਬਰਦਾਸ਼ਤ ਨਹੀਂ ਕਰਨਗੇ।

ਇਸ ਤਾਜ਼ਾ ਘਟਨਾਕ੍ਰਮ ਸਬੰਧੀ ਐਸ.ਸੀ.ਸੀ.ਈ.ਸੀ. (SCCEC) ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ, "ਇਹ ਫਿਰਕੂ ਆਰਐਸਐਸ-ਭਾਜਪਾ-ਸ਼ਿਵ ਸੈਨਾ ਸਰਕਾਰ ਵੱਲੋਂ ਸਿੱਖਾਂ ਦੇ ਗੁਰਦੁਆਰਿਆਂ ਅਤੇ ਸੰਸਥਾਵਾਂ ਨੂੰ ਆਪਣੇ ਕਬਜ਼ੇ ਵਿੱਚ ਲੈਣ ਅਤੇ ਹਿੰਦੂਤਵ ਦੀ ਅਗਵਾਈ ਵਾਲੇ ਬ੍ਰਾਹਮਣਵਾਦੀ ਏਜੰਡੇ ਨੂੰ ਸਥਾਪਤ ਕਰਨ ਦੀ ਇੱਕ ਕੋਸ਼ੀ ਤੇ ਨੀਵੇਂ ਪੱਧਰ ਦੀ ਕੋਸ਼ਿਸ਼ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਇਸੇ ਤਰ੍ਹਾਂ ਗੁਰਦੁਆਰਿਆਂ ਤੇ ਕਬਜ਼ੇ ਅਤੇ ਹਮਲੇ ਕਰਨ ਵਾਲੀ ਭਾਰਤੀ ਸਟੇਟ ਤੋਂ ਅਜ਼ਾਦ ਹੋ ਕੇ ਸਿੱਖ ਪ੍ਰਭੂਸੱਤਾ ਸੰਪੰਨ ਆਪਣਾ ਦੇਸ਼ ਖਾਲਿਸਤਾਨ ਚਾਹੁੰਦੇ ਹਨ ਜਿੱਥੇ ਕਿ ਉਨ੍ਹਾਂ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ ਤੇ ਸਿੱਖਿਆਵਾਂ ਦੇ ਅਨੁਸਾਰ ਧਾਰਮਿਕ ਆਜ਼ਾਦੀ ਅਤੇ ਖੁੱਲ ਹੋਵੇ।



ਸ੍. ਹਿੰਮਤ ਸਿੰਘ ਕੋਆਰਡੀਨੇਟਰ ਐਸ.ਸੀ.ਈ.ਸੀ



ਡਾ: ਪ੍ਰਿਤਪਾਲ ਸਿੰਘ ਕੋਆਰਡੀਨੇਟਰ ਏ.ਜੀ.ਪੀ.ਸੀ.



ਹਰਜਿੰਦਰ ਸਿੰਘ ਮੀਡੀਆ ਸ. ਸਪੋਕਸਮੈਨ ਐਸ.ਸੀ.ਈ.ਸੀ

ਹਿੰਦੂ ਕੱਟੜਪੰਥੀ ਰਾਜਨੀਤਿਕ ਪਾਰਟੀ ਸ਼ਿਵ ਸੈਨਾ ਦੀ ਅਗਵਾਈ ਵਾਲੀ ਮਹਾਂਰਾਸ਼ਟਰ ਦੀ ਸੂਬਾ ਸਰਕਾਰ ਭਾਰਤ ਦੇ ਹੋਰ ਸੂਬਿਆਂ ਵਿੱਚ ਵੀ ਸਿੱਖ ਗੁਰਦੁਆਰਿਆਂ 'ਤੇ ਸਰਕਾਰੀ ਕਬਜ਼ਾ ਕਰਨ ਤੇ ਕਰਵਾਉਣ ਲਈ ਰਾਹ ਪੱਧਰਾ ਕਰ ਰਹੀ ਹੈ। ਏ.ਜੀ.ਪੀ.ਸੀ. ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਐਸ.ਜੀ.ਪੀ.ਸੀ., ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਵਿਦਵਾਨਾਂ ਨੂੰ ਅਪੀਲ ਕੀਤੀ ਕਿ ਉਹ ਮਹਾਂਰਾਸ਼ਟਰ ਸਰਕਾਰ ਦੇ ਇਸ ਇਕਪਾਸੜ ਕਦਮ ਨੂੰ ਭਾਰਤ ਦੀ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ। SCCEC ਅਤੇ AGPC ਭਾਰਤ ਅੰਦਰ ਧਾਰਮਿਕ ਅਧਿਕਾਰਾਂ ਦੀ ਇਸ ਘੋਰ ਉਲੰਘਣਾ ਦੇ ਮੁੱਦੇ ਨੂੰ ਸੰਯੁਕਤ ਰਾਸ਼ਟਰ ਆਫਿਸ ਆਫ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ (IRF), ਅਤੇ ਯੂਨਾਈਟਡ ਸਟੇਟਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ (USCIRF) ਕੋਲ ਉਠਾਉਣਗੇ।

ਅਸੀਂ ਦੁਨੀਆ ਭਰ ਦੇ ਸਿੱਖਾਂ ਨੂੰ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸੁਚੇਤ ਰਹਿਣ ਅਤੇ ਇਕਜੁੱਟ ਰਹਿਣ ਦਾ ਸੱਦਾ ਦਿੰਦੇ ਹਾਂ। ਆਓ ਅਸੀਂ ਆਪਣੇ ਗੁਰੂਆਂ ਦੁਆਰਾ ਦਰਸਾਏ ਸੱਚ ਅਤੇ ਧਰਮ ਦੇ ਮਾਰਗ 'ਤੇ ਚੱਲੀਏ, ਅਤੇ ਇਹ ਯਕੀਨੀ ਬਣਾਈਏ ਕਿ ਸਾਡੇ ਗੁਰਦੁਆਰੇ ਭਾਰਤੀ ਸਟੇਟ ਦੀਆਂ ਘਿਨਾਉਣੀਆਂ ਕੋਸ਼ਿਸ਼ਾਂ ਦੇ ਬਾਵਜੂਦ ਆਜ਼ਾਦ ਅਤੇ ਪ੍ਰਭੂਸੱਤਾ ਸੰਪੰਨ ਬਣੇ ਰਹਿਣ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਐਸਸੀਸੀਈਸੀ) ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਪ੍ਰਭੂਸੱਤਾ ਸੰਪੰਨ ਸਿੱਖ ਹੋਮਲੈਂਡ ਖਾਲਿਸਤਾਨ ਦੀ ਪ੍ਰਾਪਤੀ ਲਈ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਤੇ ਚੱਲਦਿਆਂ ਹਮੇਸ਼ਾਂ ਵਚਨਬੱਧ ਅਤੇ ਇੱਕਜੁੱਟ ਹਨ।

# ਅਮਰੀਕਾ 'ਚ ਇਕ ਹੋਰ ਭਾਰਤੀ ਦਾ ਕਤਲ, ਝਗੜੇ ਤੋਂ ਬਾਅਦ ਅਣਪਛਾਤੇ ਸ਼ਖ਼ਸ ਨੇ ਕੀਤਾ ਜਾਨਲੇਵਾ ਹਮਲਾ

ਵਾਸ਼ਿੰਗਟਨ : ਵਾਸ਼ਿੰਗਟਨ ਵਿਚ ਇਕ ਰੈਸਟੋਰੈਂਟ ਦੇ ਬਾਹਰ ਹੋਈ ਲੜਾਈ ਦੌਰਾਨ ਕੁੱਟਮਾਰ ਤੋਂ ਬਾਅਦ ਜ਼ਖ਼ਮੀ ਹੋਏ ਭਾਰਤੀ ਮੂਲ ਦੇ 41 ਸਾਲਾ ਵਿਅਕਤੀ ਦੀ ਮੌਤ ਹੋ ਗਈ ਹੈ। ਹਾਲ ਹੀ 'ਚ ਅਮਰੀਕਾ 'ਚ ਭਾਰਤੀ ਮੂਲ ਦੇ ਲੋਕਾਂ 'ਤੇ ਹਮਲਿਆਂ ਦੀਆਂ ਕਈ ਚਿੰਤਾਜਨਕ ਘਟਨਾਵਾਂ ਸਾਹਮਣੇ ਆਈਆਂ ਹਨ। ਜਾਂਚਕਰਤਾਵਾਂ ਨੇ ਦੱਸਿਆ ਕਿ ਅਧਿਕਾਰੀਆਂ ਨੂੰ 2 ਫਰਵਰੀ ਨੂੰ ਤੜਕੇ 2 ਵਜੇ ਦੇ ਕਰੀਬ 'ਫਿਫਟੀਨਥ ਸਟਰੀਟ ਨਾਰਥਵੈਸਟ' ਦੇ 1100 ਬਲਾਕ 'ਤੇ ਸ਼ੋਟੋ ਰੈਸਟੋਰੈਂਟ ਦੇ ਬਾਹਰ ਇਸ ਘਟਨਾ ਦੀ ਸੂਚਨਾ ਮਿਲੀ, ਜਿਸ ਤੋਂ ਬਾਅਦ ਅਧਿਕਾਰੀ ਮੌਕੇ 'ਤੇ ਪਹੁੰਚੇ ਅਤੇ ਵਿਵੇਕ ਤਨੇਜਾ ਨਾਂ ਦੇ ਭਾਰਤੀ ਮੂਲ ਦੇ ਵਿਅਕਤੀ ਨੂੰ ਫੁੱਟਪਾਥ 'ਤੇ ਗੰਭੀਰ ਜ਼ਖ਼ਮੀ ਹਾਲਤ 'ਚ ਪਾਇਆ। ਉਸ ਨੂੰ ਹਸਪਤਾਲ ਲਿਜਾਇਆ ਗਿਆ। ਵਾਸ਼ਿੰਗਟਨ ਡੀਸੀ ਦੇ ਇੱਕ ਟੈਲੀਵਿਜ਼ਨ ਸਟੇਸ਼ਨ ਡਬਲਯੂ.ਯੂ.ਐੱਸ.ਏ. ਅਨੁਸਾਰ, ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਤਨੇਜਾ ਅਤੇ ਇੱਕ ਅਣਪਛਾਤੇ ਵਿਅਕਤੀ ਵਿਚਕਾਰ ਹੋਈ ਬਹਿਸ ਝਗੜੇ ਵਿੱਚ ਬਦਲ ਗਈ ਅਤੇ ਦੋਸ਼ੀ ਨੇ ਤਨੇਜਾ ਨੂੰ ਜ਼ਮੀਨ 'ਤੇ ਸੁੱਟ ਦਿੱਤਾ ਅਤੇ ਫੁੱਟਪਾਥ 'ਤੇ ਉਸਦਾ ਸਿਰ ਮਾਰਿਆ। ਗੰਭੀਰ ਰੂਪ ਨਾਲ ਜ਼ਖ਼ਮੀ ਤਨੇਜਾ ਦੀ ਬੁੱਧਵਾਰ ਨੂੰ ਹਸਪਤਾਲ 'ਚ ਮੌਤ ਹੋ ਗਈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਮੁਲਜ਼ਮ ਦੀ ਭਾਲ ਕਰ ਰਹੀ ਹੈ। ਮੁਲਜ਼ਮ ਦੀ ਫੁਟੇਜ ਸੀ.ਸੀ.ਟੀ.ਵੀ. ਤੋਂ ਹਾਸਲ ਕਰ ਲਈ ਗਈ ਹੈ। ਤਨੇਜਾ 'ਡਾਇਨਾਮੋ ਟੈਕਨਾਲੋਜੀਜ਼' ਦੇ ਸਹਿ-ਸੰਸਥਾਪਕ ਅਤੇ ਚੇਅਰਮੈਨ ਸਨ। ਇਸ ਹਫ਼ਤੇ ਦੇ ਸ਼ੁਰੂ ਵਿਚ ਅਮਰੀਕਾ ਦੇ ਸ਼ਿਕਾਗੋ ਵਿਚ ਭਾਰਤੀ ਵਿਦਿਆਰਥੀ ਸਈਦ ਮਜ਼ਾਹਿਰ ਅਲੀ 'ਤੇ ਲੁਟੇਰਿਆਂ ਨੇ ਹਮਲਾ ਕੀਤਾ ਸੀ। ਇਸ ਤੋਂ ਪਹਿਲਾਂ ਜਾਰਜੀਆ ਦੇ ਲਿਥੋਨੀਆ ਸ਼ਹਿਰ ਵਿੱਚ ਇੱਕ ਨਸ਼ੇੜੀ ਵਿਅਕਤੀ ਨੇ 25 ਸਾਲਾ ਭਾਰਤੀ ਵਿਦਿਆਰਥੀ ਵਿਵੇਕ ਸੈਣੀ ਦੀ ਹਥੌੜੇ ਨਾਲ ਵਾਰ ਕਰਕੇ ਹੱਤਿਆ ਕਰ ਦਿੱਤੀ ਸੀ। ਇਸ ਸਾਲ ਅਮਰੀਕਾ ਵਿੱਚ ਭਾਰਤੀ ਮੂਲ ਦੇ 4 ਹੋਰ ਵਿਦਿਆਰਥੀਆਂ ਦੀ ਵੀ ਮੌਤ ਹੋਈ ਹੈ।



# ਗੁਜਰਾਤੀ ਮੂਲ ਦੀ ਭਾਰਤੀ ਡੈਮੋਕਰੇਟਿਕ ਭਵਿਨੀ ਪਟੇਲ ਲੜੇਗੀ ਅਮਰੀਕੀ ਸੰਸਦੀ ਚੋਣ

ਵਾਸ਼ਿੰਗਟਨ : ਪੈਨਸਿਲਵੇਨੀਆ ਸੂਬੇ 'ਚ ਗੁਜਰਾਤੀ ਮੂਲ ਦੀ ਭਵਿਨੀ ਪਟੇਲ ਨੇ ਅਮਰੀਕੀ ਕਾਂਗਰਸ ਦੇ ਹੇਠਲੇ ਸਦਨ ਲਈ ਪਹਿਲਾਂ ਚੋਣ ਲੜੀ ਹੈ। ਹੁਣ ਉਹ ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਪੈਨਸਿਲਵੇਨੀਆ ਸੂਬੇ ਦੀ 12ਵੀਂ ਜ਼ਿਲ੍ਹਾ ਸੀਟ ਤੋਂ ਪ੍ਰਤੀਨਿਧੀ ਸਭਾ ਲਈ ਚੋਣ ਲੜ ਰਹੀ ਹੈ। ਭਵਿਨੀ ਪਟੇਲ ਦੇ ਮਾਤਾ-ਪਿਤਾ ਗੁਜਰਾਤ ਭਾਰਤ ਤੋਂ ਅਮਰੀਕਾ ਆ ਕੇ ਵੱਸੇ ਸਨ। ਭਵਿਨੀ ਦਾ ਜਨਮ ਅਮਰੀਕਾ ਵਿੱਚ ਹੀ ਹੋਇਆ ਸੀ। 30 ਸਾਲਾ ਭਵਿਨੀ ਪਟੇਲ ਨੇ ਆਕਸਫੋਰਡ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਹੈ।

ਭਵਿਨੀ ਪਟੇਲ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਇੱਕ ਫੂਡ ਟਰੱਕ ਨਾਲ ਕੀਤੀ ਸੀ। ਇੰਡੀਆ ਆਨ ਵ੍ਹੀਲਜ਼ ਨਾਮ ਦੇ ਫੂਡ ਟਰੱਕ ਨਾਲ ਸੰਘਰਸ਼ ਕਰਨ ਤੋਂ ਬਾਅਦ ਭਵਿਨੀ ਨੇ ਇੱਕ ਟੈਕਨਾਲੋਜੀ ਸਟਾਰਟਅੱਪ ਸ਼ੁਰੂ ਕੀਤਾ। ਸ਼ੁਰੂਆਤ ਵਿੱਚ ਉਹ ਸਫਲ ਰਹੀ। ਹੁਣ ਭਵਿਨੀ ਨੇ ਰਾਜਨੀਤੀ 'ਚ ਐਂਟਰੀ ਕਰ ਲਈ ਹੈ। ਉਹ ਡੈਮੋਕ੍ਰੇਟਿਕ ਪਾਰਟੀ ਦੀ ਤਰਫੋਂ ਪੈਨਸਿਲਵੇਨੀਆ ਸੂਬੇ ਦੀ 12ਵੀਂ ਜ਼ਿਲ੍ਹਾ ਸੀਟ ਤੋਂ ਪ੍ਰਤੀਨਿਧੀ ਸਭਾ ਲਈ ਚੋਣ ਲੜ ਰਹੀ ਹੈ। ਅਮਰੀਕੀ ਕਾਂਗਰਸ ਦੇ ਇਸ ਹੇਠਲੇ ਸਦਨ 'ਚ ਸਮਰ ਲੀ ਡੈਮੋਕ੍ਰੇਟਿਕ ਪਾਰਟੀ ਦੀ ਸੰਸਦ ਮੈਂਬਰ ਸੀ ਪਰ ਉਨ੍ਹਾਂ ਦੀ ਲੋਕਪ੍ਰਿਅਤਾ 'ਚ ਕਮੀ ਆਈ ਹੈ ਕਿਉਂਕਿ ਅਮਰੀਕੀ ਨੀਤੀ ਨਾਲ ਜੁੜੇ ਕੁਝ ਮੁੱਦਿਆਂ 'ਤੇ ਉਨ੍ਹਾਂ ਦੀ ਰਾਏ ਸਥਾਨਕ ਲੋਕਾਂ ਨੂੰ ਪਸੰਦ ਨਹੀਂ ਹੈ। ਇਸ ਕਾਰਨ ਭਵਿਨੀ ਪਟੇਲ ਦੀ ਉਮੀਦਵਾਰੀ ਦਾ ਰਾਹ ਪੱਧਰਾ ਹੋ ਗਿਆ। ਇਹ ਚੋਣ 23 ਅਪ੍ਰੈਲ ਨੂੰ ਹੋਵੇਗੀ। ਭਵਿਨੀ ਪਟੇਲ ਨੇ ਆਪਣਾ ਚੋਣ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ ਹੈ। ਗੁਜਰਾਤੀ ਮੂਲ ਦੀ ਇਸ ਲੜਕੀ ਨੇ ਚੋਣ ਲਈ 3 ਲੱਖ ਡਾਲਰ ਦੀ ਰਕਮ ਵੀ ਇਕੱਠੀ ਕੀਤੀ ਹੈ। ਇਸ ਨੂੰ ਪਹਿਲਾਂ ਹੀ ਇੱਥੋਂ ਦੇ ਮੇਅਰ ਸਮੇਤ 33 ਸਥਾਨਕ ਅਧਿਕਾਰੀਆਂ ਦਾ ਸਮਰਥਨ ਮਿਲ ਚੁੱਕਾ ਹੈ।



# ਭਾਰਤੀ ਮੂਲ ਦੇ ਰਾਜਸੀ ਆਗੂ ਅਮੀਸ਼ ਸ਼ਾਹ ਨੇ ਐਰੀਜ਼ੋਨਾ ਵਿਧਾਨ ਸਭਾ ਤੋਂ ਦਿੱਤਾ ਅਸਤੀਫਾ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕਾਂਗਰਸ ਸੀਟ ਲਈ ਜੋਰ ਅਜਮਾਈ ਕਰ ਰਹੇ ਭਾਰਤੀ-ਅਮਰੀਕੀ ਅਮੀਸ਼ ਸ਼ਾਹ ਨੇ ਐਰੀਜ਼ੋਨਾ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ ਹੈ। 46 ਸਾਲਾ ਸ਼ਾਹ ਨੇ ਪਿਛਲੇ ਸਾਲ ਡੈਮੋਕਰੈਟਿਕ ਉਮੀਦਵਾਰ ਵਜੋਂ ਰਾਜ ਦੇ ਫਸਟ ਕਾਂਗਰੈਸ਼ਨਲ ਡਿਸਟ੍ਰਿਕਟ ਤੋਂ ਉਮੀਦਵਾਰੀ ਦੀ ਦੌੜ ਵਿਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਸੀ ਜੋ ਸੀਟ ਇਸ ਸਮੇ ਰਿਪਬਲੀਕਨ ਆਗੂ ਡੇਵਿਡ ਸ਼ਵੀਕਰਟ ਕੋਲ ਹੈ। ਇਸ ਸੀਟ ਤੋਂ ਸ਼ਾਹ ਜੋ ਪਿਛਲੇ 15 ਸਾਲਾਂ ਤੋਂ ਡਾਕਟਰੀ ਖੇਤਰ ਵਿਚ ਸੇਵਾਵਾਂ ਨਿਭਾਅ ਰਹੇ ਹਨ ਤੋਂ ਇਲਾਵਾ 6 ਹੋਰ ਡੈਮੋਕਰੈਟਿਕ ਉਮੀਦਵਾਰ ਵਜੋਂ ਨਾਮਜ਼ਦਗੀ ਦੌੜ ਵਿਚ ਸ਼ਾਮਲ ਹਨ। ਸ਼ਾਹ ਨੇ ਕਿਹਾ ਹੈ ਕਿ ਜੇਕਰ ਉਹ ਸਫਲ ਹੁੰਦੇ ਹਨ ਤਾਂ ਹੋਰ ਮੁੱਦਿਆਂ ਤੋਂ ਇਲਾਵਾ ਸਿੱਖਿਆ, ਸਰਵ ਵਿਆਪਕ ਸਿਹਤ ਸੰਭਾਲ, ਵਰਕਰਾਂ ਲਈ ਉਚਿੱਤ ਮਜਦੂਰੀ ਤੇ ਗਰਭਪਾਤ ਪਹੁੰਚ ਉਨਾਂ ਦੇ ਮੁੱਖ ਮੁੱਦੇ ਹੋਣਗੇ।



# ਹਿੰਦ-ਪ੍ਰਸ਼ਾਂਤ ਖੇਤਰ ਨੂੰ ਮੁਕਤ, ਸੁਰੱਖਿਅਤ ਅਤੇ ਖੁਸ਼ਹਾਲ ਬਣਾਉਣ 'ਚ ਮਾਲਦੀਵ ਇੱਕ ਮਹੱਤਵਪੂਰਨ ਭਾਈਵਾਲ: ਅਮਰੀਕਾ

ਵਾਸ਼ਿੰਗਟਨ: ਹਿੰਦ ਪ੍ਰਸ਼ਾਂਤ ਖੇਤਰ ਨੂੰ ਮੁਕਤ, ਖੁੱਲ੍ਹਾ, ਸੁਰੱਖਿਅਤ ਅਤੇ ਖੁਸ਼ਹਾਲ ਬਣਾਉਣ ਵਿਚ ਮਾਲਦੀਵ ਨੂੰ ਇਕ ਮਹੱਤਵਪੂਰਨ ਹਿੱਸੇਦਾਰ ਦੱਸਦੇ ਹੋਏ ਅਮਰੀਕਾ ਨੇ ਵੀਰਵਾਰ ਨੂੰ ਕਿਹਾ ਕਿ ਉਹ ਦੱਖਣੀ ਏਸ਼ੀਆਈ ਟਾਪੂ ਦੇਸ਼ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਦੱਖਣੀ ਅਤੇ ਮੱਧ ਏਸ਼ੀਆ ਲਈ ਅਮਰੀਕਾ ਦੇ ਸਹਾਇਕ ਵਿਦੇਸ਼ ਮੰਤਰੀ ਡੋਨਾਲਡ ਲੂ ਨੇ ਹਾਲ ਹੀ ਵਿਚ ਮਾਲਦੀਵ ਦੀ ਨਵੀਂ ਸਰਕਾਰ ਅਤੇ ਸਿਵਲ ਸੁਸਾਇਟੀ ਨਾਲ ਗੱਲਬਾਤ ਕਰਨ ਲਈ ਟਾਪੂ ਦੇਸ਼ ਦਾ ਦੌਰਾ ਕੀਤਾ ਸੀ। ਵਿਦੇਸ਼ ਵਿਭਾਗ ਦੇ ਬੁਲਾਰੇ ਨੇ 29 ਤੋਂ 31 ਜਨਵਰੀ ਤੱਕ ਸਹਾਇਕ ਵਿਦੇਸ਼ ਮੰਤਰੀ ਦੇ ਦੌਰੇ ਬਾਰੇ ਪੁੱਛੇ ਜਾਣ 'ਤੇ ਦੱਸਿਆ ਕਿ ਅਮਰੀਕਾ, ਮਾਲਦੀਵ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ, ਜੋ ਹਿੰਦ-ਪ੍ਰਸ਼ਾਂਤ ਖੇਤਰ ਨੂੰ ਮੁਕਤ, ਖੁੱਲ੍ਹਾ, ਸੁਰੱਖਿਅਤ ਅਤੇ ਖੁਸ਼ਹਾਲ ਬਣਾਉਣ ਵਿੱਚ ਇੱਕ ਮਹੱਤਵਪੂਰਨ ਭਾਈਵਾਲ ਹੈ। ਮਾਲਦੀਵ ਵਿੱਚ, ਲੂ ਨੇ ਰੱਖਿਆ ਸਹਿਯੋਗ, ਆਰਥਿਕ ਵਿਕਾਸ ਅਤੇ ਲੋਕਤੰਤਰਿਕ ਸ਼ਾਸਨ ਸਮੇਤ ਸਾਂਝੀਆਂ ਤਰਜੀਹਾਂ 'ਤੇ ਚਰਚਾ ਕਰਨ ਲਈ ਮੁਹੰਮਦ ਮੁਈਜ਼ੂ ਅਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਬੁਲਾਰੇ ਨੇ ਕਿਹਾ, "ਉਨ੍ਹਾਂ ਨੇ ਮਾਲਦੀਵ 'ਚ ਅਮਰੀਕੀ ਦੂਤਘਰ ਦੀ ਸਥਾਪਨਾ ਕਰਨ ਨੂੰ ਲੈ ਕੇ ਪ੍ਰਗਤੀ 'ਤੇ ਵੀ ਚਰਚਾ ਕੀਤੀ, ਜਿਸ ਨਾਲ ਸਾਡੀ ਭਾਈਵਾਲੀ ਅਤੇ ਲੋਕਾਂ ਵਿਚਾਲੇ ਸਬੰਧਾਂ ਨੂੰ ਮਜ਼ਬੂਤੀ ਪ੍ਰਦਾਨ ਕਰਨ 'ਚ ਮਦਦ ਮਿਲੇਗੀ।" ਬੁਲਾਰੇ ਨੇ ਕਿਹਾ ਕਿ ਲੂ ਨੇ ਮਾਲਦੀਵ ਵਿੱਚ ਲੋਕਤੰਤਰੀ ਸ਼ਾਸਨ ਅਤੇ ਪਾਰਦਰਸ਼ਤਾ ਬਾਰੇ ਚਰਚਾ ਕਰਨ ਲਈ ਸਿਵਲ ਸੁਸਾਇਟੀ ਦੇ ਮੈਂਬਰਾਂ ਅਤੇ ਉੱਚ ਸਿੱਖਿਆ ਅਧਿਕਾਰੀਆਂ ਨਾਲ ਵੀ ਮੁਲਾਕਾਤ ਕੀਤੀ।



# ਭਾਰਤ ਰੂਸ ਦੇ ਕਰੀਬ, ਉਸ ਨੂੰ ਅਮਰੀਕੀ ਲੀਡਰਸ਼ਿਪ 'ਤੇ ਨਹੀਂ ਭਰੋਸਾ : ਨਿੱਕੀ ਹੈਲੀ



ਵਾਸ਼ਿੰਗਟਨ : ਅਮਰੀਕਾ 'ਚ ਰਾਸ਼ਟਰਪਤੀ ਅਹੁਦੇ ਲਈ ਰਿਪਬਲਿਕਨ ਪਾਰਟੀ ਦੀ ਉਮੀਦਵਾਰ ਬਣਨ ਦੀ ਦੌੜ 'ਚ ਸ਼ਾਮਲ ਭਾਰਤੀ ਮੂਲ ਦੀ ਨਿੱਕੀ ਹੈਲੀ ਨੇ ਬੁੱਧਵਾਰ ਨੂੰ ਕਿਹਾ ਕਿ ਭਾਰਤ ਅਮਰੀਕਾ ਦਾ ਭਾਈਵਾਲ ਤਾਂ ਬਣਨਾ ਚਾਹੁੰਦਾ ਹੈ ਪਰ ਫਿਲਹਾਲ ਉਹ ਅਗਵਾਈ ਕਰਨ ਦੇ ਲਿਹਾਜ਼ ਨਾਲ ਅਮਰੀਕੀਆਂ 'ਤੇ ਭਰੋਸਾ ਨਹੀਂ ਕਰਦਾ। ਭਾਰਤੀ-ਅਮਰੀਕੀ ਹੈਲੀ ਨੇ ਕਿਹਾ ਕਿ ਮੌਜੂਦਾ ਗਲੋਬਲ ਹਾਲਾਤ ਵਿਚ ਭਾਰਤ ਨੇ ਬਹੁਤ ਹੁਸ਼ਿਆਰੀ ਦਿਖਾਈ ਹੈ ਅਤੇ ਰੂਸ ਨਾਲ ਨੇੜਲੇ ਸਬੰਧਾਂ ਨੂੰ ਬਣਾਈ ਰੱਖਿਆ ਹੈ। ਹੈਲੀ ਨੇ 'ਫਾਕਸ ਬਿਜ਼ਨੈੱਸ ਨਿਊਜ਼' ਨੂੰ ਦਿੱਤੇ ਇੰਟਰਵਿਊ 'ਚ ਕਿਹਾ ਕਿ ਮੌਜੂਦਾ ਸਮੇਂ 'ਚ ਭਾਰਤ ਅਮਰੀਕਾ ਨੂੰ ਕਮਜ਼ੋਰ ਸਮਝਦਾ ਹੈ। ਉਨ੍ਹਾਂ ਕਿਹਾ, 'ਮੈਂ ਵੀ ਭਾਰਤ ਨਾਲ ਕੰਮ ਕੀਤਾ ਹੈ। ਮੈਂ ਮੋਦੀ ਨਾਲ ਗੱਲਬਾਤ ਕੀਤੀ ਹੈ। ਭਾਰਤ ਸਾਡਾ ਭਾਈਵਾਲ ਬਣਨਾ ਚਾਹੁੰਦਾ ਹੈ। ਉਹ ਰੂਸ ਦੇ ਭਾਈਵਾਲ ਨਹੀਂ ਬਣਨਾ ਚਾਹੁੰਦੇ।' ਇਕ ਸਵਾਲ ਦੇ ਜਵਾਬ ਵਿਚ ਹੈਲੀ ਨੇ ਕਿਹਾ ਕਿ ਸਮੱਸਿਆ ਇਹ ਹੈ ਕਿ ਭਾਰਤ ਸਾਡੀ ਜਿੱਤ ਨੂੰ ਲੈ ਕੇ ਦੁਚਿੱਤੀ ਵਿਚ ਹੈ, ਉਹ ਲੀਡਰਸ਼ਿਪ ਲਈ ਸਾਡੇ 'ਤੇ ਭਰੋਸਾ ਨਹੀਂ ਕਰਦਾ। ਇਸ ਸਮੇਂ ਉਨ੍ਹਾਂ ਨੂੰ ਲੱਗਦਾ ਹੈ ਕਿ ਅਸੀਂ ਕਮਜ਼ੋਰ ਹਾਂ। ਭਾਰਤ ਨੇ ਹਮੇਸ਼ਾ ਹੁਸ਼ਿਆਰੀ ਨਾਲ ਕੰਮ ਕੀਤਾ ਹੈ ਅਤੇ ਉਸ ਨੇ ਰੂਸ ਨਾਲ ਕਰੀਬੀ ਸਬੰਧ ਬਣਾਈ ਰੱਖੇ, ਕਿਉਂਕਿ ਉਨ੍ਹਾਂ ਨੂੰ ਉੱਥੋਂ ਬਹੁਤ ਸਾਰਾ ਫੌਜੀ ਸਾਜ਼ੋ-ਸਾਮਾਨ ਮਿਲਦਾ ਹੈ।" ਹੈਲੀ ਨੇ ਕਿਹਾ ਕਿ ਜਦੋਂ ਅਸੀਂ ਦੁਬਾਰਾ ਅਗਵਾਈ ਕਰਾਂਗੇ, ਜਦੋਂ ਅਸੀਂ ਕਮੀਆਂ ਨੂੰ ਦੂਰ ਕਰਾਂਗੇ, ਕਿਸੇ ਸਮੱਸਿਆ ਜਾਂ ਹਾਲਾਤ ਨੂੰ ਸਵੀਕਾਰ ਕਰਨ ਦੀ ਝਿਜਕ ਛੱਡਾਂਗੇ, ਤਾਂ ਹੀ ਸਾਡੇ ਦੋਸਤ ਭਾਰਤ, ਆਸਟਰੇਲੀਆ, ਨਿਊਜ਼ੀਲੈਂਡ, ਇਜ਼ਰਾਈਲ, ਜਾਪਾਨ, ਦੱਖਣੀ ਕੋਰੀਆ ਅਜਿਹਾ ਕਰਨਗੇ। ਸਾਰੇ ਅਜਿਹਾ ਹੀ ਕਰਨਾ ਚਾਹੁੰਦੇ ਹਨ। ਜਾਪਾਨ ਨੇ ਚੀਨ 'ਤੇ ਨਿਰਭਰਤਾ ਘੱਟ ਕਰਨ ਲਈ ਅਰਬਾਂ ਡਾਲਰ ਦੀ ਪ੍ਰੋਤਸਾਹਨ ਰਾਸ਼ੀ ਜੁਟਾਈ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਨੇ ਵੀ ਚੀਨ 'ਤੇ ਨਿਰਭਰਤਾ ਘਟਾਉਣ ਲਈ ਅਰਬਾਂ ਡਾਲਰ ਦੀ ਪ੍ਰੋਤਸਾਹਨ ਰਾਸ਼ੀ ਇਕੱਠੀ ਕੀਤੀ ਹੈ। ਚੀਨ ਆਰਥਿਕ ਮੋਰਚੇ 'ਤੇ ਕਾਮਯਾਬ ਨਹੀਂ ਹੈ ਅਤੇ ਅਮਰੀਕਾ ਨਾਲ ਜੰਗ ਦੀ ਤਿਆਰੀ ਵਿਚ ਹੈ ਅਤੇ ਇਥੇ ਉਹ (ਚੀਨ) ਗਲਤੀ ਕਰ ਰਿਹਾ ਹੈ।

# ਚੀਨੀ ਪ੍ਰਵਾਸੀ, ਮੈਕਸੀਕੋ ਤੋਂ ਅਮਰੀਕਾ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ ਵਾਲਾ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਸਮੂਹ



ਵਾਸ਼ਿੰਗਟਨ : ਯੂ.ਐੱਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਨੇ ਪਿਛਲੇ ਸਾਲ ਮੈਕਸੀਕੋ ਤੋਂ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਨੂੰ ਹਿਰਾਸਤ ਵਿੱਚ ਲੈਣ ਜਾਂ ਵਾਪਸ ਭੇਜਣ ਦੇ ਢਾਈ ਲੱਖ ਮਾਮਲੇ ਦਰਜ ਕੀਤੇ ਹਨ। ਇਨ੍ਹਾਂ ਵਿੱਚੋਂ ਮੈਕਸੀਕੋ ਤੋਂ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਨ ਵਾਲਾ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਸਮੂਹ ਚੀਨੀ ਪ੍ਰਵਾਸੀਆਂ ਦਾ ਹੈ। ਇਕ ਰਿਪੋਰਟ ਵਿਚ ਇਸ ਗੱਲ ਨੂੰ ਉਜਾਗਰ ਕੀਤਾ ਗਿਆ ਕਿ ਕਿਵੇਂ ਮੱਧ-ਸ਼੍ਰੇਣੀ ਦੇ ਵਿਅਕਤੀਆਂ ਸਮੇਤ ਚੀਨੀ ਪ੍ਰਵਾਸੀ ਸੈਨ ਡਿਏਗੋ ਦੇ ਨੇੜੇ ਸਰਹੱਦੀ ਵਾੜ ਦੇ ਗੈਪ (ਅੰਤਰਾਲ) ਰਾਹੀਂ ਅਮਰੀਕਾ ਵਿੱਚ ਦਾਖ਼ਲ ਹੁੰਦੇ ਹਨ। ਗੈਰ-ਕਾਨੂੰਨੀ ਐਂਟਰੀਵੇਅ ਅਮਰੀਕਾ ਵਿੱਚ ਰਹਿਣ ਦੀ ਉਮੀਦ ਰੱਖਣ ਵਾਲਿਆਂ ਲਈ ਇੱਕ ਨਵਾਂ ਰਸਤਾ ਹੈ। ਇਕ ਇੰਟਰਵਿਊ ਵਿਚ ਪ੍ਰਵਾਸੀਆਂ ਨੇ ਕਿਹਾ ਕਿ ਉਨ੍ਹਾਂ ਨੇ ਦਿਸ਼ਾ-ਨਿਰਦੇਸ਼ ਪ੍ਰਾਪਤ ਕਰਨ, ਕਥਿਤ ਸਮੱਗਲਰਾਂ ਨਾਲ ਸੰਪਰਕ ਸਥਾਪਤ ਕਰਨ ਅਤੇ ਸਰਹੱਦੀ ਕੰਧ ਵਿਚਲੇ ਗੈਪ ਤੱਕ ਪਹੁੰਚਣ ਦੇ ਤਰੀਕਿਆਂ ਦੇ ਬਾਰੇ ਵਿਚ ਨਿਰਦੇਸ਼ ਪ੍ਰਾਪਤ ਕਰਨ ਲਈ ਪਲੇਟਫਾਰਮ ਡੂਯਿਨ (ਟਿੱਕਟੋਕ ਦੇ ਚੀਨੀ ਸੰਸਕਰਣ) ਦੀ ਵਰਤੋਂ ਕੀਤੀ। ਕੁਝ ਪ੍ਰਵਾਸੀਆਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਖ਼ਤਰਨਾਕ ਯਾਤਰਾ ਕੀਤੀ, ਜਦੋਂ ਕਿ ਕੁਝ ਨੇ ਚੀਨ ਤੋਂ ਇਕਵਾਡੋਰ ਲਈ ਉਡਾਣ ਭਰੀ, ਕਿਉਂਕਿ ਇਸ ਵਿਚ ਚੀਨੀ ਨਾਗਰਿਕਾਂ ਲਈ ਵੀਜ਼ੇ ਦੀ ਲੋੜ ਨਹੀਂ ਹੈ। ਫਿਰ ਮੈਕਸੀਕੋ ਦੇ ਟਿਜੁਆਨਾ ਲਈ ਉਡਾਣਾਂ ਲਈਆਂ। ਕੁਝ ਪ੍ਰਵਾਸੀਆਂ ਦੇ ਅਨੁਸਾਰ, ਉਹ ਟਿਜੁਆਨਾ ਵਿੱਚ ਤਸਕਰਾਂ ਨਾਲ 400 ਡਾਲਰ ਦੀ ਫੀਸ ਦੇ ਕੇ ਜੁੜੇ ਸਨ, ਤਾਂ ਜੋ ਤਸਕਰ ਉਹਨਾਂ ਨੂੰ ਸਰਹੱਦੀ ਖੇਤਰ ਤੱਕ ਪਹੁੰਚਾ ਦੇਣ। ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀਬੀਪੀ) ਦੇ ਡਾਟਾ ਤੋਂ ਹਾਲ ਹੀ ਵਿੱਚ ਪਤਾ ਲੱਗਾ ਹੈ ਕਿ ਵਿੱਤੀ ਸਾਲ 2024 ਦੇ ਪਹਿਲੇ ਕੁਝ ਮਹੀਨਿਆਂ ਵਿੱਚ ਯੂ.ਐੱਸ.-ਮੈਕਸੀਕੋ ਸਰਹੱਦ 'ਤੇ ਲਗਭਗ 15,700 ਚੀਨੀ ਪ੍ਰਵਾਸੀ ਆ ਚੁੱਕੇ ਹਨ। ਇਹ ਸੰਖਿਆ ਪਿਛਲੇ ਵਿੱਤੀ ਸਾਲ ਦੇ 14,600 ਦੇ ਅੰਕੜੇ ਨੂੰ ਪਾਰ ਕਰ ਗਈ ਹੈ। ਯੂ.ਐੱਸ. ਬਾਰਡਰ ਪੈਟਰੋਲ ਦੇ ਅਨੁਸਾਰ, ਉਹਨਾਂ ਕੋਲ ਪ੍ਰਵਾਸੀਆਂ ਨੂੰ ਗੈਪ 'ਤੇ ਰੋਕਣ ਲਈ ਅਧਿਕਾਰ ਨਹੀਂ ਹੈ ਅਤੇ ਇਸ ਨੂੰ ਬੰਦ ਕਰਨ ਲਈ ਕਾਂਗਰਸ ਦੀ ਫੰਡਿੰਗ ਦੀ ਲੋੜ ਪਵੇਗੀ। ਬਹੁਤ ਸਾਰੇ ਪ੍ਰਵਾਸੀਆਂ ਕਿਹਾ ਕਿ ਉਨ੍ਹਾਂ ਆਰਥਿਕ ਮੁਸ਼ਕਲਾਂ, ਰਾਜਨੀਤਿਕ ਮਾਹੌਲ ਅਤੇ ਵੀਜ਼ਾ ਪ੍ਰਾਪਤ ਕਰਨ ਵਿੱਚ ਮੁਸ਼ਕਲ ਕਾਰਨ ਚੀਨ ਨੂੰ ਛੱਡਿਆ ਹੈ। ਸਰਹੱਦ ਪਾਰ ਕਰਨ ਤੋਂ ਬਾਅਦ, ਪ੍ਰਵਾਸੀ ਯੂ.ਐੱਸ. ਬਾਰਡਰ ਪੈਟਰੋਲ ਦੇ ਸਾਹਮਣੇ ਆਤਮ-ਸਮਰਪਣ ਕਰ ਦਿੰਦੇ ਹਨ, ਜਿੱਥੇ ਉਨ੍ਹਾਂ 'ਤੇ ਕਾਰਵਾਈ ਕੀਤੀ ਜਾਂਦੀ ਹੈ ਅਤੇ ਅਕਸਰ 72 ਘੰਟਿਆਂ ਦੇ ਅੰਦਰ ਰਿਹਾਅ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਵਿੱਚੋਂ ਬਹੁਤ ਸਾਰੇ ਜਲਦੀ ਹੀ ਸ਼ਰਨ ਮੰਗ ਲੈਂਦੇ ਹਨ। ਨਿਆਂ ਵਿਭਾਗ ਦੇ ਅਨੁਸਾਰ, ਪਿਛਲੇ ਸਾਲ 55 ਫ਼ੀਸਦੀ ਚੀਨੀ ਪ੍ਰਵਾਸੀਆਂ ਨੂੰ ਸ਼ਰਨ ਦਿੱਤੀ ਗਈ ਸੀ। ਸੀ.ਬੀ.ਪੀ. ਨੇ ਹਾਲ ਹੀ ਵਿੱਚ ਰਿਪੋਰਟ ਦਿੱਤੀ ਸੀ ਕਿ ਪਿਛਲੇ ਸਾਲ ਸਰਹੱਦ ਪਾਰ ਕਰਨ ਤੋਂ ਬਾਅਦ 37,000 ਚੀਨੀ ਨਾਗਰਿਕਾਂ ਨੂੰ ਫੜਿਆ ਗਿਆ ਸੀ। ਹਾਲਾਂਕਿ, ਯੂ.ਐੱਸ. ਇਮੀਗ੍ਰੇਸ਼ਨ ਅਦਾਲਤਾਂ ਦੁਆਰਾ ਛੱਡਣ ਦੇ ਆਦੇਸ਼ ਦਿੱਤੇ ਜਾਣ ਦੇ ਬਾਵਜੂਦ, ਚੀਨ ਵੱਲੋਂ ਆਪਣੇ ਨਾਗਰਿਕਾਂ ਨੂੰ ਵਾਪਸ ਲੈਣ ਤੋਂ ਇਨਕਾਰ ਕਰਨ ਦੇ ਕਾਰਨ ਬਹੁਤ ਸਾਰੇ ਲੋਕ ਉੱਥੇ ਹੀ ਰਹਿ ਗਏ।




# ਰੁਜ਼ਗਾਰ ਦੇ ਮਾਮਲੇ 'ਚ ਸਰਕਾਰ ਦੀਆਂ ਕੋਸ਼ਿਸ਼ਾਂ ਬਹੁਤਾ ਅਸਰ ਨਹੀਂ ਦਿਖਾ ਰਹੀਆਂ

ਦੇਸ਼ ਦੀ ਨੌਜਵਾਨੀ ਨੂੰ ਦਰਪੇਸ਼ ਸੰਕਟ ਦਾ ਕੋਈ ਨਾ ਕੋਈ ਹੱਲ ਜਾਂ ਵਿਉਂਤਬੰਦੀ ਕਰਨੀ ਸਮੇਂ ਦੀ ਮੁੱਖ ਲੋੜ ਹੈ। ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ। ਪਿਛਲੇ ਅਨੁਮਾਨਾਂ ਮੁਤਾਬਕ 40 ਸਾਲ ਤੋਂ ਘੱਟ ਉਮਰ ਦੇ ਨੌਜਵਾਨ ਵਰਗ ਦੀ ਆਬਾਦੀ 67 ਪ੍ਰਤੀਸ਼ਤ ਦੇ ਲਗਪਗ ਹੈ ਅਤੇ 25 ਸਾਲ ਤੋਂ ਹੇਠਾਂ ਉਮਰ ਵਾਲੀ ਆਬਾਦੀ 50 ਪ੍ਰਤੀਸ਼ਤ ਹੋ ਗਈ ਹੈ। ਇਹ ਮਸਲਾ ਦਿਨੋ-ਦਿਨ ਗੰਭੀਰ ਹੁੰਦਾ ਜਾ ਰਿਹਾ ਹੈ ਅਤੇ ਮੌਜੂਦਾ ਸਮੇਂ ਵਿਚ ਕੇਂਦਰ 'ਚ ਸੱਤਾਧਾਰੀ ਪਾਰਟੀ ਜਦੋਂ ਸੱਤਾ ਵਿਚ ਆਉਣ ਲਈ ਕਾਹਲੀ ਸੀ ਤਾਂ ਉੱਚ ਲੀਡਰਸ਼ਿਪ ਵੱਲੋਂ ਦੇਸ਼ ਵਿਚ ਹਰ ਜਨਤਕ ਰੈਲੀ ਵਿਚ ਵਾਅਦੇ ਕੀਤੇ ਜਾ ਰਹੇ ਸਨ ਕਿ ਹਰ ਸਾਲ 2 ਕਰੋੜ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ। ਹੁਣ ਐਨਡੀਏ ਸਰਕਾਰ ਦੀ ਦੂਜੀ ਵਾਰ ਵੀ ਮਿਆਦ ਪੁੱਗਣ ਵਾਲੀ ਹੈ। ਜੇਕਰ ਸਰਸਰੀ ਤੌਰ 'ਤੇ ਵੇਖਿਆ ਜਾਵੇ ਤਾਂ ਹੁਣ ਤੱਕ 19 ਕਰੋੜ ਨੌਜਵਾਨਾਂ ਜਾਂ ਲੋਕਾਂ ਨੂੰ ਰੁਜ਼ਗਾਰ ਅੱਜ ਤੱਕ ਦੇ ਦਿੱਤਾ ਜਾਣਾ ਚਾਹੀਦਾ ਸੀ। ਦੂਜੇ ਪਾਸੇ, ਜਦੋਂ ਸਰਕਾਰੀ ਅੰਕੜੇ ਦੇਖ ਰਹੇ ਹਾਂ ਤਾਂ ਡਿਪਾਰਟਮੈਂਟ ਆਫ ਪਰਸੋਨਲ ਐਂਡ ਟਰੇਨਿੰਗ ਦੇ ਅੰਕੜੇ ਦੱਸਦੇ ਹਨ ਕਿ ਹੁਣ ਤੱਕ 22 ਕਰੋੜ ਤੋਂ ਵੱਧ ਲੋਕਾਂ ਨੇ ਨੌਕਰੀਆਂ ਲੈਣ ਲਈ ਅਲੱਗ-ਅਲੱਗ ਸਰਕਾਰੀ ਵਿਭਾਗਾਂ ਵਿਚ ਅਰਜ਼ੀਆਂ ਦਿੱਤੀਆਂ।

ਸਰਕਾਰੀ ਅੰਕੜਾ ਇਹ ਕਹਿ ਰਿਹਾ ਹੈ ਕਿ ਪਿਛਲੇ ਸਮੇਂ ਵਿਚ ਸਿਰਫ਼ ਤੇ ਸਿਰਫ਼ 7 ਲੱਖ 20 ਹਜ਼ਾਰ ਦੇ ਲਗਪਗ ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ ਜੇਕਰ 19 ਕਰੋੜ ਦਾ ਇਹ ਇਕ ਪ੍ਰਤੀਸ਼ਤ ਵੀ ਮੰਨ ਲਿਆ ਜਾਂਦਾ ਤਾਂ ਉਹ ਵੀ 19 ਲੱਖ ਦੇ ਲਗਪਗ ਸਰਕਾਰੀ ਨੌਕਰੀ ਹੁੰਦੀ ਜੋ ਕਿ ਇਹ ਅੱਧਾ ਪ੍ਰਤੀਸ਼ਤ ਤੋਂ ਵੀ ਘੱਟ ਹੈ। ਦੂਜੇ ਪਾਸੇ ਦਾਇਰ ਕੀਤੀਆਂ ਅਰਜ਼ੀਆਂ ਦਾ ਜ਼ੀਰੋ ਪੁਆਇੰਟ 3 ਪ੍ਰਤੀਸ਼ਤ ਵੀ ਨਹੀਂ ਬਣਦਾ ਜੋ ਸਰਕਾਰ ਦੇ ਜਨਤਕ ਵਾਅਦਿਆਂ ਤੇ ਉਸ ਦੀ ਆਪਣੀ ਵਿਸ਼ਵਗੁਰੂ ਵਾਲੀ ਭਰੋਸੇਯੋਗਤਾ 'ਤੇ ਸਵਾਲ ਖੜ੍ਹਾ ਕਰਦਾ ਹੈ। ਉੱਥੇ ਹੀ ਇਹ ਆਉਣ ਵਾਲੀ ਪੀੜ੍ਹੀ ਲਈ ਵੀ ਇਕ ਹਲੂਣਾ ਦੇਣ ਵਾਲਾ ਅੰਕੜਾ ਹੁੰਦੀਆਂ ਹੋਈਆਂ ਇਕ ਸੰਕੇਤਾਤਮਕ ਖ਼ਤਰੇ ਦੀ ਘੰਟੀ ਹੈ। ਹੁਣ 10ਵਾਂ ਬਜਟ ਲਗਾਤਾਰਤਾ ਵਿਚ ਪੇਸ਼ ਕੀਤਾ ਗਿਆ। ਇਸ ਨੂੰ ਇਹ ਕਿਹਾ ਗਿਆ ਕਿ ਇਸ ਅੰਤ੍ਰਿਮ ਬਜਟ ਵਿਚ 1 ਲੱਖ ਕਰੋੜ ਰੁਪਏ ਦਾ ਕਾਰੋਪਸ ਫੰਡ ਬਣਾ ਦਿੱਤਾ ਗਿਆ ਹੈ। ਉਸ ਦਾ ਜ਼ਮੀਨੀ ਹਕੀਕੀ ਸੱਚਾਈ ਨਾਲ ਕੀ ਸਬੰਧ ਹੋਵੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਦੂਜੇ ਪਾਸੇ ਸਰਕਾਰ ਵੱਲੋਂ ਜਾਰੀ ਕੀਤੇ ਅੰਕੜਿਆਂ ਵਿਚ ਕਿਹਾ ਗਿਆ ਹੈ ਕਿ ਮੌਜੂਦਾ ਸਰਕਾਰ ਦੇ ਸਮੇਂ ਵਿਚ ਸਿਰਫ਼ 1 ਕਰੋੜ ਤੇ ਕੁਝ ਲੱਖ ਲੋਕਾਂ ਦਾ ਸਰਕਾਰੀ ਤੌਰ 'ਤੇ ਸਕਿੱਲ ਅਪਗ੍ਰੇਡ ਕੀਤਾ ਗਿਆ ਹੈ। ਉਸ ਵਿਚ ਇਹ ਦੇਖਣਾ ਬਹੁਤ ਜ਼ਰੂਰੀ ਹੈ ਕਿ ਇਸ ਵਿਚ ਡੇਟਾ ਪ੍ਰਾਈਵੇਟ ਇੰਸਟੀਚਿਊਸ਼ਨਾਂ ਤੋਂ ਲਿਆ ਗਿਆ ਜਾਂ ਸਰਕਾਰੀ ਇੰਸਟੀਚਿਊਸ਼ਨਾਂ, ਪੌਲੀਟੈਕਨਿਕਾਂ, ਆਈਟੀਆਈਜ਼ ਜਾਂ ਆਰਟ ਐਂਡ ਕਰਾਫਟ ਵਾਲਿਆਂ ਤੋਂ ਲਿਆ ਗਿਆ ਹੈ ਜਿੱਥੇ ਸਕਿੱਲ ਡਿਵੈਲਪਮੈਂਟ ਸਿਲੇਬਸ ਦਾ ਵਿਸ਼ਾ ਹੈ। ਦੂਜੇ ਪਾਸੇ ਜੋ ਸਰਕਾਰ ਨੇ ਉੱਦਮ ਕੀਤਾ ਹੈ, ਉਸ ਬਾਰੇ ਸਰਕਾਰੀ ਅੰਕੜੇ ਖਾਮੋਸ਼ ਕਿਉਂ ਹਨ। ਭਾਵੇਂ ਪ੍ਰਧਾਨ ਮੰਤਰੀ ਸਕਿੱਲ ਡਿਵੈਲਪਮੈਂਟ ਕੌਂਸਲ ਹੈ ਤੇ ਭਾਵੇਂ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ ਅਤੇ ਭਾਵੇਂ ਵੱਖ-ਵੱਖ ਸਕਿੱਲ ਡਿਵੈਲਪਮੈਂਟ ਸੰਸਥਾਵਾਂ ਹਨ, ਇਸ ਉੱਤੇ ਭਾਵੇਂ ਪੂਰਾ ਇਕ ਨਵਾਂ ਮੰਤਰਾਲਾ ਬਣਾ ਦਿੱਤਾ ਗਿਆ ਸਕਿੱਲ ਡਿਵੈਲਪਮੈਂਟ ਦਾ। ਇਹ ਸਾਰੀਆਂ ਗੱਲਾਂ ਨੌਜਵਾਨ ਪੀੜ੍ਹੀ ਨੂੰ ਕੋਈ ਸਹੀ ਸੇਧ ਨਹੀਂ ਦੇ ਰਹੀਆਂ। ਇਸੇ ਕਾਰਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਨੌਜਵਾਨਾਂ ਦੀ ਹਿਜਰਤ ਵਿਦੇਸ਼ਾਂ ਨੂੰ ਬੇਤਹਾਸ਼ਾ ਸ਼ੁਰੂ ਹੋਈ ਹੈ। ਉਸ 'ਤੇ ਵੀ ਠੱਲ੍ਹ ਪਾਉਣੀ ਬਹੁਤ ਜ਼ਰੂਰੀ ਹੈ ਕਿਉਂਕਿ ਉਸ ਦੇ ਵੀ ਕਈ ਕਾਰਨ ਹਨ। ਇਸ ਰੁਝਾਨ ਕਾਰਨ ਦੇਸ਼ ਦਾ ਸਰਮਾਇਆ ਅਰਥਾਤ ਜੋ ਮਾਂ-ਬਾਪ ਤੇ ਬਜ਼ੁਰਗਾਂ ਨੇ ਸਾਰੀ ਉਮਰ ਘਾਲਣਾ ਘਾਲ ਕੇ ਕਮਾਇਆ ਹੈ ਜਾਂ ਪੁਸ਼ਤੈਨੀ ਸਰਮਾਇਆ ਹੈ, ਉਸ ਨੂੰ ਬੇਦਰਦੀ ਨਾਲ ਕੈਸ਼ ਕਰਵਾ ਕੇ ਵਿਦੇਸ਼ਾਂ ਵਿਚ ਫੀਸਾਂ ਰਾਹੀਂ ਭੇਜਿਆ ਜਾ ਰਿਹਾ ਹੈ ਜਿਸ ਦਾ ਬਣਦਾ ਮੋੜਵਾਂ ਮੁੱਲ ਹਾਲੇ ਕਿਸੇ ਮੇਚ-ਬੰਨੇ ਵਿਚ ਨਹੀਂ ਗਿਣਿਆ ਜਾ ਸਕਦਾ। ਦੂਜਾ, ਨੌਜਵਾਨ ਜੋ ਸਰੀਰਕ ਤੌਰ 'ਤੇ ਪੂਰੇ ਰਿਸ਼ਟ-ਪੁਸ਼ਟ ਹਨ ਤੇ ਲੰਬੇ ਸਮੇਂ ਦੀਆਂ ਬਿਮਾਰੀਆਂ ਤੋਂ ਪੀੜਤ ਨਹੀਂ ਹਨ, ਉਹ ਸਾਰੇ ਵਿਦੇਸ਼ਾਂ ਵਿਚ ਮੈਡੀਕਲ ਕਲੀਅਰ ਕਰਵਾ ਕੇ ਜਾ ਰਹੇ ਹਨ ਤਾਂ ਜੋ ਝੱਲਣ ਵਾਲੀਆਂ ਸਰਕਾਰਾਂ 'ਤੇ ਆਉਣ ਵਾਲੇ 25-30 ਸਾਲਾਂ ਤੱਕ ਉਨ੍ਹਾਂ ਦੀਆਂ ਮੈਡੀਕਲ ਸਹੂਲਤਾਂ ਦਾ ਕੋਈ ਭਾਰ ਨਾ ਪਵੇ। ਇਸ ਦੇ ਨਾਲ-ਨਾਲ ਪੜ੍ਹੀ-ਲਿਖੀ ਯੋਗ ਲੇਬਰ ਮਿਲਦੀ ਜਾ ਰਹੀ ਹੈ। ਤੀਜਾ, ਸਾਡੇ ਦੇਸ਼ ਦਾ ਕਾਫ਼ੀ ਮੁਸ਼ਕਲ ਨਾਲ ਕਮਾਇਆ ਹੋਇਆ ਵਿਦੇਸ਼ੀ ਪੂੰਜੀ ਦਾ ਸਰਮਾਇਆ ਵਿਦੇਸ਼ਾਂ ਨੂੰ ਜਾ ਰਿਹਾ ਹੈ। ਚੌਥੀ ਪ੍ਰਮੁੱਖਤਾ ਵਾਲੀ ਗੱਲ ਇਹ ਹੈ ਕਿ ਆਉਣ ਵਾਲੇ ਦਿਨਾਂ ਵਿਚ ਸਪਸ਼ਟ ਹੋ ਜਾਂਦਾ ਹੈ ਕਿ ਆਉਣ ਵਾਲੀ ਪੀੜ੍ਹੀ ਨੇ ਆਪਣੇ ਲਈ ਇੱਥੇ ਕੋਈ ਨਵਾਂ ਇਨਫਰਾਸਟਕਚਰ ਖੜ੍ਹਾ ਨਹੀਂ ਕਰਨਾ, ਭਾਵੇਂ ਉਹ ਨਵਾਂ ਘਰ ਹੋਵੇ, ਨਵੀਂ ਗੱਡੀ ਹੋਵੇ ਜਾਂ ਫਿਰ ਨਵੀਂ ਇੰਡਸਟਰੀ ਹੋਵੇ। ਇਸ ਦੇ ਉਲਟ ਮਾਂ-ਬਾਪ ਦਾ ਵੀ ਪਲਾਨ ਬਣ ਰਿਹਾ ਹੁੰਦਾ ਹੈ ਕਿ ਬੱਚਿਆਂ ਕੋਲ ਉੱਥੇ ਚਲੇ ਜਾਈਏ ਕਿਉਂਕਿ ਆਉਣ ਵਾਲੀ ਪੀੜ੍ਹੀ ਦੇ ਨਿੱਕੇ ਬੱਚਿਆਂ ਨੂੰ ਵੀ ਸਾਂਭ-ਸੰਭਾਲ ਲਈ ਕੋਈ ਵੱਡਾ ਬਜ਼ੁਰਗ ਚਾਹੀਦਾ ਹੁੰਦਾ ਹੈ ਤੇ ਆਰਥਿਕ ਪੱਖੋਂ ਬੜੀ ਮੁਸ਼ਕਲ ਦਰਪੇਸ਼ ਹੈ। ਇਸ ਵਾਪਰ ਰਹੇ ਵਰਤਾਰੇ ਨਾਲ ਜੇ ਕੋਈ ਸਰਕਾਰ ਨੌਜਵਾਨਾਂ, ਇੰਡਸਟਰੀ, ਸਕਿੱਲ ਡਿਵੈਲਪਮੈਂਟ ਤੇ ਐਜੂਕੇਸ਼ਨ ਲਈ ਕੋਈ ਪਲਾਨਿੰਗ ਕਰ ਰਹੀ ਹੋਵੇ, ਉਹ ਧਰੀ ਦੀ ਧਰੀ ਰਹਿ ਜਾਂਦੀ ਹੈ।

ਇਕ ਅੰਕੜਾ ਸਾਹਮਣੇ ਆਉਂਦਾ ਹੈ ਕਿ ਅੱਜ ਤੋਂ 20 ਸਾਲ ਪਹਿਲਾਂ ਦੇ ਪੰਜਾਬ ਦੀ ਗੱਲ ਕਰ ਲਈ ਜਾਵੇ ਤਾਂ ਇੱਥੇ ਗਿਣਤੀ ਦੇ ਕੁਝ ਤਕਨੀਕੀ ਸਿੱਖਿਆ ਦੇ ਸੰਸਥਾਨ ਸਨ ਜੋ ਹੁਣ ਵਧ ਕੇ ਏਨੇ ਜ਼ਿਆਦਾ ਹੋ ਗਏ ਹਨ ਕਿ ਬੀਤੇ ਸਾਲ 67000 ਤਕਨੀਕੀ ਸੀਟਾਂ ਉਪਲਬਧ ਸਨ। ਸਰਕਾਰੀ ਅੰਕੜਿਆਂ ਅਨੁਸਾਰ ਉਨ੍ਹਾਂ 'ਚੋਂ ਬੀਤੇ ਸਾਲ 20 ਕੁ ਹਜ਼ਾਰ ਵੀ ਨਹੀਂ ਭਰੀਆਂ ਜਿਸ ਦਾ ਨੁਕਸਾਨ ਇਹ ਹੋਇਆ ਕਿ ਜਿੱਥੇ ਨਿੱਜੀ ਕਾਲਜਾਂ ਨੇ ਬੀਤੇ ਦਹਾਕੇ 'ਚ ਧੜਾਧੜ ਬੁਨਿਆਦੀ ਢਾਂਚਾ ਬਣਾਉਣ ਲਈ ਬੈਂਕਾਂ ਤੋਂ ਲੋਨ ਲਏ, ਕੈਸ਼ ਐਸੇਟ ਵੇਚੇ, ਉਹ ਹੁਣ ਕਿਸ਼ਤਾਂ ਤਾਰਨ ਤੋਂ ਵੀ ਤੰਗ ਹਨ। ਦੂਜੇ ਪਾਸੇ, ਉਨ੍ਹਾਂ ਸੰਸਥਾਵਾਂ 'ਚ ਪੜ੍ਹਾਉਣ ਵਾਲੇ ਸਟਾਫ ਦੀ ਵੀ ਗੁਣਵੱਤਾ ਘਟਦੀ ਜਾ ਰਹੀ ਹੈ ਤੇ ਜਦੋਂ ਇਕਨਾਮਿਕਲੀ ਵਾਇਬਲ ਨਹੀਂ ਹੋ ਰਹੇ ਤਾਂ ਉਸ 'ਚ ਮਾਲ ਪ੍ਰੈਕਟਿਸਿਜ਼ ਵਧ ਰਹੀਆਂ ਹਨ। ਅੰਕੜਿਆਂ ਦਾ ਹੇਰ-ਫੇਰ ਵਧ ਰਿਹਾ ਹੈ। ਚੌਥੇ ਲੈਵਲ ਦੇ ਉੱਤੇ ਇਸ ਚੀਜ਼ ਦਾ ਧੰਨਾ ਸੇਠ ਤੇ ਕਾਰੋਬਾਰੀ ਫ਼ਾਇਦਾ ਉਠਾ ਕੇ ਜਿਹੜੀ ਮੰਦੀ ਨਜ਼ਰ ਨਾਲ ਕਾਰੋਬਾਰ ਕਰਨ ਵਾਲੇ ਹਨ, ਉਹ ਘਰੇ ਬੈਠੇ ਬਿਨਾਂ ਕਿਸੇ ਹਾਜ਼ਰੀ ਦੇ ਡਿਗਰੀਆਂ ਦੇ ਰਹੇ ਹਨ ਤੇ ਕੁੱਲ ਮਿਲਾ ਕੇ ਇਹ ਦੇਸ਼ ਲਈ ਬਹੁਤ ਵੱਡੀ ਖ਼ਤਰੇ ਦੀ ਘੰਟੀ ਹੈ।

-ਅਮਰਦੀਪ ਸਿੰਘ ਚੀਮਾ

# ਦੇਸ਼ ਦੀ ਵਧਦੀ ਆਰਥਿਕਤਾ ਦਾ ਆਮ ਲੋਕਾਂ ਨੂੰ ਕੀ ਭਾਅ ?

**ਡਾ. ਅਮਨਪ੍ਰੀਤ ਸਿੰਘ ਬਰਾੜ**

ਅੱਜ ਸਾਡਾ ਦੇਸ਼ ਕੁੱਝ ਅੰਕੜਿਆਂ ਦੇ ਹਿਸਾਬ ਨਾਲ ਤਰੱਕੀ ਦੇ ਰਾਹ ਉੱਤੇ ਚੱਲ ਰਿਹਾ ਹੈ। ਇਕ ਪਾਸੇ ਅਸੀਂ ਚੰਦਰਯਾਨ ਦੇ ਜ਼ਰੀਏ ਚੰਦ 'ਤੇ ਪਹੁੰਚ ਗਏ। ਉੱਧਰ ਜੀ-20 ਦੀ ਪ੍ਰਧਾਨਗੀ ਕਰਕੇ ਵੀ ਵਾਹ-ਵਾਹ ਖੱਟੀ। ਇਸ ਦੇ ਨਾਲ ਹੀ ਦੇਸ਼ ਹੁਣ ਵਿਸ਼ਵ ਦੀ ਪੰਜਵੀਂ ਵੱਡੀ ਅਰਥ ਵਿਵਸਥਾ ਬਣ ਚੁੱਕਿਆ ਹੈ। ਭਾਰਤ ਦੀ ਅਰਥ ਵਿਵਸਥਾ ਨੇ ਬਰਤਾਨੀਆ ਨੂੰ ਪਛਾੜ ਕੇ ਪੰਜਵਾਂ ਸਥਾਨ ਹਾਸਿਲ ਕੀਤਾ ਹੈ। ਇਸ ਵਿਚ ਇਹ ਵੀ ਦੱਸਿਆ ਜਾ ਰਿਹਾ ਹੈ ਕਿ 2027 ਤੱਕ ਅਸੀਂ ਜਰਮਨੀ ਅਤੇ ਜਾਪਾਨ ਨੂੰ ਪਛਾੜ ਕੇ ਅਰਥਵਿਵਸਥਾ ਦੇ ਪੱਖ ਤੋਂ ਦੁਨੀਆ ਭਰ ਵਿਚ ਤੀਜੇ ਸਥਾਨ 'ਤੇ ਹੋਵਾਂਗੇ। ਇਹ ਸਭ ਸੁਣਨ ਤੇ ਬੋਲਣ ਨੂੰ ਬਹੁਤ ਵਧੀਆ ਲੱਗਦਾ ਹੈ। ਹੈਰਾਨੀ ਉਦੋਂ ਹੁੰਦੀ ਹੈ ਜਦੋ ਅੰਕੜੇ ਲੋਕਾਂ ਦੀ ਸਥਿਤੀ ਨਾਲ ਮੇਲ ਨਹੀਂ ਖਾਂਦੇ। ਇਸ ਵੇਲੇ ਜਿਨ੍ਹਾਂ ਦੇਸ਼ਾਂ ਨੂੰ ਅਸੀਂ ਪਛਾੜ ਕਿ ਅੱਗੇ ਲੰਘੇ ਹਾਂ ਜਾਂ ਲੰਘਣਾ ਚਾਹੁੰਦੇ ਹਾਂ। ਉਨ੍ਹਾਂ ਦੀ ਜਦੋ ਪ੍ਰਤੀ ਜੀਅ ਸਾਲਾਨਾ ਆਮਦਨ ਨਾਲ ਤੁਲਨਾ ਕਰਦੇ ਹਾਂ ਤਾਂ ਬਹੁਤ ਹੀ ਪਛੜਿਆ ਮਹਿਸੂਸ ਹੁੰਦਾ ਹੈ। ਸਾਲ 2022-2023 ਵਿਚ ਬਰਤਾਨੀਆ ਦੀ ਪ੍ਰਤੀ ਜੀਅ ਆਮਦਨ 47468 ਅਮਰੀਕੀ ਡਾਲਰ ਸੀ, ਜਰਮਨੀ ਦੀ ਤਕਰੀਬਨ 52000 ਡਾਲਰ, ਜਦਕਿ ਜਾਪਾਨ ਦੀ 33900 ਡਾਲਰ, ਇਸ ਦੇ ਮੁਕਾਬਲੇ ਭਾਰਤ ਦੀ ਪ੍ਰਤੀ ਜੀਅ ਆਮਦਨ ਸਿਰਫ਼ 2650 ਡਾਲਰ ਸਾਲਾਨਾ ਹੈ। ਇਹ ਡਾਟਾ ਫੋਰਬਜ ਦੀ ਲਿਸਟ ਦਾ ਹੈ। ਇਸ ਦਾ ਸਿੱਧਾ ਅਰਥ ਹੈ ਕਿ ਅਸੀਂ ਪ੍ਰਤੀ ਜੀਅ ਆਮਦਨ ਵਿਚ ਬਰਤਾਨੀਆ ਤੋਂ 18 ਗੁਣਾ ਹੈ ਜਰਮਨੀ ਤੋਂ 20 ਗੁਣਾਂ ਅਤੇ ਜਾਪਾਨ ਤੋਂ 13 ਗੁਣਾ ਘੱਟ ਹਾਂ। ਪੰਜਵੀਂ ਵੱਡੀ ਅਰਥਵਿਵਸਥਾ ਦੀ, ਜੀ. ਡੀ. ਪੀ. ਉੱਪਰ ਜਾ ਰਹੀ ਹੈ ਪਰ ਆਮ ਲੋਕਾਂ ਵਿਚ ਨਿਰਾਸ਼ਾ ਵਧਦੀ ਰਹੀ ਹੈ ਜੇਬ ਖਾਲੀ ਹੋ ਰਹੀ ਹੈ। ਇਸ ਨੂੰ ਦਰਸਾਉਂਦੇ ਹਨ ਕੁਝ ਅੰਤਰਾਸ਼ਟਰੀ ਅਤੇ ਰਾਸ਼ਟਰੀ ਏਜੰਸੀਆਂ ਦੇ ਅੰਕੜੇ, ਜਿਹਨਾਂ 'ਤੇ ਆਪਾਂ ਅੱਗੇ ਵਿਚਾਰ ਕਰਦੇ ਹਾਂ।

**ਭੁੱਖਮਰੀ** : ਹਾਲਾਂਕਿ ਸਾਡੀ ਧਰਤੀ 'ਤੇ ਜਿੰਨੀ ਅੰਨ ਦੀ ਪੈਦਾਵਰ ਹੋ ਰਹੀ ਹੈ ਉਸ ਨਾਲ ਧਰਤੀ ਦੇ ਸਾਰੇ ਜੀਵ ਜੰਤੂ ਇਨਸਾਨ ਪਸ਼ੂ, ਪੰਛੀ ਰੱਜਵੀ ਖ਼ੁਰਾਕ ਖਾ ਸਕਦੇ ਹਨ। ਪਰ ਦੇਸ਼ਾਂ ਵਿਚ ਪੈਦਾਵਾਰ ਵੱਧ ਘੱਟ ਹੋਣ ਕਾਰਨ ਅੱਜ ਵੀ ਵਿਸ਼ਵ ਦੀ ਆਬਾਦੀ ਦਾ ਦੱਸਵਾਂ ਹਿੱਸਾ ਭੁੱਖਮਰੀ ਦਾ ਸ਼ਿਕਾਰ ਹੈ। ਇਸ ਦਸਵੇਂ ਹਿੱਸੇ ਵਿਚੋਂ ਚੌਥਾ ਹਿੱਸਾ ਆਬਾਦੀ ਭਾਰਤ ਵਿਚ ਹੈ। ਹੰਗਰ ਇੰਡੈਕਸ ਦੇ ਲਿਹਾਜ ਨਾਲ 122 ਦੇਸ਼ਾਂ ਵਿਚੋਂ ਭਾਰਤ 107 ਵੇਂ ਸਥਾਨ ਉੱਪਰ ਆਉਂਦਾ। ਉੱਧਰ ਕੇਂਦਰ ਸਰਕਾਰ ਨੇ ਨਵੰਬਰ 2023 ਵਿਚ ਕੈਬਨਿਟ ਮੀਟਿੰਗ ਦੌਰਾਨ 80 ਕਰੋੜ ਤੋਂ ਵੱਧ ਲੋਕਾਂ ਨੂੰ ਮੁਫਤ ਰਾਸ਼ਨ ਅਗਲੇ ਪੰਜ ਸਾਲਾਂ ਤੱਕ ਦੇਣ ਦਾ ਫ਼ੈਸਲਾ ਕੀਤਾ ਹੈ। ਜ਼ਿਕਰ ਯੋਗ ਹੈ ਕਿ ਜਿਸ ਦੇਸ਼ ਦੀ 60 ਫ਼ੀਸਦੀ ਆਬਾਦੀ ਮਫ਼ਤ ਦੇ ਰਾਸ਼ਨ ਪਰ ਕੁਪੋਸ਼ਣ 'ਤੇ ਪਲਦੀ ਹੋਵੇ, ਉਸ ਨੂੰ ਕਿਵੇਂ ਵਿਕਸਿਤ ਗਿਣੀਏ। ਮੁਫ਼ਤ ਰਾਸ਼ਨ ਦੇਣ 'ਤੇ ਸਰਕਾਰ ਮੁਤਾਬਕ 11.8 ਲੱਖ ਕਰੋੜ ਪੰਜ ਸਾਲਾਂ ਵਿਚ ਖਰਚਾ ਆਊਗਾ। ਅਸੀਂ ਸੰਯੁਕਤ ਰਾਸ਼ਟਰ ਦੇ ਹੈਪੀਨੈਸ ਇੰਡਕੈਸ ਵਿਚ 146 ਦੇਸ਼ਾਂ ਵਿਚੋਂ 126 ਵੇਂ ਸਥਾਨ 'ਤੇ ਆਏ ਹਾਂ।

ਇਸ ਦੇ ਨਾਲ ਹੀ ਇਕ ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਦੀ ਰਿਪੋਰਟ ਆਈ ਹੈ, ਜਿਸ ਨੇ ਉਪਰੋਕਤ ਤੱਥਾਂ ਦੀ ਪੁਸ਼ਟੀ ਕੀਤੀ ਹੈ ਕਿ ਇਹ ਅੰਕੜੇ ਠੀਕ ਹਨ। ਇਸ ਰਿਪੋਰਟ ਮੁਤਾਬਕ ਇਕ ਤਾਂ ਦੇਸ਼ ਸਿਰ ਕਰਜ਼ਾ ਵੱਧਦਾ ਜਾ ਰਿਹਾ ਹੈ ਦੂਜਾ ਲੋਕਾਂ ਦੀ ਜਮ੍ਹਾਂ ਪੂੰਜੀ ਘੱਟਦੀ ਜਾ ਰਹੀ ਹੈ।

**ਕਰਜ਼ਾ** : ਜੋ ਕਰਜ਼ਾ ਭਾਰਤ ਸਿਰ 2022 ਵਿਚ ਜੀ.ਡੀ.ਪੀ. ਦਾ 57 ਫ਼ੀਸਦੀ ਸੀ, ਉਹ 2023 ਵਿਚ ਵੱਧ ਕਿ ਜੀ.ਡੀ.ਪੀ. ਦਾ 57.2 ਫ਼ੀਸਦੀ ਹੋ ਗਿਆ ਹੈ। ਅੱਗੋਂ ਸਾਲ 2024 ਦਾ ਵਿੱਤੀ ਘਾਟਾ 5.9 ਫ਼ੀਸਦੀ ਰਹਿਣ ਦਾ ਅਨੁਮਾਨ ਹੈ। ਭਾਰਤ ਦਾ ਸਾਲ 2023-24 ਦਾ ਬਜਟ 45.03 ਲੱਖ ਕਰੋੜ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਨੁਸਾਰ 31 ਮਾਰਚ, 2023 ਤੱਕ ਦੇਸ਼ 'ਤੇ ਕੁੱਲ ਕਰਜ਼ਾ 155.8 ਲੱਖ ਕਰੋੜ ਹੋ ਚੁੱਕਾ ਸੀ। ਜੋ ਕਿ ਜੀ.ਡੀ.ਪੀ. ਦਾ 57.3 ਫ਼ੀਸਦੀ ਬਣਦਾ ਹੈ। ਹਰ ਭਾਰਤੀ ਨਾਗਰਿਕ ਸਿਰ ਲਗਭਗ 1.10 ਲੱਖ ਦਾ ਕਰਜ਼ਾ ਹੈ। ਇਕ ਪਾਸੇ ਦੇਸ਼ ਸਿਰ ਕਰਜ਼ਾ ਵਧ ਰਿਹਾ ਹੈ ਦੂਜੇ ਪਾਸੇ ਸਰਕਾਰ ਕਾਰਪੋਰੇਟਰਾਂ ਨੂੰ ਬੈਂਕਾ ਦਾ



ਦਿੱਤਾ ਕਰਜ਼ਾ ਮੁਆਫ ਕਰ ਰਹੀ ਹੈ। ਪਿਛਲੇ 9 ਸਾਲਾਂ ਵਿਚ ਸਰਕਾਰੀ ਅਤੇ ਪ੍ਰਾਈਵੇਟ ਬੈਂਕਾ ਨੇ 24.95 ਲੱਖ ਕਰੋੜ ਦਾ ਕਰਜ਼ਾ ਮੁਆਫ਼ ਕੀਤਾ ਜ਼ਰਾ ਹਿਸਾਬ ਲਗਾਉ ਇਸ ਵਿਚੋਂ ਅੱਧਾ ਵੀ ਉਗਰਾਅ ਲਿਆ ਜਾਂਦਾ ਤਾਂ ਦੇਸ਼ ਦੇ ਕਿੰਨੇ ਕੰਮ ਸਵਾਰੇ ਜਾਂਦੇ। ਇਸ ਵਿਚ ਜ਼ਿਕਰ ਯੋਗ ਹੈ ਇਹ ਕਰਜ਼ਾ ਕਈ ਪੂੰਜੀ ਪਤੀ ਜਾਣ ਬੁੱਝ ਕੇ ਨਹੀਂ ਚੁਕਾ ਰਹੇ, ਜਿਨ੍ਹਾਂ ਨੂੰ 'ਵਿਲਫੁਲ ਡਿਫਾਲਟਰ' ਕਿਹਾ ਜਾਂਦਾ ਹੈ। ਦੂਜੇ ਪਾਸੇ ਦੇਸ਼ ਦੇ ਸਾਰੇ ਕਿਸਾਨਾਂ ਸਿਰ ਮਿਲਾ ਕੇ ਕੁੱਲ ਕਰਜ਼ਾ 18 ਲੱਖ ਕਰੋੜ ਦੇ ਕਰੀਬ ਹੈ, ਕਿਹਾ ਜਾਂਦਾ ਹੈ ਕਿ ਜੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰ ਦਿੱਤਾ ਜਾਵੇ ਤਾਂ ਦੇਸ਼ ਦੀ ਅਰਥ ਵਿਵਸਥਾ ਵਿਗੜ ਜਾਵੇਗੀ। ਉਧਰ ਆਈ ਐਮ ਐਫ (ਇੰਟਰਨੈਸ਼ਨਲ ਮਾਨੀਟਰੀ ਫੰਡ) ਮੁਤਾਬਕ 2028 ਤੱਕ ਦੇਸ਼ ਸਿਰ ਕਰਜ਼ਾ ਜੀ ਡੀ ਪੀ ਦੇ ਬਰਾਬਰ ਹੋ ਜਾਵੇਗਾ।

**ਬੱਚਤ** : ਇਸ ਦੇ ਨਾਲ-ਨਾਲ ਲੋਕਾਂ ਦੀ ਬੱਚਤ ਵੀ ਖ਼ਤਮ ਹੋ ਰਹੀ ਹੈ। ਇਹ ਖੁਲਾਸਾ ਕਰਦੇ ਆਰ.ਬੀ.ਆਈ. ਨੇ ਦੱਸਿਆ ਹੈ ਕਿ ਕਰੋਨਾ ਤੋਂ ਪਹਿਲਾਂ ਲੋਕਾਂ ਦੀ ਬੱਚਤ ਦੇਸ਼ ਦੀ ਜੀ.ਡੀ.ਪੀ. ਦਾ 11% ਸੀ ਜੋ ਸਾਲ 2021 ਵਿਚ 7.2 ਫ਼ੀਸਦੀ ਰਹਿ ਗਈ, ਪਰ ਉਸ ਵੇਲੇ ਇਹ ਕਿਹਾ ਗਿਆ ਅਤੇ ਠੀਕ ਵੀ ਲੱਗਾ ਕਿ ਇਹ ਆਰਜ਼ੀ ਹੈ। ਉਸ ਵੇਲੇ ਜੀ.ਡੀ.ਪੀ. ਵੀ ਘਟੀ ਸੀ। ਪਰ ਸਾਲ 2023 ਵਿਚ ਬੱਚਤ ਹੋਰ ਘੱਟ ਕੇ 5.1 ਫ਼ੀਸਦੀ ਰਹਿ ਗਈ। ਇਹ ਪਿਛਲੇ 47 ਸਾਲਾਂ ਵਿਚ ਸਭ ਤੋਂ ਹੇਠਲਾ ਪੱਧਰ ਸੀ। ਕਹਿਣ ਦਾ ਭਾਵ ਆਮਦਨ ਘੱਟ ਗਈ। ਜਿਨ੍ਹਾਂ ਦੀ ਆਮਦਨ ਓਨੀ ਵੀ ਰਹਿ ਗਈ, ਉਹ ਮਹਿੰਗਾਈ ਨੇ ਖਾ ਲਈ।

ਇਸ ਵੇਲੇ ਸਰਕਾਰ ਪਹਿਲ ਦੇ ਆਧਾਰ ਉੱਪਰ ਨੌਕਰੀਆਂ ਦਾ ਪ੍ਰਬੰਧ ਕਰੇ ਅਤੇ ਪੂੰਜੀਪਤੀਆਂ ਦਾ ਕਰਜ਼ਾ ਮਾਫ ਕਰਨ ਦੀ ਬਜਾਏ ਉਨ੍ਹਾਂ ਤੋਂ ਉਗਰਾਉਣ ਦੀ ਗੱਲ ਕਰੇ। ਮੁਫ਼ਤ ਰਿਊੜੀਆਂ ਵੰਡ ਕੇ ਬਹੁਤੀ ਦੇਰ ਨਹੀਂ ਚੱਲਿਆ ਜਾ ਸਕਦਾ।

**ਬੇਰੁਜ਼ਗਾਰੀ** : ਬੇਰੋਜ਼ਗਾਰੀ ਇਸ ਵੇਲੇ ਪਿਛਲੇ ਦੋ ਸਾਲਾਂ ਦੇ ਵੀ ਰਿਕਾਰਡ ਤੋੜ ਕੇ 10.09 ਫ਼ੀਸਦੀ 'ਤੇ ਪਹੁੰਚ ਚੁੱਕੀ ਹੈ। ਇਸ ਵਿਚ ਪਿਛਲੇ ਸਾਲਾਂ ਵਿਚ ਜੋ ਪੇਂਡੂ ਬੇਰੋਜ਼ਗਾਰੀ ਦੀ ਦਰ 6.2 ਫ਼ੀਸਦੀ 'ਤੇ ਸੀ, ਉਹ ਵੱਧ ਕਿ 10.82 ਫ਼ੀਸਦੀ 'ਤੇ ਪਹੁੰਚ ਗਈ ਹੈ। ਉੱਧਰ ਸ਼ਹਿਰਾਂ ਦੀ ਬੇਰੁਜ਼ਗਾਰੀ ਦੀ ਦਰ ਵਿਚ ਕੁਝ ਗਿਰਾਵਟ ਦੇਖਣ ਨੂੰ ਮਿਲੀ, ਜੋ ਅਕਤੂਬਰ ਵਿਚ 8.44 ਫ਼ੀਸਦੀ ਸੀ। ਇਹ ਸਾਰਾ ਡਾਟਾ ਸੈਂਟਰ ਫਾਰ ਮੌਨਿਟਰਿੰਗ ਇੰਡੀਅਨ ਇਕਾਨੋਮੀ (ਸੀ ਐਮ ਆਈ ਈ) ਦੀ ਰਿਪੋਰਟ ਵਿਚ ਹੈ। ਇਕ ਪਾਸੇ ਕੇਂਦਰ ਸਰਕਾਰ ਦਾਅਵਾ ਕਰਦੀ ਹੈ ਕਿ ਅਸੀਂ ਨੌਕਰੀਆਂ ਦੀ ਭਰਮਾਰ ਲਾ ਰੱਖੀ ਹੈ ਪਰ ਇਹ ਡਾਟਾ ਦੱਸਦਾ ਹੈ ਕਿ ਅੱਜ ਵੀ ਤਕਰੀਬਨ 10 ਲੱਖ ਸਰਕਾਰੀ ਨੌਕਰੀਆਂ ਕੇਂਦਰ ਕੋਲ ਖਾਲੀ ਪਈਆਂ ਹਨ। ਉਧਰ ਮੈਨੁਫੇਕਚਰਿੰਗ ਖੇਤਰ ਵਿਚ ਪੈਦਾਵਾਰ ਘਟ ਰਹੀ ਹੈ। ਇਸ ਦਾ ਮਤਲਬ ਹੈ ਕਿ ਜੇ ਪੈਦਾਵਾਰ ਘਟੀ ਹੈ ਤਾਂ ਨੌਕਰੀਆਂ ਵੀ ਘੱਟਣਗੀਆਂ। "ਦਾ ਵਾਇਰ" ਵਿਚ 26 ਸਤੰਬਰ 2023 ਨੂੰ ਛਪੀ ਖ਼ਬਰ ਮੁਤਾਬਕ 2016 ਤੋਂ 2022 ਤੱਕ ਮੈਨੂਫੈਕਚਰਿੰਗ ਵਿਚ ਨੌਕਰੀਆ ਅੱਧੀਆਂ ਰਹਿ ਗਈਆਂ ਹਨ।

ਇਹ ਵੀ ਤਰਕ ਦਿੱਤੇ ਜਾ ਰਹੇ ਹਨ ਕਿ ਖੇਤੀ ਵਿਚ ਖੜੋਤ ਆਈ ਹੈ ਜਾਂ ਖੇਤੀ ਵਿਚ ਮੌਸਮ ਦੀ ਤਬਦੀਲੀ ਕਰਕੇ ਪੇਂਡੂ ਖੇਤਰ ਦੀ ਬੇਰੋਜ਼ਗਾਰੀ ਦਰ ਵਧੀ ਹੈ। ਜਦਕਿ ਇਸ ਦਾ ਦੂਜਾ ਪੱਖ ਇਹ ਹੈ ਕਿ ਜਿਹੜੇ ਲੋਕਾਂ ਦੀਆਂ ਕਰੋਨਾ ਤੇ ਉਸ ਤੋਂ ਬਾਅਦ ਨੌਕਰੀਆਂ ਗਈਆਂ ਹਨ ਉਹ ਵਿਹਲੇ ਹੋ ਕਿ ਸ਼ਹਿਰਾਂ ਵਿਚੋਂ ਪਿੰਡਾਂ ਵੱਲ ਜਾ ਰਹੇ ਹਨ। ਇਸ ਦੀ ਉਧਾਰਣ 7 ਨਵੰਬਰ 2023 ਦੇ ਬਿਜ਼ਨਸ ਸਟੈਂਡਰਡ ਅਖ਼ਬਾਰ ਵਿਚ ਛਪੀ ਖ਼ਬਰ ਮੁਤਾਬਕ ਸੂਰਤ ਵਿਚ ਨੈਚੁਰਲ ਡਾਇਮੰਡ ਦਾ ਵਪਾਰ ਲੈਬ ਗਰੋਨ ਡਾਇਮੰਡ ਨੇ ਖਾ ਲਿਆ ਜਿਸ ਕਾਰਨ ਡਾਇਮੰਡ ਦੇ ਕਾਰੀਗਰਾਂ ਨੂੰ ਵਿਹਲੇ ਕੀਤਾ ਜਾ ਰਿਹਾ ਹੈ। ਦੂਜਾ ਜਿਹੜੇ ਉਦਯੋਗ ਵੀ ਉਹਨਾਂ ਵਿਚ ਆਟੋਮੇਸ਼ਨ ਕੀਤੀ ਜਾ ਰਹੀ ਹੈ ਭਾਵ 10 ਬੰਦਿਆਂ ਦਾ ਕੰਮ ਇਕ ਬੰਦਾ ਕਰ ਦਿੰਦਾ ਹੈ। ਵਾਇਰ ਦੇ ਮੁਤਾਬਕ ਅੱਜ ਪੜ੍ਹੇ ਲਿਖੇ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ 42.3 ਫ਼ੀਸਦੀ ਹੈ।

**ਆਮ ਲੋਕਾਂ 'ਤੇ ਬੋਝ** : ਵਾਤਾਵਰਨ ਨੂੰ ਲੈ ਕਿ ਰੋਜ਼ ਨਵੇਂ ਫਰਮਾਨ ਜਾਰੀ ਹੁੰਦੇ ਹਨ। ਸਰਕਾਰਾਂ ਹੁਣ ਲੋਕਾਂ ਦੇ ਵਾਹਨਾਂ ਦੇ ਮਗਰ ਪਈਆਂ ਹੋਈਆਂ ਹਨ। ਪੰਜਾਬ ਵਿਚ ਵੀ ਦੋ ਸਕਰੈਪ ਪਲਾਂਟ ਖੁੱਲ੍ਹ ਗਏ ਹਨ ਅਤੇ ਉਹ 15 ਸਾਲ ਪੁਰਾਣੇ ਵਾਹਨਾਂ ਨੂੰ ਸਕਰੈਪ ਕਰਨਗੇ। ਇਸ ਦਾ ਸਿੱਧਾ ਅਰਥ ਕਿ ਮੱਧ ਵਰਗ ਅਤੇ ਹੇਠਲੇ ਵਰਗ ਦੇ ਨਾਲ-ਨਾਲ ਇਸ ਦਾ ਅਸਰ ਪੇਂਡੂ ਖੇਤਰਾਂ 'ਤੇ ਵੀ ਪਵੇਗਾ। ਪੁਰਾਣੇ ਵਾਹਨਾਂ 'ਤੇ ਜਿਹੜੇ ਲੋਕ ਆਪਣੀ ਰੋਟੀ ਕਮਾ ਕੇ ਟੱਬਰ ਪਾਲਦੇ ਸਨ ਉਨ੍ਹਾਂ 'ਤੇ ਵਿੱਤੀ ਬੋਝ ਵੱਧੇਗਾ। ਤਰਾਸਦੀ ਵੇਖੋ ਕਾਰ ਲੈਣੀ ਹੈ ਤਾਂ ਕਰਜ਼ੇ 'ਤੇ ਵਿਆਜ ਦਰ 8.6 ਫ਼ੀਸਦੀ ਜੇ ਟਰੈਕਟਰ ਲੈਣਾ ਹੈ ਤਾਂ ਵਿਆਜ਼ ਦਰ 13.5 ਫ਼ੀਸਦੀ।

**ਵਪਾਰ** : 2016 ਦੀ ਨੋਟਬੰਦੀ ਕਾਰਨ ਕਾਲਾ ਧਨ ਤਾਂ ਪਤਾ ਨਹੀਂ ਕਿੱਤੋਂ ਲੱਭਿਆ ਜਾਂ ਨਹੀਂ । ਪਰ ਸਾਲ 2017 ਵਿਚ ਜੋ ਰੋਜ਼ਗਾਰ ਮੈਨੁਫੈਕਚਰਿੰਗ ਖੇਤਰ ਵਿਚ 51.31 ਮਿਲੀਅਨ ਸੀ ਉਹ 2023 ਤੱਕ ਘੱਟ ਕਿ 35.65 ਮਿਲੀਅਨ ਦਾ ਰਹਿ ਗਿਆ ਹੈ। ਭਾਰਤ ਵਿਚੋਂ ਬਰਾਮਦ ਅਪ੍ਰੈਲ-ਸਤੰਬਰ 2023 ਵਿਚ, 2022 ਦੇ ਮੁਕਾਬਲੇ 2.97 ਫ਼ੀਸਦੀ ਘਟੀ ਹੈ। ਇਸ ਸਮੇਂ ਵਿਚ (ਅਪ੍ਰੈਲ-ਸਤੰਬਰ) ਵਪਾਰਕ ਮਾਲ ਦੀ ਬਰਾਮਦ 231.73 ਬਿਲੀਅਨ ਤੋਂ ਘੱਟ ਕੇ 211.40 ਬਿਲੀਅਨ ਡਾਲਰ ਰਹਿ ਗਈ। ਖੇਤੀ ਦੀ ਮੁੱਖ ਉੱਪਜ ਜਿਵੇਂ ਟੋਟਾ ਚੌਲ, ਚਿੱਟੇ ਚੌਲ ਦੀ ਬਰਾਮਦ ਪਹਿਲਾਂ ਹੀ ਬੰਦ ਹੈ। ਜਦਕਿ ਦਾਲਾਂ ਅਤੇ ਖਾਣ ਵਾਲੇ ਤੇਲ ਅਸੀਂ ਬਾਹਰੋਂ ਮੰਗਵਾਉਂਦੇ ਹਾਂ।

**ਨਿਚੋੜ** : ਸਮੁੱਚੇ ਦੇਸ਼ ਦੀ ਆਰਥਿਕਤਾ ਵਿਚ ਵਾਧਾ ਹੋ ਰਿਹਾ ਹੈ ਪਰ ਇਸ ਵੱਧਦੀ ਆਰਥਿਕਤਾ ਦਾ ਲਾਭ ਉਪਰਲੇ ਕੁਝ ਹੱਥਾਂ ਵਿਚ ਹੀ ਰਹਿ ਜਾਂਦਾ ਹੈ, ਸਾਧਾਰਨ ਲੋਕਾਂ ਤੱਕ ਨਹੀਂ ਪਹੁੰਚਦਾ। ਦੇਸ਼ ਸਿਰ ਵੱਧਦਾ ਕਰਜ਼ਾ ਇਹ ਦੱਸਦਾ ਹੈ ਕਿ ਵੱਧਦੀ ਆਰਥਿਕਤਾ ਦਾ ਦੇਸ਼ ਦੇ ਆਮ ਲੋਕਾਂ ਨੂੰ ਕੋਈ ਵਧੇਰੇ ਲਾਭ ਨਹੀਂ ਮਿਲ ਰਿਹਾ।

ਸਾਡੇ ਲੋਕ SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

**Office : (925) 243-1300 | Cell : (510) 706-1300 | Fax : (925) 373-1300 | India : 783 706 1300**

**1406 Janis CT Livermore CA 94551**

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-104

ਭਾਵ ਸਾਰੇ ਸਰੀਰ ਦੇ ਨਰਵਸ ਸਿਸਟਮ ਦਾ ਧੁਰਾ ਇਹ ਬਾਰਾ ਜੋੜੇ ਨਸਾ ਹਨ ਜੋ ਖੋਪੜੀ ਦੇ ਪਿਛਲੇ ਪਾਸੇ ਤੋਂ ਨਿਕਲਦੀਆਂ ਹਨ। ਸੋ ਹੁਣ ਤੱਕ ਅਸਾਂ ਜਾਣਿਆ ਕਿ ਬਾਰਾਂ ਜੋੜੇ ਨਸ਼ਾਂ ਦਾ ਪੂਰਾ ਕੰਨਟਰੋਲ ਹੀ ਸਾਡੇ ਜੀਵਨ ਨੂੰ ਸਰੀਰ ਰਾਹੀਂ ਸੁਚਾਰੂ ਰੂਪ ਵਿੱਚ ਚਲਾਉਂਦਾ ਹੈ।

ਇਸ ਦਾ ਕੰਮ ਸੁੰਘਣ ਸ਼ਕਤੀ ਪੈਦਾ ਕਰਨਾ ਹੈ ਜੋ ਇਹ ਨੱਕ ਰਾਹੀਂ ਇਸ ਕੰਮ ਨੂੰ ਕਰਨ ਵਿੱਚ ਸਹਾਈ ਹੁੰਦੀ ਹੈ। ਇਹ ਸ਼ੁਰੂ ਵਿੱਚ ਹੀ ਦੋ ਹਿੱਸਿਆਂ ਵਿੱਚ ਵੰਡ ਜਾਂਦੀ ਹੈ ਜਿਸਨੂੰ lateral branch ਅਤੇ Medial branch ਕਹਿੰਦੇ ਹਨ। ਭਾਵ ਸਾਈਡ ਵਾਲੀ ਕੇ ਅੜਦਰਲੇ ਪਾਸੇ ਵਾਲੀ। ਮੀਡੀਅਲ ਦਾ ਅੰਦਰਲਾ ਹਮੇਸ਼ਾ ਅਸੀਂ ਉਸਨੂੰ ਕਹਿੰਦੇ ਹਾਂ ਜੋ ਸਰੀਰ ਦੇ ਸੈਂਟਰ ਵਿਚਕਾਰਲੇ ਹਿੱਸੇ ਵੱਲ ਸੇਧਤ ਹੁੰਦਾ ਹੈ ਜਾਂ ਉਸਦੇ ਨੇੜੇ ਹੁੰਦਾ ਹੈ। ਲੈਟਰਲ ਯਾਨੀ ਸਾਈਡ ਵਾਲਾ ਇਸ ਨਸ ਗਾ ਹਿੱਸਾ ਨੱਕ ਦੇ ਪਿਛਲੇ ਪਾਸੇ ਨੂੰ ਕੰਟਰੋਲ ਕਰਦਾ ਹੈ ਜਿਸਨੂੰ nasal concha ਨੇਸਲ ਕੌਂਕਾ ਯਾਨੀ ਨੱਕ ਦੀ ਹੱਡੀ ਜਿਹੜੀ ਪਿਛਲੇ ਪਾਸੇ ਬਰੇਨ ਨਾਲੋਂ ਨੱਕ ਨੂੰ ਵੱਖ ਕਰਦੀ ਹੈ ਉਸ ਦੇ ਉਪਰਲੇ ਪਾਸੇ ਨੂੰ ਕੰਟਰੋਲ ਕਰਦੀ ਹੈ। ਮੀਡੀਅਲ ਬ੍ਰਾਂਚ ਨੱਕ ਦੀਆਂ ਦੋ ਨਾਸਾ ਦੇ ਵਿਚਕਾਰ ਵਾਲੀ ਦਿਵਾਰ ਨੂੰ ਕੰਟਰੋਲ ਕਰਦੀ ਹੈ।

ਔਲਫੈਕਟਰੀ ਨਰਵ ਦਾ ਟੈਸਟ ਕਿਉਂਕਿ ਇਹ ਨਰਵ ਸੁੰਘਣ ਸ਼ਕਤੀ ਨਾਲ ਸਬੰਧਿਤ ਹੈ ਇਸ ਲਈ ਆਮ ਕਮਰੇ ਵਿਚ ਕਿਸੇ ਅਗਰਬਤੀ ਜਾਂ ਖੁਸ਼ਬੂਦਾਰ ਚੀਜ਼ ਦੀ ਸ਼ੀਸ਼ੀ ਨੂੰ ਖੋਲਿਆ ਜਾਂਦਾ ਹੈ ਜਾਂ ਕੌਫੀ ਦਾ ਲੌਂਗਾ ਦੀ ਦੀ ਖੁਸ਼ਬੂ ਚੈੱਕ ਕਰਨ ਲਈ ਕਿਹਾ ਜਾਂਦਾ ਹੈ ਤੇ ਜਿਸ ਦਾ ਇਸ ਨਰਵ ਦਾ ਫੰਕਸ਼ਨ ਚੈਕ ਕਰਨਾ ਹੁੰਦਾ ਹੈ ਉਸ ਨੂੰ ਉਸ ਖੁਸ਼ਬੂ ਦੀ ਸ਼ਨਾਖ਼ਤ ਕਰਨ ਲਈ ਲਈ ਕਿਹਾ ਜਾਂਦਾ ਹੈ। ਅਗਰ ਉਹ ਸਹੀ ਸ਼ਨਾਖ਼ਤ ਕਰ ਕੇ ਦੱਸ ਦੇਵੇ ਤਾਂ ਸਮਝੋ ਟੈਸਟ ਨੈਗੇਟਿਵ ਹੈ ਅਤੇ ਉਸ ਬੰਦੇ ਦੀ ਨਸ ਸਹੀ ਕੰਮ ਕਰ ਰਹੀ ਹੈ। ਅਗਰ ਉਹ ਸਹੀ ਸਮੈਲ ਨੂੰ ਨਹੀਂ ਮਹਿਸੂਸ ਕਰਕੇ ਦੱਸਦਾ ਤਾਂ ਸਮਝੋ ਉਸਦੀ ਸੁੰਘਣ ਸ਼ਕਤੀ ਵਾਲੀ ਆਲਫੈਕਟਰੀ ਨੱਸ ਵਿੱਚ ਖਰਾਬੀ ਹੈ ।

**EXAMINATION TESTING OF BND OPTIC NERVE ਦੂਜੀ ਕਰੇਨੀਅਲ ਨਰਵ ਚੈੱਕ ਕਰਨ ਲਈ ਟੈਸਟ**

ਅੱਖ ਦੀ ਨਜ਼ਰ ਸ਼ਕਤੀ ਦੀ ਜਾਮਨੀ ਵਾਲੀ ਨਰਵ ਦਾ ਚੈਸਟ ਕਰਨ ਲਈ ਆਮ ਤੌਰ ’ਤੇ ਹੀ ਡਾਕਟਰਾਂ ਦੀਆਂ ਕਲੀਨਿਕਾਂ ਵਿੱਚ ਅਜਿਹੇ ਚਾਰਟ ਲੱਗੇ ਹੁੰਦੇ ਹਨ। ਇਹਨਾਂ ਨੂੰ ਸਨਿਲ ਚਾਰਟ ਕਹਿੰਦੇ ਹਨ ਜਿਸ ਨਾਲ ਇਕ ਲਿਮਟਿਡ ਦੂਰੀ ਤੋਂ ਨਜ਼ਰ ਦੀ ਪਰਖ ਕੀਤੀ ਜਾਂਦੀ ਹੈ ਆਮ ਤੌਰ ’ਤੇ ਇਹ ਦੂਰੀ ਛੇ ਫੁੱਟ ਦੀ ਹੁੰਦੀ ਹੈ ਅਤੇ ਵੱਖ-ਵੱਖ ਸਾਈਜ਼ ਦੇ ਅੱਖਰਾਂ ਦੀ ਸ਼ਨਾਖ਼ਤ ਵਾਰੀ ਵਾਰੀ ਇੱਕ ਅੱਖ ਬੰਦ ਕਰਕੇ ਦੋਹਾਂ ਅੱਖਾਂ ਨਾਲ ਕਰਨ ਲਈ ਕਿਹਾ ਜਾਂਦਾ ਹੈ ਅੱਖਰਾਂ ਦੀ ਦੂਰੀ ਅਤੇ ਅੱਖਰਾਂ ਦੇ ਸਾਈਜ਼ ਦੇ ਹਿਸਾਬ ਨਾਲ ਨਜ਼ਰ ਦੀ ਪਰਖ ਕੀਤੀ ਜਾਂਦੀ ਹੈ। ਉਸੇ ਹਿਸਾਬ ਨਾਲ ਨਜ਼ਰ ਦੇ ਇਮਤਿਹਾਨ ਦਾ ਟੈਸਟ ਰਿਜ਼ਲਟ ਲਿਖਿਆ ਜਾਂਦਾ ਹੈ। ਨਜ਼ਰ ਦੇ ਸਹੀ ਟੈਸਟ ਨੂੰ 20/20 ਲਿਖਿਆ ਜਾਂਦਾ ਹੈ ਤੇ ਇਸੇ ਅਨੁਪਾਤ ਨਾਲ ਘੱਟ ਨਜ਼ਰ ਵਾਲੇ ਦਾ ਟੈਸਟ ਵੀਹਾਂ ਵਿਚੋਂ ਕਿਸ ਲੈਵਲ ’ਤੇ ਹੈ ਉਹ ਲਿਖਿਆ ਜਾਂਦਾ ਹੈ।

ਇਸੇ ਤਰ੍ਹਾਂ ਹੀ ਰੰਗ ਪਹਿਚਾਨਣ ਲਈ ਟੈਸਟ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀ ਟੈਸਟ ਰੰਗਦਾਰ ਵੱਖ ਵੱਖ ਰੰਗਾਂ ਦੇ ਖਾਨਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹਨਾਂ ਨੂੰ ਸਚਾਡਰਡ ਨਕਲੀ ਆਈਸੋਕਰੋਮੈਟਿਕ ਯਾਨੀ ਆਈਸੀਆਰਾ ਟੈਸਟ ਕਹਿੰਦੇ ਹਨ ਜਾਂ ਇਸ ਚੈਸਟ ਲਈ ਹਾਰਡੀ ਰੈਡ ਰਿਚਰ ਪਲੇਟ ਜਿਹਨਾਂ ਉਪਰ ਰੰਗਾਂ ਦੀਆਂ ਤਸਵੀਰਾਂ ਤੇ ਡੌਟਸ ਲੱਗੀਆਂ ਹੁੰਦੀਆਂ ਹਨ। ਇਸੇ ਤਰ੍ਹਾਂ ਹੀ ਨਜ਼ਰ ਦਾ ਘੇਰਾ ਚੈੱਕ ਕੀਤਾ ਜਾਂਦਾ ਹੈ ਅਤੇ ਲਾਈਟ ਬੈਟਰੀ ਨਾਲ ਅੱਖਾਂ ਦੀ ਪਿਊਪਲ ਦੀ ਸੰਨਸੇਟਿਵਿਟੀ ਚੈੱਕ ਕੀਤੀ ਜਾਂਦੀ ਹੈ।

CRD OCOLOMOTOR D TROCHLEAR and FTH ABDUCENS NERVE ਦਾ ਟੈਸਟ ਅੱਖਾਂ ਦੀ ਹੇਠਾਂ ਉੱਪਰ ਅਤੇ ਗੋਲਾਈ ਵਿੱਚ ਹਿਲਜੁਲ ਨੂੰ ਚੈੱਕ ਕੀਤਾ ਜਾਂਦਾ ਹੈ। ਅੱਖਾਂ ਦੀ ਚਿਹਰੇ ਵਿੱਚ ਪੁਜ਼ੀਸ਼ਨ, ਅੱਖਾਂ ਦੇ ਬਰਵੱਟਿਆ ਦੀ ਹਿਲਜੁਲ ਜਾਂ ਪੁਜ਼ੀਸ਼ਨ ਵੀ ਇਹਨਾਂ ਨਰਵਜ ਦੀ ਜ਼ੁੰਮੇਵਾਰੀ ਹੈ। ਅੱਖਾਂ ਦੀ ਚਿਹਰੇ ਤੇ ਆਪਣੀ ਪੁਜ਼ੀਸ਼ਨ ਆਪਸੀ ਸਮਿਟਰੀ ਵੀ ਚੈੱਕ ਕੀਤੀ ਜਾਂਦੀ ਹੈ। ਅੱਖਾਂ ਝਿਮਨੀਆ ਦਾ ਫੜਫੜਾਉਣਾ ਯਾਨੀ ਫਰਕਣਾ ਵੀ ਨੋਟ ਕੀਤਾ ਜਾਂਦਾ ਹੈ। ਅੱਖਾਂ ਸਾਹਵੇ ਕੋਈ ਉਬਜੈਕਟ ਯਾਨੀ ਪੈਨਸਿਲ ਵਗੈਰਾ ਫੜ ਕੇ ਸੱਜਿਓ ਖੱਬੇ ਖੱਬਿਓ ਸੱਜੇ ਹੇਠਾਂ ਤੋਂ ਉਪਰ ਉਪਰ ਤੋਂ ਹੇਠਾਂ ਘੁਮਾਈ ਜਾਂਦੀ ਹੈ ਅਤੇ ਅੱਖਾਂ ਦੀ ਹਿਲਜੁਲ ਮੂਵਮੈਂਟ ਨੋਟ ਕੀਤੀ ਜਾਂਦੀ ਹੈ।

OPTIC NERVE ਅੱਖ ਦੀ ਨਜ਼ਰ ਕੰਟਰੋਲ ਕਰਨ ਵਾਲੀ ਨਸ : ਇਹ ਬਰੇਨ ਤੋਂ ਸਾਡੀ ਅੱਖ ਦੇ ਸ਼ੀਸ਼ੇ ਤੱਕ ਨਜ਼ਰ ਕੰਟਰੋਲ ਕਰਦੀ ਹੈ। ਹੇਠਲੀਆਂ ਤਸਵੀਰਾਂ ਵਿਚੋ ਇਕ ਅੱਖ ਦੇ ਹਿਸਿਆਂ ਨੂੰ ਵਿਖਾ ਰਹੀ ਹੈ ਤੇ ਦੂਸਰੀ ਅੱਖ ਦੇ ਪਿਛਲੇ ਪਾਸੇ ਔਪਟਿਕ ਨਸ ਦੰਦੇ ਕੰਟਰੋਲ ਵਾਲੇ ਏਰੀਏ ਦੀ ਨਿਸ਼ਾਨਦੇਹੀ ਕਰ ਰਹੀ ਹੈ।

OCULOMOTOR NERVE ਔਕੁਲੋਮੇਟਰ ਨਸ : ਇਹਦਾ ਕੰਮ ਅੱਖਾਂ ਹੀ ਹਰਕਤ ਹਿਲ-ਜੁਲ ਅਤੇ ਅੱਖ ਝਪਕਣ ਲਈ ਅੱਖਾਂ ਦੇ ਪਰਦਿਆਂ ਨੂੰ ਕੰਟਰੋਲ ਕਰਨਾ ਹੈ। ਔਕੁਲੋਮੋਟਰ ਨਸ ਦੇ ਕੰਟਰੋਲ ਵਾਲੇ ਏਰੀਏ ਦੀ ਤਸਵੀਰ ਇਹ ਨਸ ਬਰੇਨ ਦੇ ਸਟੈਮ ਯਾਨੀ ਤਨੇ ਕੋ ਸ਼ੁਰੂ ਹੁੰਦੀ ਹੈ ਉਥੋਂ ਬਰੇਨ ਦੇ ਵਿਚਕਾਰਲੀ ਲਾਈਨ ਦੇ ਨਾਲ ਨਾਲ ਅੱਗੇ ਵੱਲ ਆਉਂਦੀ ਹੈ ਅਤੇ ਸਾਈਨਸ ਨਾਲੀ ਹੱਡੀ ਦੇ ਸੁਰਾਖਾਂ ਰਾਹੀਂ ਲੰਘ ਕੇ ਅੱਖ ਦੇ ਆਨੇ ਵਾਸਤੇ ਬਣੇ ਹੱਡੀ ਦੇ ਖੋਲ ਵਿੱਚ ਇਹਦੇ ਲਈ ਬਣੀ ਸਪੈਸ਼ਲ ਜਗਹ ਜਿਸ ਨੂੰ ਫ਼ਿਲਟਰ ਕਹਿੰਦੇ ਹਨ ਉਸ ਰਾਹੀਂ ਲੰਘ ਕੇ ਅੱਖ ਦੇ ਆਨੇ ਤੱਕ ਜਾਂਦੀ ਹੈ।

TROCHELEAR NERVE ਟਰੌਕਿਲੀਅਰ ਨਸ : ਇਸ ਨਸ ਦਾ ਕੰਮ ਅੱਖ ਦੇ ਆਨੇ ਨੂੰ ਹੇਠਾ ਤੇ ਉੱਪਰ ਵੱਲ ਅਤੇ ਅੱਗੇ ਤੋ ਪਿਛੇ ਵੱਲ ਹਿੱਲਣ ਦੇ ਕਾਬਲ ਬਣਾਉਣਾ ਹੁੰਦਾ ਹੈ।

TRIGEMINAL NERVE ਤਿੰਨ ਸ਼ਾਖਾਵਾ ਵਾਲੀ ਨਸ : ਉਪਰਲੀ ਤਸਵੀਰ ਵਿੱਚ ਪੀਲੇ ਰੰਗ ਦੀ ਤਸਵੀਰ ਟਰਾਈਜੈਮੀਨਲ ਨਸ ਨੂੰ ਵਿਖਾ ਰਹੀ ਹੈ। ਇਸ ਦੀਆਂ ਤਿੰਨ ਬ੍ਰਾਂਚਾਂ ਹੁੰਦੀਆਂ ਹਨ ਪਹਿਲੀ ਓਪਥਾਲਮਿਕ ਜਿਹੜੀ ਅੱਖ ਨੂੰ ਕੰਟਰੋਲ ਕਰਦੀ ਹੈ ਦੂਜੀ ਬ੍ਰਾਂਚ ਮੈਗਜੀਲਰੀ ਹੁੰਦੀ ਹੈ ਜਿਸ ਦਾ ਕੰਮ ਜਬਾੜ੍ਹੇ ਦੀ ਮੈਗਜੀਲਾ ਹੱਡੀ ਨੂੰ ਕੰਟਰੋਲ ਕਰਨਾ ਹੁੰਦਾ ਹੈ

(ਚੱਲਦਾ)







# ਅਮਰੀਕਾ ਵਿਚ ਇਕ ਘਰ ਵਿਚੋਂ ਚਲਾਈਆਂ ਗੋਲੀਆਂ ਨਾਲ 2 ਪੁਲਿਸ ਅਫਸਰ ਹੋਏ ਜ਼ਖਮੀ



ਅਮਰੀਕਾ ਦੇ ਸ਼ਹਿਰ ਫਿਲਾਡੈਲਫੀਆ ਨੇੜੇ ਸ਼ੱਕੀ ਵੱਲੋਂ ਲਾਈ ਅੱਗ ਉਪਰੰਤ ਸੜ ਰਿਹਾ ਘਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਪੈਨੀਸਿਲਵਾਨੀਆ ਰਾਜ ਵਿਚ ਫਿਲਾਡੈਲਫੀਆ ਸ਼ਹਿਰ ਦੇ ਨੇੜੇ ਇਕ ਘਰ ਵਿਚੋਂ ਚਲਾਈਆਂ ਗੋਲੀਆਂ ਨਾਲ 2 ਪੁਲਿਸ ਅਫਸਰਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਡੇਲਾਵੇਅਰ ਕਾਊਂਟੀ ਦੇ ਲਾਅ ਇਨਫੋਰਸਮੈਂਟ ਸੂਤਰਾਂ ਅਨੁਸਾਰ ਇਕ ਵਿਅਕਤੀ ਵੱਲੋਂ ਘਰ ਵਿਚ ਆਪਣੇ ਆਪ ਨੂੰ ਬੰਦ ਕਰ ਲੈਣ ਤੇ ਅੰਦਰੋਂ ਗੋਲੀਆਂ ਚਲਾਉਣ ਦੀ ਸੂਚਨਾ ਮਿਲਣ 'ਤੇ ਪੁਲਿਸ ਮੌਕੇ ਉਪਰ ਪੁੱਜੀ। ਡੇਲਾਵੇਅਰ ਕਾਊਂਟੀ ਡਿਸਟ੍ਰਿਕਟ ਅਟਾਰਨੀ ਜੈਕ ਸਟੋਲਸਟੀਮਰ ਅਨੁਸਾਰ ਕਿਸੇ ਵੱਲੋਂ ਫੋਨ ਕਰਨ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਨਾਂ ਉਪਰ ਘਰ ਵਿਚੋਂ ਕਿਸੇ ਨੇ ਗੋਲੀ ਚਲਾ ਦਿੱਤੀ। ਬਾਅਦ ਵਿਚ ਉਸ ਵੇਲੇ ਹਾਲਾਤ ਗੰਭੀਰ ਹੋ ਗਏ ਜਦੋਂ ਅੰਦਰ ਮੌਜੂਦ ਵਿਅਕਤੀ ਨੇ ਘਰ ਨੂੰ ਅੱਗ ਲਾ ਦਿੱਤੀ। ਅੱਗ ਨਾਲ ਘਰ ਪੂਰੀ ਤਰਾਂ ਸੜ ਗਿਆ। ਉਨਾਂ ਕਿਹਾ ਕਿ ਅੱਗ ਬੁਝਾ ਦਿੱਤੀ ਗਈ ਹੈ ਪਰੰਤੂ ਅਜੇ ਇਹ ਸਪਸ਼ਟ ਨਹੀਂ ਹੈ ਕਿ ਅੰਦਰ ਮੌਜੂਦ ਵਿਅਕਤੀ ਮਾਰਿਆ ਗਿਆ ਹੈ ਜਾਂ ਜੀਂਦਾ ਹੈ। ਇਹ ਵੀ ਸ਼ੱਕ ਕੀਤਾ ਜਾਂਦਾ ਹੈ ਕਿ ਘਟਨਾ ਵਿਚ ਇਕ 11 ਸਾਲਾਂ ਦਾ ਬੱਚਾ ਸ਼ਾਮਿਲ ਹੈ ਹਾਲਾਂ ਕਿ ਪੁਲਿਸ ਨੇ ਇਸ ਬਾਰੇ ਯਕੀਨ ਨਾਲ ਕੁਝ ਨਹੀਂ ਕਿਹਾ। ਗੋਲੀਬਾਰੀ ਵਿਚ ਜ਼ਖਮੀ ਹੋਏ ਪੁਲਿਸ ਅਫਸਰਾਂ ਦੀ ਹਾਲਤ ਸਥਿਰ ਦਸੀ ਜਾਂਦੀ ਹੈ। ਮਾਮਲਾ ਅਜੇ ਜਾਂਚ ਅਧੀਨ ਹੈ।

# ਇਕ ਭਾਰਤੀ ਵਿਅਕਤੀ ਨੇ ਗੈਰ ਕਾਨੂੰਨੀ ਢੰਗ ਨਾਲ ਅਮਰੀਕੀ ਨਾਗਰਿਕਤਾ ਲੈਣ ਦੇ ਮਾਮਲੇ ਵਿਚ ਆਪਣਾ ਗੁਨਾਹ ਕਬੂਲਿਆ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਕ ਭਾਰਤੀ ਮੂਲ ਦੇ ਅਮਰੀਕੀ ਨੇ ਗੈਰ ਕਾਨੂੰਨੀ ਢੰਗ ਤਰੀਕੇ ਨਾਲ ਅਮਰੀਕੀ ਨਾਗਰਿਕਤਾ ਲੈਣ ਦੇ ਮਾਮਲੇ ਵਿਚ ਆਪਣਾ ਗੁਨਾਹ ਮੰਨ ਲਿਆ ਹੈ। ਯੂ ਐਸ ਅਟਾਰਨੀ ਮਿਡਲ ਡਿਸਟ੍ਰਿਕਟ ਫਲੋਰਿਡਾ ਦਫਤਰ ਅਨੁਸਾਰ ਜੈਪ੍ਰਾਕਾਸ਼ ਗੁਲਵਾੜੀ (51) ਨੂੰ ਵਧ ਤੋਂ ਵਧ 10 ਸਾਲ ਸੰਘੀ ਜੇਲ ਦੀ ਸਜ਼ਾ ਹੋ ਸਕਦੀ ਹੈ। ਅਦਾਲਤੀ ਰਿਕਾਰਡ ਅਨੁਸਾਰ ਗੁਲਵਾੜੀ ਭਾਰਤੀ ਨਾਗਰਿਕ ਵਜੋਂ ਆਰਜੀ ਬਿਜ਼ਨਸ ਵੀਜੇ 'ਤੇ 2001 ਵਿਚ ਅਮਰੀਕਾ ਆਇਆ ਸੀ। ਅਗਸਤ 2008 ਵਿਚ ਆਪਣੀ ਪਹਿਲੀ ਅਮਰੀਕੀ ਨਾਗਰਿਕ ਪਤਨੀ ਜਿਸ ਨਾਲ ਉਸ ਨੇ ਸਾਲ ਪਹਿਲਾਂ ਵਿਆਹ ਕੀਤਾ ਸੀ, ਨੂੰ ਤਲਾਕ ਦੇਣ ਦੇ 2 ਹਫਤਿਆਂ ਬਾਅਦ ਉਸ ਨੇ ਇਕ ਹੋਰ ਅਮਰੀਕੀ ਨਾਗਰਿਕ ਔਰਤ ਨਾਲ ਵਿਆਹ ਕਰਵਾਇਆ। ਇਸ ਵਿਆਹ ਦੇ ਆਧਾਰ 'ਤੇ ਗੁਲਵਾੜੀ ਜੂਨ 2009 ਵਿਚ ਕਾਨੂੰਨੀ ਤੌਰ'ਤੇ ਅਮਰੀਕਾ ਦਾ ਸਥਾਈ ਵਸਨੀਕ ਬਣ ਗਿਆ। ਇਸ ਉਪਰੰਤ 2 ਮਹੀਨੇ ਬਾਅਦ ਗੁਲਵਾੜੀ ਭਾਰਤ ਗਿਆ ਤੇ ਅਮਰੀਕਾ ਵਾਪਿਸ ਜਾਣ ਤੋਂ ਪਹਿਲਾਂ ਉਸ ਨੇ ਇਕ ਭਾਰਤੀ ਔਰਤ ਨਾਲ ਵਿਆਹ ਕਰ ਲਿਆ। ਜਨਵਰੀ 2011 ਵਿਚ ਉਸ ਦੀ ਭਾਰਤੀ ਪਤਨੀ ਦੇ ਬੱਚਾ ਪੈਦਾ ਹੋਇਆ। ਅਗਸਤ 2013 ਵਿਚ ਉਸ ਨੇ ਆਪਣੀ ਅਮਰੀਕਨ ਪਤਨੀ ਨਾਲ ਸਾਰੇ ਸਬੰਧ ਖਤਮ ਕਰ ਲਏ। ਹੋਮਲੈਂਡ ਸਕਿਉਰਿਟੀ ਵੱਲੋਂ ਯੂ ਐਸ ਸਿਟੀਜਨ ਐਂਡ ਇਮੀਗ੍ਰੇਸ਼ਨ ਸਰਵਿਸਜ ਦੀ ਸਹਾਇਤਾ ਨਾਲ ਕੀਤੀ ਜਾਂਚ ਵਿਚ ਪਾਇਆ ਗਿਆ ਕਿ ਇਕ ਸਾਲ ਬਾਅਦ ਉਸ ਨੇ ਨਾਗਰਿਕਤਾ ਲਈ ਦਿੱਤੀ ਦਰਖਾਸਤ ਵਿਚ ਝੂਠ ਬੋਲਿਆ ਕਿ ਉਹ ਇਸ ਸਮੇ ਵਿਆਹਿਆ ਹੋਇਆ ਨਹੀਂ ਹੈ ਤੇ ਨਾ ਹੀ ਉਸ ਦਾ ਕੋਈ ਬੱਚਾ ਹੈ। ਉਸ ਨੇ ਇਹ ਵੀ ਕਿਹਾ ਕਿ ਇਕ ਸਮੇ ਉਸ ਨੇ 2 ਔਰਤਾਂ ਨਾਲ ਵਿਆਹ ਨਹੀਂ ਕੀਤਾ। ਇਸ ਦਰਖਾਸਤ ਦੇ ਆਧਾਰ 'ਤੇ ਉਹ 2014 ਵਿਚ ਅਮਰੀਕੀ ਨਾਗਰਿਕ ਬਣ ਗਿਆ। ਬਾਅਦ ਵਿਚ ਅਮਰੀਕੀ ਪਾਸਪੋਰਟ ਲੈਣ ਸਮੇਂ ਉਸ ਨੇ ਆਪਣੀ ਭਾਰਤੀ ਪਤਨੀ ਦਾ ਜਿਕਰ ਨਹੀਂ ਕੀਤਾ। ਅਦਾਲਤ ਨੇ ਅਜੇ ਉਸ ਨੂੰ ਸਜ਼ਾ ਸੁਣਾਉਣ ਦੀ ਤਰੀਕ ਨਹੀਂ ਮਿਥੀ ਪਰੰਤੂ ਜੇਕਰ ਉਸ ਨੂੰ ਸਜ਼ਾ ਹੋ ਜਾਂਦੀ ਹੈ ਤਾਂ ਉਸ ਦੀ ਅਮਰੀਕੀ ਨਾਗਰਿਕਤਾ ਆਪਣੇ ਆਪ ਹੀ ਰੱਦ ਹੋ ਜਾਵੇਗੀ।

# ਨਬਾਲਗ ਵੱਲੋਂ ਸਕੂਲ ਵਿਚ 4 ਸਾਥੀ ਵਿਦਿਆਰਥੀਆਂ ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੇ ਮਾਮਲੇ ਵਿਚ ਮਾਂ ਦੋਸ਼ੀ ਕਰਾਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਜੈਨੀਫਰ ਕਰੂੰਬਲੇ ਜੋ ਉਸ ਨਬਾਲਗ ਦੀ ਮਾਂ ਹੈ ਜਿਸ ਨੇ 2021 ਵਿਚ ਮਿਸ਼ੀਗਨ ਦੇ ਆਕਸਫੋਰਡ ਹਾਈ ਸਕੂਲ ਵਿਚ ਘਰੋਂ ਲਿਆਂਦੀ ਗੰਨ ਨਾਲ ਗੋਲੀਆਂ ਮਾਰ ਕੇ 4 ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਸੀ, ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਹੈ। ਅਦਾਲਤ ਨੇ ਪਾਇਆ ਕਿ ਸਕੂਲ ਵਿਚ ਹੋਈ ਗੋਲੀਬਾਰੀ ਲਈ ਮਾਂ ਵੀ ਜਿੰਮੇਵਾਰ ਹੈ ਜਿਸ ਨੇ ਘਰ ਵਿਚ ਰਖੀ ਬੰਦੂਕ ਦੀ ਸੰਭਾਲ ਨਹੀਂ ਕੀਤੀ। 12 ਮੈਂਬਰੀ ਜਿਊਰੀ ਨੇ ਜੈਨੀਫਰ ਕਰੂੰਬਲੇ ਨੂੰ ਉਸ ਵਿਰੁੱਧ ਲੱਗੇ ਸਾਰੇ ਗੈਰ ਇਰਾਦਾ ਹੱਤਿਆਵਾਂ ਦੇ 4 ਦੋਸ਼ਾਂ ਲਈ ਦੋਸ਼ੀ ਕਰਾਰ ਦਿੱਤਾ। ਜਿਊਰੀ ਨੇ 10 ਘੰਟੇ ਤੋਂ ਵਧ ਸਮਾਂ ਸੁਣਵਾਈ ਉਪਰੰਤ ਜਦੋਂ ਫੈਸਲਾ ਪੜਿਆ ਤਾਂ ਕਰੂੰਬਲੇ (45) ਨੇ ਹੇਠਾਂ ਵੱਲ ਤਕਿਆ ਤੇ ਕੋਈ ਪ੍ਰਤੀਕ੍ਰਿਆ ਨਹੀਂ ਦਿੱਤੀ। 30 ਨਵੰਬਰ 2021 ਨੂੰ ਕਰੂੰਬਲੇ ਨੇ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਸੀ। ਨਬਾਲਗ ਵੱਲੋਂ ਕੀਤੀ ਗੋਲੀਬਾਰੀ ਵਿਚ 4 ਵਿਦਿਆਰਥੀ ਮਾਰੇ ਗਏ ਸਨ ਤੇ 6 ਹੋਰ ਵਿਦਿਆਰਥੀ ਤੇ ਇਕ ਅਧਿਆਪਕ ਜਖਮੀ ਹੋ ਗਿਆ ਸੀ। ਉਸ ਨੂੰ 9 ਅਪ੍ਰੈਲ ਨੂੰ ਸਜ਼ਾ ਸੁਣਾਈ ਜਾਵੇਗੀ।



ਅਦਾਲਤ ਦੇ ਫੈਸਲੇ ਉਪਰੰਤ ਹੱਥ ਕੜੀਆਂ ਵਿਚ ਜਕੜੀ ਜੈਨੀਫਰ ਕਰੂੰਬਲੇ ਨੂੰ ਲੈ ਕੇ ਜਾਂਦੇ ਹੋਏ ਪੁਲਿਸ ਅਫਸਰ

# ਲਾਸ ਏਂਜਲਸ ਕਾਉਂਟੀ ਦੇ ਵਸਨੀਕਾਂ ਲਈ ਸਾਲ ਭਰ ਲਈ ਜਮਾਂ ਹੋਇਆ ਪੀਣ ਤੇ ਨਹਾਉਣ ਲਈ ਬਾਰਿਸ਼ ਦਾ ਪਾਣੀ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੈਲੀਫੋਰਨੀਆ ਸਮੇਤ ਅਮਰੀਕਾ ਦੇ ਦੂਸਰੇ ਰਾਜਾਂ ਵਿਚ ਪਈ ਭਾਰੀ ਬਾਰਿਸ਼ ਤੇ ਆਏ ਤੂਫਾਨ ਨੇ ਜਿਥੇ ਲੋਕਾਂ ਲਈ ਮੁਸ਼ਕਿਲਾਂ ਪੈਦਾ ਕੀਤੀਆਂ ਹਨ ਉਥੇ ਬਾਰਿਸ਼ ਰਾਹਤ ਵੀ ਲੈ ਕੇ ਆਈ ਹੈ। ਜਨਤਿਕ ਸੂਚਨਾ ਅਫਸਰ ਲਿਜ਼ ਵਾਜ਼ਕੁਏਜ਼ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਲਾਸ ਏਂਜਲਸ ਕਾਊਂਟੀ ਪਬਲਿਕ ਵਰਕਸ ਨੇ 27 ਅਰਬ ਗੈਲਨ ਪਾਣੀ ਜਮਾਂ ਕੀਤਾ ਹੈ ਜੋ ਸਥਾਨਕ 65600 ਵਾਸੀਆਂ ਦੀਆਂ ਸਾਲ ਭਰ ਲਈ ਜਰੂਰਤਾਂ ਪੂਰੀਆਂ ਕਰੇਗਾ। ਇਹ ਪਾਣੀ ਪੀਣ ਤੇ ਨਹਾਉਣ ਲਈ ਵਰਤਿਆ ਜਾਵੇਗਾ। ਇਥੇ ਜਿਕਰਯੋਗ ਹੈ ਕਿ ਦੱਖਣੀ ਕੈਲੀਫੋਰਨੀਆ ਵਿਚ ਪਾਣੀ ਸੰਭਾਲ ਕੇ ਰਖਣ ਦੀ ਸਹੂਲਤ 15000 ਏਕੜ ਵਿਚ ਫੈਲੀ ਹੋਈ ਹੈ। ਇਥੋਂ 26 ਏਜੰਸੀਆਂ ਮੋਟੇ ਤੌਰ 'ਤੇ 6 ਕਾਊਂਟੀਆਂ ਦੇ 1.9 ਕਰੋੜ ਲੋਕਾਂ ਨੂੰ ਪਾਣੀ ਮੁਹੱਈਆ ਕਰਵਾਉਂਦੀਆਂ ਹਨ।

# ਭਾਰਤੀ-ਅਮਰੀਕੀ ਸੋਨਾਲੀ ਕੋਰਡੇ ਨੇ ਯੂ.ਐੱਸ.ਏ.ਆਈ.ਡੀ. ਪ੍ਰਸ਼ਾਸਕ ਦੀ ਸਹਾਇਕ ਵਜੋਂ ਚੁੱਕੀ ਸਹੁੰ

ਵਾਸ਼ਿੰਗਟਨ : ਭਾਰਤੀ-ਅਮਰੀਕੀ ਸੋਨਾਲੀ ਕੋਰਡੇ ਨੇ ਸੋਮਵਾਰ ਨੂੰ ਅਮਰੀਕੀ ਏਜੰਸੀ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ (ਯੂ.ਐੱਸ.ਏ.ਆਈ.ਡੀ.) ਦੀ ਪ੍ਰਸ਼ਾਸਕ ਸੰਸਥਾ ਪਾਵਰ ਦੀ ਸਹਾਇਕ ਵਜੋਂ ਸਹੁੰ ਚੁੱਕੀ। ਪਾਵਰ ਨੇ ਸਹੁੰ ਚੁੱਕ ਸਮਾਗਮ ਦੌਰਾਨ ਕਿਹਾ, 'ਮੈਂ ਸੋਨਾਲੀ ਨੂੰ ਜਾਣਦੀ ਹਾਂ ਅਤੇ ਮੈਨੂੰ ਲੱਗਦਾ ਹੈ ਕਿ ਇੱਥੇ ਮੌਜੂਦ ਬਹੁਤ ਸਾਰੇ ਲੋਕ ਇਹੀ ਕਹਿਣਗੇ ਕਿ ਸੋਨਾਲੀ ਸੱਚਮੁੱਚ ਸਾਡੇ ਸਾਰਿਆਂ ਲਈ ਇੱਕ ਤੋਹਫ਼ਾ ਹੈ। ਸਮੇਂ ਦੇ ਨਾਲ ਸਾਨੂੰ ਉਨ੍ਹਾਂ ਬਾਰੇ ਬਹੁਤ ਕੁਝ ਜਾਣਨ ਨੂੰ ਮਿਲਿਆ ਹੈ ਅਤੇ ਅਸੀਂ ਉਨ੍ਹਾਂ ਦੇ ਕਈ ਗੁਣਾਂ ਤੋਂ ਜਾਣੂ ਹੋਏ ਹਾਂ।' ਉਨ੍ਹਾਂ ਕਿਹਾ ਕਿ ਭਾਰਤ ਤੋਂ ਆਈ ਕੋਰਡੇ ਦੇ ਮਾਤਾ-ਪਿਤਾ ਨੇ ਉਨ੍ਹਾਂ ਦੀ ਵਧੀਆ ਪਰਵਰਿਸ਼ ਕੀਤੀ ਹੈ। ਕੋਰਡੇ ਨੇ ਮਨੁੱਖਤਾਵਾਦੀ ਸਹਾਇਤਾ ਬਿਊਰੋ ਦੇ ਪ੍ਰਸ਼ਾਸਕ ਦੇ ਉਪ ਸਹਾਇਕ ਵਜੋਂ ਵੀ ਕੰਮ ਕੀਤਾ ਹੈ। ਪ੍ਰਸ਼ਾਸਕ ਦੇ ਉਪ ਸਹਾਇਕ ਵਜੋਂ ਆਪਣੇ ਕਾਰਜਕਾਲ ਦੌਰਾਨ ਕੋਰਡੇ ਨੇ ਪੱਛਮੀ ਏਸ਼ੀਆ ਸਬੰਧੀ ਮਨੁੱਖਤਾਵਾਦੀ ਮੁੱਦਿਆਂ ਲਈ ਅਮਰੀਕਾ ਦੇ ਵਿਸ਼ੇਸ਼ ਉਪ ਰਾਜਦੂਤ ਵਜੋਂ ਸੇਵਾ ਕੀਤੀ। ਉਨ੍ਹਾਂ 'ਤੇ ਗਾਜ਼ਾ ਵਿੱਚ ਮਨੁੱਖਤਾਵਾਦੀ ਸੰਕਟ ਨੂੰ ਹੱਲ ਕਰਨ ਲਈ ਦੇਸ਼ ਦੇ ਕੂਟਨੀਤਕ ਯਤਨਾਂ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਸੀ। ਕੋਰਡੇ ਨੇ ਗਲੋਬਲ ਹੈਲਥ ਐਂਡ ਡਿਵੈਲਪਮੈਂਟ ਦੇ ਡਾਇਰੈਕਟਰ ਵਜੋਂ ਰਾਸ਼ਟਰੀ ਸੁਰੱਖਿਆ ਪਰਿਸ਼ਦ ਵਿੱਚ ਵੀ ਕੰਮ ਕੀਤਾ ਹੈ। ਕੋਰਡੇ ਨੇ 2005 ਤੋਂ 2013 ਤੱਕ USAID ਦੇ ਗਲੋਬਲ ਹੈਲਥ ਬਿਊਰੋ ਵਿੱਚ ਮਲੇਰੀਆ ਨਾਲ ਨਜਿੱਠਣ ਸਬੰਧੀ ਰਾਸ਼ਟਰਪਤੀ ਦੀ ਪਹਿਲਕਦਮੀ ਲਈ ਸੀਨੀਅਰ ਤਕਨੀਕੀ ਸਲਾਹਕਾਰ ਵਜੋਂ ਕੰਮ ਕੀਤਾ ਸੀ।



# ਅਮਰੀਕੀ ਚੋਣਾਂ 'ਚ ਜੋਅ ਬਾਈਡੇਨ ਦੀ ਥਾਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਪਤਨੀ ਮਿਸ਼ੇਲ ਦੀ ਹੋ ਸਕਦੀ ਹੈ ਐਂਟਰੀ

ਵਾਸ਼ਿੰਗਟਨ : ਅਮਰੀਕਾ ਵਿੱਚ ਇਸ ਸਾਲ ਦੇ ਅਖ਼ੀਰ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਹੈਰਾਨੀਜਨਕ ਐਂਟਰੀ ਹੋ ਸਕਦੀ ਹੈ। ਫੌਕਸ ਨਿਊਜ਼ ਦੀ ਰਿਪੋਰਟ ਮੁਤਾਬਕ ਰਾਸ਼ਟਰਪਤੀ ਜੋਅ ਬਾਈਡੇਨ ਆਖਰੀ ਸਮੇਂ 'ਤੇ ਆਪਣੀ ਉਮੀਦਵਾਰੀ ਛੱਡ ਸਕਦੇ ਹਨ ਅਤੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਪਤਨੀ ਮਿਸ਼ੇਲ ਓਬਾਮਾ ਨੂੰ ਡੈਮੋਕ੍ਰੇਟਿਕ ਪਾਰਟੀ ਵੱਲੋਂ ਉਨ੍ਹਾਂ ਦੀ ਥਾਂ 'ਤੇ ਉਮੀਦਵਾਰ ਬਣਾਇਆ ਜਾ ਸਕਦਾ ਹੈ। ਦਰਅਸਲ, ਵਿਸ਼ੇਸ਼ ਵਕੀਲ ਰਾਬਰਟ ਹੇਰ ਵੱਲੋਂ ਹਾਲ ਹੀ ਵਿੱਚ ਇੱਕ ਰਿਪੋਰਟ ਜਾਰੀ ਕੀਤੀ ਗਈ ਸੀ, ਜਿਸ ਵਿੱਚ ਇਹ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਬਾਈਡੇਨ ਮਾਨਸਿਕ ਅਤੇ ਸਰੀਰਕ ਤੌਰ 'ਤੇ ਸੰਘਰਸ਼ ਕਰ ਰਹੇ ਹਨ। ਇਸ ਲਈ ਉਨ੍ਹਾਂ ਲਈ ਚੋਣ ਲੜਨਾ ਠੀਕ ਨਹੀਂ ਹੈ।





ਉਥੇ ਹੀ ਰਿਪੋਰਟ ਨੂੰ ਖਾਰਜ ਕਰਦਿਆਂ ਬਾਈਡੇਨ ਨੇ ਕਿਹਾ ਸੀ ਕਿ ਉਮਰ ਦੇ ਨਾਲ ਕੁਝ ਸਮੱਸਿਆਵਾਂ ਆਉਂਦੀਆਂ ਹਨ, ਪਰ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਫਿੱਟ ਨਹੀਂ ਹਾਂ। ਮੀਡੀਆ ਰਿਪੋਰਟਾਂ ਦਾ ਕਹਿਣਾ ਹੈ ਕਿ ਡੈਮੋਕ੍ਰੇਟਿਕ ਪਾਰਟੀ ਬਰਾਕ ਓਬਾਮਾ ਦੀ ਲੋਕਪ੍ਰਿਅਤਾ ਦਾ ਫਾਇਦਾ ਉਠਾਉਣ ਲਈ ਮਿਸ਼ੇਲ ਨੂੰ ਰਾਸ਼ਟਰਪਤੀ ਅਹੁਦੇ ਦਾ ਉਮੀਦਵਾਰ ਬਣਾ ਸਕਦੀ ਹੈ। ਭਾਰਤੀ ਮੂਲ ਦੇ ਵਿਵੇਕ ਰਾਮਾਸਵਾਮੀ ਵੀ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਉਮੀਦਵਾਰ ਬਣਨ ਦੀ ਦੌੜ ਵਿੱਚ ਸਨ। ਬਾਅਦ ਵਿੱਚ ਉਨ੍ਹਾਂ ਨੇ ਡੋਨਾਲਡ ਟਰੰਪ ਦੇ ਸਮਰਥਨ ਵਿੱਚ ਆਪਣਾ ਨਾਮ ਵਾਪਸ ਲੈ ਲਿਆ। 9 ਫਰਵਰੀ ਨੂੰ ਵਿਵੇਕ ਨੇ ਡੈਮੋਕਰੇਟ ਉਮੀਦਵਾਰ ਬਾਰੇ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਸੀ। ਵਿਵੇਕ ਨੇ ਕਿਹਾ ਸੀ ਕਿ ਡੈਮੋਕ੍ਰੇਟਿਕ ਪਾਰਟੀ ਬਾਈਡੇਨ ਦੀ ਬਜਾਏ ਮਿਸ਼ੇਲ ਓਬਾਮਾ ਨੂੰ ਰਾਸ਼ਟਰਪਤੀ ਉਮੀਦਵਾਰ ਬਣਾਉਣ 'ਤੇ ਵਿਚਾਰ ਕਰ ਰਹੀ ਹੈ। ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਵੀ ਬਾਈਡੇਨ ਦੀ ਮਾਨਸਿਕ ਅਤੇ ਸਰੀਰਕ ਯੋਗਤਾ 'ਤੇ ਸਵਾਲ ਚੁੱਕੇ ਹਨ। ਕਲਿੰਟਨ ਨੇ ਇੱਕ ਇੰਟਰਵਿਊ ਵਿੱਚ ਮੰਨਿਆ ਕਿ ਜੇਕਰ ਡੈਮੋਕਰੇਟਸ ਨੇ ਬਾਈਡੇਨ ਨੂੰ ਨਾਮਜ਼ਦ ਕੀਤਾ ਤਾਂ ਟਰੰਪ ਨੂੰ ਸਿੱਧਾ ਫਾਇਦਾ ਹੋਵੇਗਾ। ਇਸ ਲਈ ਬਾਈਡੇਨ ਦਾ ਬਦਲਾਅ ਲੱਭਣਾ ਜ਼ਰੂਰੀ ਹੈ। ਉਥੇ ਹੀ ਰਿਪਬਲਿਕਨ ਪਾਰਟੀ ਵੱਲੋਂ ਟਰੰਪ ਦਾ ਉਮੀਦਵਾਰ ਬਣਨਾ ਤੈਅ ਮੰਨਿਆ ਜਾ ਰਿਹਾ ਹੈ। ਹਾਲਾਂਕਿ, ਉਨ੍ਹਾਂ ਦੀ ਕਿਸਮਤ 'ਤੇ ਫੈਸਲਾ ਜ਼ਿਆਦਾਤਰ ਸੰਘੀ ਸੁਪਰੀਮ ਕੋਰਟ ਦੇ ਹੱਥਾਂ ਵਿੱਚ ਹੈ।

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

# ਸ਼ਹੀਦੀ ਸਾਕਾ ਗੁ. ਸਾਹਿਬ ਓਕ ਕਰੀਕ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪੰਜਾਬ ਦੇ ਮੁਖ ਮੰਤਰੀ ਸ.ਪ੍ਰਕਾਸ਼ ਸਿੰਘ ਬਾਦਲ ਨੇ ਸਮੂਹ ਸ਼ਹੀਦਾਂ ਦੇ ਘਰ ਘਰ ਜਾ ਕੇ ਉਨ੍ਹਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ ਅਤੇ ਢਾਰਸ ਦਿੱਤੀ ਅਤੇ ਮਿਤੀ 12 ਅਗਸਤ, 2012 ਨੂੰ ਗੁਰਦੁਆਰਾ ਸਾਹਿਬ ਓਕ ਕਰੀਕ ਵਿਖੇ ਉਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਪਾਏ ਭੋਗ ਸਮੇਂ ਸੰਗਤ ਵਿਚ ਸ਼ਾਮਲ ਹੋ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਅਤੇ ਹਰ ਸ਼ਹੀਦ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ ਪੰਜ ਪੰਜ ਲੱਖ ਰੁਪਏ ਸਹਾਇਤਾ ਦੇਣਾ ਦਾ ਐਲਾਨ ਕੀਤਾ। ਸ. ਪ੍ਰਕਾਸ਼ ਸਿੰਘ ਬਾਦਲ ਨੇ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਨਾਲ ਨਿਜੀ ਸੰਪਰਕ ਕਰ ਕੇ ਉਨ੍ਹਾਂ ਨੂੰ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ ਦੀ ਰੱਖਿਆ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਿਹਾ ਅਤੇ ਉਨ੍ਹਾਂ ਨੂੰ ਸਿੱਖਾਂ ਦੀਆਂ ਗਹਿਰ ਗੰਭੀਰ ਭਾਵਨਾਵਾਂ ਤੋਂ ਜਾਣੂ ਕਰਵਾਇਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਸਾਹਿਬ ਸ. ਅਵਤਾਰ ਸਿੰਘ ਮੱਕੜ ਦੀ ਅਗਵਾਈ ਵਿਚ 9 ਅਗਸਤ, 2012 ਨੂੰ ਗੁਰਦੁਆਰਾ ਸਾਹਿਬ ਸ੍ਰੀ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਮੂਹ ਸ਼ਹੀਦ ਸਿੰਘਾਂ ਨੂੰ ਭਰਪੂਰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਜਿਸ ਅੰਗਰੇਜ਼ ਪੁਲਿਸ ਅਧਿਕਾਰੀ ਨੇ ਉਸ ਹਮਲਾਵਰ ਨੂੰ ਸੋਧਿਆ ਅਤੇ ਭਾਈ ਸਤਵੰਤ ਸਿੰਘ ਕਾਲੇਕਾ ਨੂੰ (ਸ਼ਹੀਦੀ ਉਪਰੰਤ) ਸੋਨ-ਤਗਮਿਆਂ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਅਤੇ ਦਿੱਲੀ ਦੇ ਦੋ ਸ਼ਹੀਦ ਹੋਏ ਰਾਗੀਆਂ ਦੇ ਪਰਿਵਾਰਾਂ ਨੂੰ ਦੋ ਦੋ ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਥੇ ਇਹ ਵਰਣਲ ਕਰਨਾ ਵੀ ਬਣਦਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਸਮੇਤ ਸਮੂੰਹ ਅਮਰੀਕਨ ਭਾਈਚਾਰੇ ਨੇ ਉਸ ਮੰਦਭਾਗੀ ਘਟਨਾ ਦੀ ਨਿਖੇਧੀ ਕੀਤੀ ਅਤੇ ਸ਼ਹੀਦਾਂ ਨੂੰ ਭਰਪੂਰ ਸ਼ਰਧਾਂਜਲੀ ਭੇਟ ਕੀਤੀ। ਇਸ ਸਮੇਂ ਅਮਰੀਕਨ ਸਰਕਾਰ ਵੱਲੋਂ ਵੀ ਉਚ ਅਧਿਕਾਰੀ ਸ਼ਾਮਲ ਹੋਏ। ਇਥੋਂ ਤੱਕ ਕਿ ਅਮਰੀਕਾ ਦਾ ਰਾਸ਼ਟਰੀ ਝੰਡਾ ਤਿੰਨ ਦਿਨ ਨੀਵਾਂ ਰੱਖ ਕੇ ਸਿੱਖ ਕੌਮ ਨਾਲ ਭਰਪੂਰ ਹਮਦਰਦੀ ਅਤੇ ਇਕਸੁਰਤਾ ਦਾ ਪ੍ਰਗਟਾਵਾ ਕੀਤਾ। ਗੁਰਦੁਆਰਾ ਸਾਹਿਬ ਓਕ ਕਰੀਕ ਦੇ ਸ਼ਰਧਾਂਜਲੀ ਸਮਾਗਮ ਸਮੇਂ ਅਮਰੀਕਾ ਦੇ ਅਟਾਰਨੀ ਜਨਰਲ ਨੇ ਖੁਦ ਸੰਗਤ ਵਿਚ ਹਾਜ਼ਰ ਹੋ ਕੇ ਅਮਰੀਕਨ ਰਾਸ਼ਟਰਪਤੀ ਬਰਾਕ ਓਬਾਮਾ ਸਮੇਤ ਸਮੂਹ ਅਮਰੀਕਨ ਭਾਈਚਾਰੇ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਅਤੇ ਉਸ ਮੰਦਭਾਗੀ ਘਟਨਾ ਉਤੇ ਡੂੰਘੇ ਦੁੱਖ ਅਤੇ ਅਫਸੋਸ ਦਾ ਪ੍ਰਗਟਾਵਾ ਕੀਤਾ। ਇਹ ਵੀ ਐਲਾਨ ਕੀਤਾ ਕਿ ਭਾਈ ਸਤਵੰਤ ਸਿੰਘ ਕਾਲੇਕਾ ਦੀ ਦਲੇਰੀ, ਸਿਦਕ ਦਿਲੀ ਅਤੇ ਮਿਸਾਲੀ ਹੌਸਲੇ ਨੂੰ ਮੁੱਖ ਰੱਖਦਿਆਂ ਸਮੂੰਹ ਸ਼ਹੀਦਾਂ ਦੀ ਦਾਸਤਾਨ ਨੂੰ ਅਮਰੀਕੀ ਸਕੂਲਾ ਦੇ ਪੜ੍ਹਨ ਵਾਲੇ ਬੱਚਿਆਂ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 3 ਸਤਬੰਰ 1897 ਨੂੰ ਫਰਾਂਸੀਸੀ ਫੌਜਾਂ ਦੀ ਕਮਾਨ ਹੇਠ ਕਬਾਇਲੀਆਂ ਵਿਰੁੱਧ ਹੋਈ 8000 ਫੁੱਟ ਦੀ ਉਚਾਈ ਉਤੇ ਸਾਰਾਗੜ੍ਹੀ ਦੀ ਲੜਾਈ ਵਿਚ 36 ਸਿੱਖ ਬਟਾਲੀਅਨ ( ਹੁਣ 4 ਸਿੱਖ ਬਟਾਲੀਅਨ) ਵੱਲੋਂ ਆਖਰੀ ਦਮ ਤੱਕ ਜੂਝਦੇ ਰਹਣਿ ਅਤੇ ਅੰਤ ਸ਼ਹੀਦੀ ਪਾਉਣ ਦੀ ਗਾਥਾ ਨੂੰ ਫਰਾਂਸ ਦੇ ਸਕੂਲਾਂ ਦੇ ਸਿਲੇਬਸ ਵਿਚ ਪੜ੍ਹਾਇਆ ਜਾਂਦਾ ਹੈ। ਸਿੱਖਾਂ ਦੀ ਬਹਾਦਰੀ ਦੀ ਗਾਥਾ ਦੀ ਚਰਚਾ ਇੰਗਲੈਂਡ ਦੀ ਪਾਰਲੀਮੈਂਟ ਵਿਚ ਸੁਣਾਈ ਗਈ ਅਤੇ ਉਨਾਂ ਸ਼ਹੀਦੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।




ਜਿਥੇ ਉਕਤ ਦਿਲ ਕੰਬਾਊ ਮੰਦਭਾਗੀ ਘਟਨਾ ਵਿਚ ਹੋਏ ਸਮੂਹ ਸ਼ਹੀਦਾਂ ਨੂੰ ਸੰਸਾਰ ਵਿਚ ਸਮੁੱਚੇ ਸਿੱਖ ਭਾਈਚਾਰੇ ਅਤੇ ਮਾਨਵਵਾਦੀ ਲੋਕਾਂ ਵੱਲੋਂ ਭਰਪੂਰ ਸ਼ਰਧਾਂਜਲੀ ਭੇਟ ਕੀਤੀ ਗਈ ਉਥੇ ਸ. ਸਤਵੰਤ ਸਿੰਘ ਕਾਲੇਕਾ ਦੀ ਬਹਾਦਰੀ ਨੂੰ ਵੀ ਭਰਪੂਰ ਸਲਾਹਿਆ ਗਿਆ। ਨਿਸਚੇ ਹੀ ਭਾਈ ਕਾਲੇਕਾ ਸ਼ਹੀਦ ਸਿੰਘਾਂ ਦੀ ਲੜੀ ਵਿਚ ਸ਼ਾਮਲ ਹੋ ਕੇ ਸਦਾ ਲਈ ਅਮਰ ਹੋ ਗਏ ਹਨ। ਅਸੀਂ ਉਨ੍ਹਾਂ ਦੀ ਸਿਦਕ ਦਿਲੀ, ਸਿੱਖੀ ਜਜਬੇ, ਦ੍ਰਿੜਤਾ ਅਤੇ ਹੌਸਲੇ ਅਤੇ ਸ਼ਹੀਦੀ ਨੂੰ ਨਤਮਸਤਕ ਹੁੰਦੇ ਹਾਂ।

ਭਾਈ ਸਤਵੰਤ ਸਿੰਘ ਕਾਲੇਕਾ ਦਾ ਸਬੰਧ ਪਟਿਆਲਾ ਜ਼ਿਲ੍ਹਾ ਨਾਲ ਹੈ। ਜਿਥੇ ਦੇਸ਼ ਅਤੇ ਵਿਦੇਸ਼ਾਂ ਵਿਚ ਉਨ੍ਹਾਂ ਸਮੂਹ ਸ਼ਹੀਦਾਂ ਸਬੰਧੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਜਖਮੀਆਂ ਦੀ ਜਲਦ ਸਿਹਤਯਾਬੀ ਲਈ ਅਰਦਾਸ ਕੀਤੀ ਗਈ, ਉਥੇ ਪਟਿਆਲਾ ਸ਼ਹਿਰ ਦੀਆਂ ਸੰਗਤਾਂ ਵੱਲੋਂ ਭਾਈ ਰਵਿੰਦਰਪਾਲ ਸਿੰਘ ਸਵੀਟੀ ਦੀ ਅਗਵਾਈ ਵਿਚ ਪਟਿਆਲੇ ਸ਼ਹਿਰ ਦੇ ਗੁਰਦੁਆਰਾ ਸ੍ਰੀ ਗੁਰੂ ਨਵੀਨ ਸਿੰਘ ਸਿੰਘ ਸਭਾ, ਧਰਮਪੁਰਾ ਬਜ਼ਾਰ ਪਟਿਆਲਾ ਵਿਖੇ 12 ਅਗਸਤ,2012 ਨੂੰ ਪਾਠ ਦੇ ਭੋਗ ਉਪਰੰਤ ਸ਼ਹੀਦਾਂ ਨੂੰ ਸ਼ਰਧਾਂਜਲੀ ਰੂਪੀ ਅਰਦਾਸ ਕੀਤੀ ਗਈ ਅਤੇ ਸ. ਅਮਰਜੀਤ ਸਿੰਘ ਕਾਲੇਕਾ ਅਤੇ ਸ. ਸੁਰਜੀਤ ਸਿੰਘ ਰੱਖੜਾ ਦੇ ਦੋਹਾਂ ਪਰਿਵਾਰਾਂ ਵੱਲੋਂ 16 ਅਗਸਤ, 2012 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਿਖੇ ਸ੍ਰੀ ਅਖੰਡੀ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਵੱਖ ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸ਼ਖਸੀਅਤਾਂ ਵੱਲੋਂ ਭਾਈ ਸਤਵੰਤ ਸਿੰਘ ਕਾਲੇਕਾ ਅਤੇ ਬਾਕੀ ਸ਼ਹੀਦ ਸਿੰਘਾਂ ਨੂੰ ਭਰਪੂਰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਜਖਮੀਆਂ ਦੀ ਜਲਦ ਸਿਹਤਯਾਬੀ ਲਈ ਅਰਦਾਸ ਕੀਤੀ ਗਈ। ਇਸੇ ਤਰ੍ਹਾਂ 12 ਸਤੰਬਰ,2012 ਨੂੰ ਭਾਈ ਸਤਵੰਤ ਸਿੰਘ ਕਾਲੇਕਾ ਦੇ ਜੱਦੀ ਪਿੰਡ 'ਕਾਲੇਕੀ ਦੁਗਾਲ' (ਨੇੜੇ ਪਾਤੜਾਂ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਜਿਸ ਵਿਚ ਹੋਰਨਾਂ ਸ਼ਖਸੀਅਤਾਂ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਉਚੇਚੇ ਤੌਰ ਤੇ ਸੰਗਤਾਂ ਵਿਚ ਹਾਜ਼ਰ ਹੋਏ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

(ਛ) ਗੁਰਦੁਆਰੇ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਿਰ ਨਿਵਾ ਕੇ ਮੱਥਾ ਟੇਕਣਾ ਹੈ। ਉਪਰੰਤ ਗੁਰੂ ਰੂਪ ਸੰਗਤ ਦੇ ਦਰਸ਼ਨ ਕਰਕੇ ਸਹਿਜ ਨ ਾਲ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਈ ਜਾਵੇ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬ ਪੰਨਾ ੫)

ਤਬਦੀਲੀ

1. ਮੂਲ ਸਿੱਖ ਰਹਿਤ ਮਰਯਾਦਾ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਿਰ ਨਿਵਾ ਕੇ ਮੱਥਾ ਟੇਕਣਾ' ਸੀ। ਇਸ ਵਿਚੋਂ 'ਸਿਰ ਨਿਵਾ ਕੇ' ਕੱਟ ਦਿੱਤਾ ਗਿਆ ਹੈ।

ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 4 ਰਾਹੀਂ ਕੀਤੀ ਗਈ, ਜੋ ਇਸ ਤਰ੍ਹਾਂ ਸੀ :

"4. ਹੈਡਿੰਗ ਗੁਰਦੁਆਰੇ ਦੇ ਅੰਕ (ਫ) ਵਿਚੋਂ ਲਫ਼ਜ਼ 'ਸਿਰ ਨਿਵਾ ਕੇ' ਕੱਟ ਦਿੱਤੇ ਜਾਣ।"

2. 'ਗੁਰੂ ਰੂਪ ਸੰਗਤ ਦੇ ਦਰਸ਼ਨ ਕਰਕੇ' ਨੂੰ 'ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰਕੇ' ਕੀਤਾ ਗਿਆ ਹੈ।

ਮੱਥਾ ਟੇਕਣਾ ਜਾਂ ਸਿਰ ਨਿਵਾ ਕੇ ਮੱਥਾ ਟੇਕਣਾ

ਸਿੱਖ ਰਹਿਤ ਮਰਯਾਦਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸਿਰ ਨਿਵਾ ਕੇ ਮੱਥਾ ਟੇਕਣਾ ਲਿਖਿਆ ਸੀ ਅਤੇ ਹੁੰਦਾ ਵੀ ਇਸੇ ਤਰ੍ਹਾਂ ਹੈ। ਇਸ ਵਿਚੋਂ 'ਸਿਰ ਨਿਵਾ ਕੇ' ਲਫ਼ਜ਼ ਕਟ ਫਿਦੱਤੇ ਗਏ ਹਨ। ਇਹ ਤਬਦੀਲੀ ਕਰਨ ਦੀ ਲੋੜ ਕੀ ਪਈ ਇਸ ਦੀ ਕੋਈ ਵਿਆਖਿਆ ਨਹੀਂ ਕੀਤੀ ਗਈ ਹੈ।

ਮੱਥਾ ਟੇਕਣ ਜਾਂ ਸਿਰ ਨਿਵਾ ਕੇ ਮੱਥਾ ਟੇਕਣ ਵਿਚ ਬਹੁਤ ਅੰਤਰ ਹੈ। ਆਮ ਤੌਰ 'ਤੇ ਵੀ ਜਦੋਂ ਕੋਈ ਸਿੱਖ ਗੁਰਦੁਆਰੇ ਦੇ ਅੰਦਰ ਪ੍ਰਵੇਸ਼ ਕਰਦਾ ਹੈ ਤਾਂ ਪ੍ਰਤੱਖ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਦਿਆਂ ਸਾਰ ਹੀ ਉਸਦਾ ਸਿਰ ਆਪ ਮੁਹਾਰੇ ਝੁਕ ਜਾਂਦਾ ਹੈ। ਜਦੋਂ ਉਹ ਅੱਖਾਂ ਬੰਦ ਕਰ ਕੇ ਸਿਰ ਝੁਕਾਂਦਾ ਹੈ ਤਾਂ ਇਕ ਰੂਹਾਨੀ ਝਰਨਾਹਟ ਅਤੇ ਬਖਸ਼ਿਸ਼ ਮਹਿਸੂਸ ਕਰਦਾ ਹੈ। ਇਸ ਲਈ ਅਰਦਾਸ ਵਾਲੇ ਆਧਿਆਇ ਵਿਚ ਵੀ ਅੰਕਤ ਸੀ ਕਿ 'ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇ।'

ਇਸ ਦੇ ਇਲਾਵਾ ਆਮ ਜ਼ਿੰਦਗੀ ਵਿਚ ਵੀ ਜਦੋਂ ਕੋਈ ਕਿਸੇ ਅਦਾਲਤ ਵਿਚ ਪ੍ਰਵੇਸ਼ ਕਰਦਾ ਹੈ ਤਾਂ ਜੱਜ ਦੇ ਸਾਹਮਣੇ ਸਿਰ ਝੁਕਾਂਦਾ ਹੈ। ਇਹ ਇਕ ਸਤਿਕਾਰ ਦਾ ਚਿੰਨ੍ਹ ਹੈ। ਛੋਟੇ ਸਾਹਿਬਜ਼ਾਦਿਆਂ ਕੋਲੋਂ ਵੀ ਵਜ਼ੀਦੇ ਦੀ ਕਚਹਿਰੀ ਵਿਚ ਪ੍ਰਵੇਸ਼ ਕਰਨ ਸਮੇਂ ਛੋਟੀ ਖਿੜਕੀ 'ਚੋਂ ਲਾਂਘਾ ਰੱਖਿਆ ਗਿਆ ਸੀ ਕਿ ਉਹ ਸਿਰ ਝੁਕਾਅ ਕੇ ਅੰਦਰ ਲੰਘਣ। ਪਰ ਉਨ੍ਹਾਂ ਨੇ ਪੈਰ ਅੰਦਰ ਕਰ ਕੇ ਇਸ ਚਾਲ ਨੂੰ ਪੂਰੀ ਤਰ੍ਹਾਂ ਨਿਰਸਤ ਕਰ ਦਿੱਤਾ। ਗੁਰੂ ਚਰਨਾਂ ਦੇ ਭੌਰੇ ਭਾਈ ਨੰਦ ਲਾਲ ਜੀ ਫਰਮਾਂਦੇ ਹਨ :

ਸਰ ਅਗਰ ਦਾਰੀ ਬਿਰੌ ਸਰ ਰਾ ਬਿਨਿਹ ਰ ਪਾਇ ਊ

ਜਾਂ ਅਗਰ ਦਾਰੀ ਨਿਸਾਰਿਸ਼ ਕੁਨ ਅਗਰ ਦਰਕਾਰ ਹਸਤ॥

(ਜੇ ਤੇਰੇ ਕੋਲ ਸਿਰ ਹੈ, ਤਾਂ ਜਾ, ਜਾ ਕੇ ਸਿਰ ਨੂੰ ਉਸ ਮਾਲਿਕ ਦੇ ਚਰਨਾਂ 'ਤੇ ਧਰ ਦੇ, ਅਤੇ ਜੇ ਤੇਰੇ ਪਾਸ ਜਾਨ ਹੈ ਅਤੇ ਤੈਨੂੰ ਲੋੜੀਂਦੀ ਹੈ, ਤਾਂ ਇਸ ਨੂੰ ਉਸ ਤੋਂ ਕੁਰਬਾਨ ਕਰ ਦੇ।)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਰਾਜ ਵੀ ਜਦੋਂ ਨਵਾਬ ਸੁਲਤਾਨਪੁਰ ਲੋਧੀ ਦੇ ਸਾਹਮਣੇ ਆਏ ਤਾਂ ਉਨ੍ਹਾਂ ਨੇ ਨਵਾਬ ਨੂੰ ਸਲਾਮ ਨਾ ਕੀਤੀ ਤਾਂ ਵਜ਼ੀਰ ਨੇਕਿਹਾ, ਨਾਨਕ! ਇਹ ਨਵਾਬ ਸਾਹਿਬ ਹਨ, ਝੁਕ ਕੇ ਸਲਾਮ ਕਰ। ਹਜ਼ੂਰ ਨੇ ਜਵਾਬ ਦੱਤਾ :

ਆ ਤਮਾਂ ਬੂਦ ਸਲਾਮ ਮੀ ਕਰਦ।




ਗਰਦਨ ਬੇ-ਤਮਾਂ ਬਲੰਦ ਬੁਵਦ॥

(ਜਿਸ ਵਿਅਕਤੀ ਦੇ ਅੰਦਰ ਤਮਾਂ ਜਾਂ ਲਾਲਚ ਹੋਏਗਾ ਉਸਦੀ ਗਰਦਨ ਝੁਕੇਗੀ। ਬੇ-ਤਮਾਂ ਵਿਅਕਤੀ ਦੀ ਗਰਦਨ ਹਮੇਸ਼ਾ ਬੁਲੰਦ ਰਹੇਗੀ।)

ਸਿਰ ਨਿਵਾਣਾ ਜਾਂ ਸਿਰ ਝੁਕਾਣਾ ਅਦਬ ਅਤੇ ਸਤਿਕਾਰ ਦਾ ਚਿੰਨ੍ਹ ਹੈ। ਇਸ਼ਟ ਦਾ ਧਿਆਨ ਆਉਂਦਿਆਂ ਹੀ ਸਿਰ ਆਪ ਮੁਹਾਰੇ ਝੁਕ ਜਾਂਦਾ ਹੈ।

ਜਿਸ ਦਰ ਪੇ ਝੁਕੇ ਸਰ ਨਾ ਉਸੇ ਦਰ ਨਹੀਂ ਕਹਿਤੇ।

ਜੋਹਰ ਜਾਂ ਪੇ ਝੁਕ ਜਾਏ ਉਸੇ ਸਰ ਨਹੀਂ ਕਹਿਤੇ।

ਸਹਿਜ ਨਾਲ ਫ਼ਤਹਿ ਬੁਲਾਣੀ

ਇਥੇ ਅੰਕਤ ਹੈ, 'ਗੁਰੂ ਰੂਪ ਸਾਧ ਸੰਗਤ ਦੇ ਦਰਸ਼ਨ ਕਰਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਬੁਲਾਈ ਜਾਵੇ।' ਜਿਸ ਤੋਂ ਸਪਸ਼ਟ ਹੈ ਕਿ ਇਹ ਕੇਵਲ ਸਾਧ ਸੰਗਤ ਨਹੀਂ ਬਲਕਿ 'ਗੁਰੂ ਰੂਪ ਸਾਧ ਸੰਗਤ' ਹੈ ਜਿਸ ਨੂੰ ਫ਼ਤਹਿ ਬੁਲਾਣੀ ਹੈ। ਪਰ ਇਤਨੇ ਸਹਿਜ ਵਿਚ ਹੋਵੇ ਕਿ ਆਮ ਸੰਗਤ ਦੇ ਧਿਆਨ ਵਿਚ ਵਿਘਨ ਨਾ ਪਵੇ।

(ਜ) ਸੰਗਤ ਵਿਚ ਬੈਠਣ ਲਈ ਭੀ ਸਿੱਖ-ਅਸਿੱਖ, ਛੂਤ-ਛਾਤ, ਜਾਤ-ਪਾਤ, ਊਚ-ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ। (ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੪)

ਵਿਆਖਿਆ

"ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥" ਅਤੇ "ਏਕ ਨੂਰ ਤੇ ਸਭੁ ਜਮੁ ਉਪਜਿਆ ਕਉਨ ਭਲੇ ਕੋ ਮੰਦੇ॥" ਸਿੱਖੀ ਦੇ ਮੁਢਲੇ ਅਸੂਲ ਹਨ। ਸਿੱਖ ਰਹਿਤ ਮਰਯਾਦਾ ਦੀ ਇਹ ਮੱਦ ਇਸ ਨੂੰ ਅਮਲੀ ਰੂਪ ਵਿਚ ਪੇਸ਼ ਕਰਦੀ ਹੈ। ਹਜ਼ੂਰ ਨੇ ਹੁਕਮ ਕੀਤਾ :

ਬਿਸਰਿ ਗਈ ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ ਰਹਾਉ॥

ਨ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥੧॥

ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥੨॥

ਸਭ ਮਹਿ ਰਵਿ ਰਹਿਆ ਪ੍ਰਭ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥੩॥੮॥

ਨਿੱਜੀ ਤੌਰ 'ਤੇ ਕਿਸੇ ਵਿਅਕਤੀ ਦੀ ਕੁਝ ਵੀ ਹੈਸੀਅਤ ਹੋਏ ਪਰ ਜਦੋਂ ਉਹ ਸੰਗਤ ਵਿਚ ਪਹੁੰਚ ਜਾਂਦਾ ਹੈ ਤਾਂ ਇਹ ਸੰਗਤ ਗੁਰੂ ਰੂਪ ਹੋ ਜਾਂਦੀ ਹੈ। ਫਿਰ ਇਥੇ ਉਸਦੇ ਧਰਮ, ਜਾਤ, ਫ਼ਿਰਕੇ, ਰੰਗ ਨ ਸਲ ਦੇ ਹੋਣ ਦਾ ਕੋਈ ਫ਼ਰਕ ਨਹੀਂ ਪੈਂਦਾ।

**(ਚਲਦਾ)**

# 5 ਮਾਰਚ ਨੂੰ ਪਿੰਡ ਕਾਉਂਕੇ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤਕ ਕੱਢਿਆ ਜਾਵੇਗਾ ਇਨਸਾਫ਼ ਮਾਰਚ

ਜਲੰਧਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇ. ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਦੇ ਮਾਮਲੇ ਵਿਚ ਇਨਸਾਫ਼ ਲੈਣ ਲਈ ਆਰੰਭੀ ਮੁਹਿੰਮ ਤਹਿਤ ਪੰਥਕ ਜਥੇਬੰਦੀਆਂ ਵੱਲੋਂ ਬੀਤੇ ਦਿਨ ਜਲੰਧਰ-ਨਕੋਦਰ ਰੋਡ 'ਤੇ ਸਥਿਤ ਰਾਇਲ ਰਿਜ਼ਾਰਟ ਪਿੰਡ ਤਾਜਪੁਰ, ਨੇੜੇ ਵੰਡਰਲੈਂਡ ਵਿਖੇ ਇਕ ਭਾਰੀ ਪੰਥਕ ਇਕੱਠ ਕੀਤਾ ਗਿਆ, ਜਿਸ ਵਿਚ ਕਿਸਾਨ ਜਥੇਬੰਦੀਆਂ, ਸਿੱਖ ਫੈੱਡਰੇਸ਼ਨਾਂ, ਸੰਤਾਂ-ਮਹਾਪੁਰਸ਼ਾਂ, ਨਿਹੰਗ ਸਿੰਘ ਜਥੇਬੰਦੀਆਂ, ਵੱਖ-ਵੱਖ ਸਿੱਖ ਸੰਪ੍ਰਦਾਵਾਂ, ਦਿੱਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਗੁਰਦੁਆਰਾ ਕਮੇਟੀ, ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਮੈਂਬਰ, ਸਿਆਸੀ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਨੁਮਾਇੰਦੇ ਸ਼ਾਮਲ ਹੋਏ।

ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਦੱਸਿਆ ਕਿ ਪੰਥਕ ਇਕੱਠ ਵਿਚ ਸਰਬਸੰਮਤੀ ਨਾਲ 8 ਮਤੇ ਪਾਸ ਕੀਤੇ ਗਏ, ਜਿਨ੍ਹਾਂ ਵਿਚੋਂ ਇਕ ਮਤੇ ਵਿਚ ਫ਼ੈਸਲਾ ਕੀਤਾ ਗਿਆ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਮਾਮਲੇ ਵਿਚ ਇਨਸਾਫ਼ ਲੈਣ ਲਈ 5 ਮਾਰਚ ਨੂੰ ਪਿੰਡ ਕਾਉਂਕੇ ਤੋਂ ਇਕ ਇਨਸਾਫ਼ ਮਾਰਚ ਸ੍ਰੀ ਅਕਾਲ ਤਖ਼ਤ ਸਾਹਿਬ ਤਕ ਕੱਢਿਆ ਜਾਵੇਗਾ ਅਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਗਿਆ ਪੰਥ ਰਤਨ ਅਤੇ ਫਖਰ-ਏ-ਕੌਮ ਐਵਾਰਡ ਵਾਪਸ ਲੈਣ ਲਈ ਇਕ ਮੈਮੋਰੰਡਮ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਥ ਰਤਨ ਅਤੇ ਫਖਰ-ਏ-ਕੌਮ ਐਵਾਰਡ ਪ੍ਰਕਾਸ਼ ਸਿੰਘ ਤੋਂ ਵਾਪਸ ਲੈ ਕੇ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮੂਹ ਸੰਪਰਦਾਵਾਂ, ਦੇਸ਼-ਵਿਦੇਸ਼ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਸੰਗਤਾਂ ਦੀ ਆਵਾਜ਼ ਬੁਲੰਦ ਕਰਨ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਵੱਡੇ ਪੱਧਰ 'ਤੇ ਮੰਗ-ਪੱਤਰ ਭੇਜਣੇ ਚਾਹੀਦੇ ਹਨ। ਉਨ੍ਹਾਂ ਸ਼੍ਰੀਨਗਰ ਵਿਖੇ ਦੋ ਸਿੱਖ ਨੌਜਵਾਨਾਂ ਨੂੰ ਕਤਲ ਕੀਤੇ ਜਾਣ ਦੀ ਸਖਤ ਨਿੰਦਾ ਕੀਤੀ।

ਪੰਥਕ ਇਕੱਠ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਵੱਲੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਮਰਿਆਦਾ ਅਤੇ ਪ੍ਰਬੰਧ ਵਿਚ ਉੱਥੋਂ ਦੀ ਸਰਕਾਰ ਵੱਲੋਂ ਬੇਲੋੜੀ ਦਖ਼ਲਅੰਦਾਜ਼ੀ ਕਰਨ ਦੀ ਨਿੰਦਾ ਕਰਦਿਆਂ ਸਿੱਖ ਵਿਰੋਧੀ ਅਤੇ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਨਿਯਮਾਂ ਦੀ ਉਲੰਘਣਾ ਕਰਦਿਆਂ ਨਵੇਂ ਬਣਾਏ ਗਏ ਕਾਨੂੰਨ ਨੂੰ ਤੁਰੰਤ ਵਾਪਸ ਲੈਣ ਅਤੇ ਭਾਈ ਕਾਉਂਕੇ ਮਾਮਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਤੁਰੰਤ ਢੁੱਕਵੀਂ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਜੇਲਾਂ ਵਿਚ ਬੰਦ ਬੰਦੀ ਸਿੰਘਾਂ ਜੋ ਕਿ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਭਾਰਤ ਭਰ ਦੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੀ ਪੂਰਨ ਹਮਾਇਤ ਕੀਤੀ।

ਇਸ ਮੌਕੇ ਮਾਤਾ ਗੁਰਮੇਲ ਕੌਰ ਧਰਮਪਤਨੀ ਸਾਬਕਾ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ, ਸੇਵਾ ਸਿੰਘ ਰਾਮਪੁਰ ਖੇੜਾ ਅਤੇ ਬਾਬਾ ਸਰਬਜੋਤ ਸਿੰਘ ਬੇਦੀ ਨੂੰ ਪੰਥਕ ਸ਼ਖ਼ਸੀਅਤਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਸਟੇਜ



ਸਕੱਤਰ ਦੀ ਸੇਵਾ ਭਾਈ ਮਨਜੀਤ ?ਸੰਘ ਭੋਮਾ ਪ੍ਰਧਾਨ ਪੰਜਾਬ ਧਰਮ ਪ੍ਰਚਾਰ ਕਮੇਟੀ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਵੱਲੋਂ ਨਿਭਾਈ ਗਈ। ਪੰਥਕ ਇਕੱਠ ਵਿਚ ਬਾਬਾ ਬਲਜੀਤ ਸਿੰਘ ਦਾਦੂਵਾਲ, ਬਾਬਾ ਸਰਬਜੋਤ ਸਿੰਘ ਬੇਦੀ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ ਵਾਲੇ, ਭਾਈ ਜਸਬੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਭਾਈ ਮੋਹਕਮ ?ਸੰਘ ਬੁਲਾਰਾ ਦਮਦਮੀ ਟਕਸਾਲ, ਗੁਰਦੀਪ ਸਿੰਘ ਬਠਿੰਡਾ, ਕਰਨੈਲ ?ਸੰਘ ਪੰਜੋਲੀ, ਜਥੇ. ਹਰਬੰਸ ਸਿੰਘ ਮੰਝਪੁਰ, ਬੀਬੀ ਹਰਜੀਤ ਕੌਰ ਬਟਾਲਾ ਕਿਸਾਨ ਆਗੂ, ਬਾਬਾ ਬਲਬੀਰ ?ਸੰਘ ਬੁੱਢਾ ਦਲ ਦਾ ਨੁਮਾਇੰਦਾ, ਭਰਪੂਰ ਸਿੰਘ ਧਾਂਦਰਾ ਤੇ ਤਜਿੰਦਰ ਸਿੰਘ ਪੰਨੂ (ਨੁਮਾਇੰਦੇ ਸ਼੍ਰੋਮਣੀ ਅਕਾਲੀ ਦਲ 1920), ਗੁਰਿੰਦਰ ਸਿੰਘ ਬਾਜਵਾ ਬਟਾਲਾ ਆਦਿ ਸਮੇਤ ਵੱਖ-ਵੱਖ ਸੰਪਰਦਾਵਾਂ ਤੇ ਜਥੇਬੰਦੀਆਂ ਦੇ ਆਗੂ ਤੇ ਨੁਮਾਇੰਦੇ ਹਾਜ਼ਰ ਸਨ।

# BASRA
## Heating & Air Conditioning

## ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਅਮਰੀਕਾ ’ਚ ਮਿਨੇਸੋਟਾ ਦੇ ਸਕੂਲਾਂ ’ਚ ਪੜ੍ਹਾਇਆ ਜਾਵੇਗਾ ਸਿੱਖ ਧਰਮ

## 19 ਸੂਬਿਆਂ ਦੇ ਲਗਭਗ 26 ਮਿਲੀਅਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਸਿੱਖਣ ਦਾ ਮੌਕਾ ਮਿਲੇਗਾ

ਮਿਨੇਸੋਟਾ : ਸਿੱਖ ਧਰਮ ਦੀਆਂ ਸਿੱਖਿਆਵਾਂ ਨੂੰ ਸਕੂਲੀ ਸਿਲੇਬਸ ’ਚ ਸ਼ਾਮਲ ਕਰਨ ਵਾਲਾ ਮਿਨੇਸੋਟਾ ਅਮਰੀਕਾ ਦਾ 19ਵਾਂ ਸੂਬਾ ਬਣ ਗਿਆ ਹੈ। ਸਥਾਨਕ ਪੱਧਰ ’ਤੇ ਸਮਾਵੇਸ਼ੀ ਮਾਪਦੰਡਾਂ ਨੂੰ ਅਪਣਾਉਣਾ ਅਤੇ ਲਾਗੂ ਕਰਨਾ 2026-2027 ਦੇ ਸਕੂਲੀ ਸਾਲ ਤੋਂ ਸ਼ੁਰੂ ਹੋ ਜਾਵੇਗਾ, ਜਿਸ ਨਾਲ ਮਿਨੇਸੋਟਾ ਦੇ ਪਬਲਿਕ ਸਕੂਲਾਂ ਦੇ ਲਗਭਗ 8 ਲੱਖ ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਮਿਲੇਗਾ।



ਸਿੱਖ ਕੋਅਲੀਜ਼ਨ ਨੇ ਕਿਹਾ, “19 ਸੂਬਿਆਂ ਦੇ ਲਗਭਗ 26 ਮਿਲੀਅਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਜਾਣਨ ਦਾ ਮੌਕਾ ਮਿਲੇਗਾ। ਲਗਭਗ 9,000 ਅਧਿਆਪਕਾਂ ਦੀ ਕਾਲਜ, ਕੇਅਰ ਅਤੇ ਨਾਗਰਿਕ ਜੀਵਨ ਤਕ ਪਹੁੰਚ ਹੋਵੇਗੀ, ਜਿਸ ਦੀ ਵਰਤੋਂ ਅਧਿਆਪਕ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਸਿਖਾਉਣ ਲਈ ਕਰ ਸਕਦੇ ਹਨ।”

ਇਹ ਸਮੂਹ ਪਿਛਲੇ ਚਾਰ ਸਾਲਾਂ ਤੋਂ ਮਿਨੇਸੋਟਾ ਦੇ ਸਿੱਖਿਆ ਵਿਭਾਗ (ਐਮ.ਡੀ.ਈ.) ਨੂੰ ਇਸ ਬਾਰੇ ਮੰਗ ਕਰ ਰਿਹਾ ਸੀ, ਫਰਵਰੀ 2020 ਵਿਚ ਸਿੱਖ ਸੁਸਾਇਟੀ ਆਫ ਮਿਨੇਸੋਟਾ ਤੋਂ ਵਿਭਾਗ ਨੂੰ ਇਕ ਚਿੱਠੀ ਭੇਜੀ ਗਈ ਸੀ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਸੀ। ਸਿੱਖ ਸੁਸਾਇਟੀ ਆਫ ਮਿਨੇਸੋਟਾ ਗੁਰਦੁਆਰਾ, ਬਲੂਮਿੰਗਟਨ ਦੇ ਸਕੱਤਰ ਰਣਦੀਪ ਸਿੰਘ ਅਰੋੜਾ ਨੇ ਕਿਹਾ, “ਨਵੇਂ ਮਾਪਦੰਡ ਇਹ ਯਕੀਨੀ ਕਰਨਗੇ ਕਿ ਸਿੱਖ ਵਿਦਿਆਰਥੀ ਆਪਣੇ ਭਾਈਚਾਰੇ ਅਤੇ ਇਤਿਹਾਸ ਨੂੰ ਅਪਣੀਆਂ ਜਮਾਤਾਂ ਵਿਚ ਪੜ੍ਹਾਉਂਦਾ ਵੇਖਣ ਕਿਉਂਕਿ ਮਿਨੇਸੋਟਾ ਦੇ ਵਿਦਿਆਰਥੀਆਂ ਨੂੰ ਜਮਾਤਾਂ ਅਤੇ ਅਸਲ ਸੰਸਾਰ ਦੋਵਾਂ ’ਚ ਗੱਲਬਾਤ ਲਈ ਤਿਆਰ ਕਰਨ ਲਈ ਮਾਪਦੰਡਾਂ ’ਚ ਸ਼ਾਮਲ ਕਰਨਾ ਜ਼ਰੂਰੀ ਹੈ।”

ਸਿੱਖ ਕੋਅਲੀਜ਼ਨ ਦੀ ਸਿੱਖਿਆ ਮੈਨੇਜਰ ਉਪਨੀਤ ਕੌਰ ਨੇ ਕਿਹਾ, “ਅਸੀਂ ਸਿੱਖਿਆ ਵਿਭਾਗ ਅਤੇ ਅੰਤਰ-ਧਰਮ ਸਹਿਯੋਗੀਆਂ ਨਾਲ ਮਿਨੇਸੋਟਾ ਸੰਗਤ ਦੀ ਲਗਭਗ ਚਾਰ ਸਾਲਾਂ ਦੀ ਚਲ ਹੀ ਮੰਗ ਤੋਂ ਬਾਅਦ ਸਿੱਖ ਧਰਮ ਨੂੰ ਪੜ੍ਹਾਈ ’ਚ ਸ਼ਾਮਲ ਕਰਨ ਕਰ ਕੇ ਖੁਸ਼ ਹਾਂ। ਕੱਟੜਵਾਦ ਦਾ ਮੁਕਾਬਲਾ ਕਰਨ ਅਤੇ ਧੱਕੇਸ਼ਾਹੀ ਨੂੰ ਘਟਾਉਣ ਲਈ ਸਮਾਵੇਸ਼ੀ ਅਤੇ ਸਹੀ ਮਾਪਦੰਡ ਮਹੱਤਵਪੂਰਨ ਕਦਮ ਹਨ। ਇਸ ਕਦਮ ਨਾਲ ਸੱਭਿਆਚਾਰਕ ਯੋਗਤਾ ਵਧਾਉਣ ਅਤੇ ਅਗਿਆਨਤਾ ਘਟਣ ਨਾਲ ਸਾਰੇ ਵਿਦਿਆਰਥੀਆਂ ਨੂੰ ਲਾਭ ਹੋਵੇਗਾ।”

# ਸੁਖਬੀਰ ਬਾਦਲ ਦੀ ਸ਼ਹਿ ’ਤੇ ਵਾਪਰਿਆ ਕੋਟਕਪੂਰਾ ਅਤੇ ਬਹਿਬਲ ਗੋਲੀਕਾਂਡ : ਐਸ.ਆਈ.ਟੀ.

## ‘ਕੋਟਕਪੂਰਾ ਤੇ ਬਹਿਬਲ ਗੋਲੀਕਾਂਡ ਦੀ ਸੁਣਵਾਈ ਸ਼ੈਸ਼ਨ ਕੋਰਟ ’ਚ ਸ਼ੁਰੂ’

ਫਰੀਦਕੋਟ : ਐਡੀਸ਼ਨਲ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਕੋਟਕਪੂਰਾ-ਬਹਿਬਲ ਗੋਲੀਕਾਂਡ ਦੀ ਸੁਣਵਾਈ ਦੌਰਾਨ ਕਰੀਬ 5 ਘੰਟੇ ਤਕ ਅਦਾਲਤ ਵਲੋਂ ਐਸਆਈਟੀ ਅਤੇ ਮੁਲਜ਼ਮਾਂ ਦੇ ਵਕੀਲਾਂ ਦੀ ਬਹਿਸ ਸੁਣੀ ਗਈ, ਅਗਲੀ ਸੁਣਵਾਈ ਅਰਥਾਤ ਬਾਕੀ ਰਹਿੰਦੀ ਬਹਿਸ ਹੁਣ 17 ਫ਼ਰਵਰੀ ਨੂੰ ਹੋਵੇਗੀ। ਭਾਵੇਂ ਅੱਜ ਕੋਈ ਮੁਲਜ਼ਮ ਅਦਾਲਤ ’ਚ ਪੇਸ਼ ਨਹੀਂ ਹੋਇਆ ਅਤੇ ਸਾਰੇ ਮੁਲਜ਼ਮਾਂ ਨੇ ਵੀਡੀਉ ਕਾਨਫ਼ਰੰਸ ਰਾਹੀਂ ਅਦਾਲਤ ’ਚ ਤਰੀਕ ਭੁਗਤੀ ਪਰ ਐਸ.ਆਈ.ਟੀ. ਵਲੋਂ ਪੇਸ਼ ਹੋਏ ਸਪੈਸ਼ਲ ਪਬਲਿਕ ਪ੍ਰੋਸੀਕਿਊਟਰ ਨੇ ਅਦਾਲਤ ਨੂੰ ਦਸਿਆ ਕਿ ਪੜਤਾਲ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਕਿ ਕੋਟਕਪੂਰਾ ਅਤੇ ਬਹਿਬਲ ਗੋਲੀਕਾਂਡ ਸੁਖਬੀਰ ਸਿੰਘ ਬਾਦਲ ਦੀ ਸ਼ਹਿ ’ਤੇ ਵਾਪਰਿਆ।

ਉਨ੍ਹਾਂ ਅਦਾਲਤ ਨੂੰ ਦਸਿਆ ਕਿ ਫ਼ਰੀਦਕੋਟ ਦੇ ਸਾਬਕਾ ਐਸ.ਐਸ.ਪੀ ਸੁਖਮਿੰਦਰ ਸਿੰਘ ਮਾਨ ਨੇ ਸ਼ਾਂਤਮਈ ਧਰਨੇ ’ਤੇ ਬੈਠੇ ਲੋਕਾਂ ਨੂੰ ਚੇਤਾਵਨੀ ਦਿਤੀ ਸੀ ਕਿ ਉਹ ਧਰਨਾ ਛੱਡ ਕੇ ਚਲੇ ਜਾਣ,



ਨਹੀਂ ਤਾਂ ਪੁਲਿਸ ਨੂੰ ਅਪਣੀ ਤਾਕਤ ਦੇ ਜ਼ੋਰ ’ਤੇ ਧਰਨਾ ਚੁਕਾਉਣ ਲਈ ਮਜਬੂਰ ਹੋਣਾ ਪਵੇਗਾ, ਕਿਉਂਕਿ ਉਨ੍ਹਾਂ ਨੂੰ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸਖ਼ਤ ਹਦਾਇਤ ਹੈ। ਐਸਆਈਟੀ ਵਲੋਂ ਪੇਸ਼ ਹੋਏ ਵਕੀਲਾਂ ਨੇ ਅਦਾਲਤ ਨੂੰ ਇਹ ਵੀ ਦਸਿਆ ਕਿ ਡੇਰਾ ਸਿਰਸਾ ਦੇ ਮੁਖੀ ਸੌਦਾ ਸਾਧ ਵਿਰੁਧ ਦਰਜ ਪਰਚੇ ਨੂੰ ਰੱਦ ਕਰਵਾਉਣ ਦੀ ਸਰਕਾਰ ਵਲੋਂ ਮਨਜ਼ੂਰੀ ਦੇਣਾ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਸਰਕਾਰ ਨੇ ਸਿਆਸੀ ਲਾਹਾ ਲੈਣ ਲਈ ਇਹ ਕੇਸ ਵਾਪਸ ਲਿਆ। ਸੁਖਬੀਰ ਸਿੰਘ ਬਾਦਲ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਆਰ.ਐਸ. ਚੀਮਾ ਨੇ ਅਦਾਲਤ ਨੂੰ ਦਸਿਆ ਕਿ ਐਸਆਈਟੀ ਦੀ ਰਿਪੋਰਟ ਗ਼ੈਰ ਕਾਨੂੰਨੀ ਅਤੇ ਸਿਆਸਤ ਤੋਂ ਪ੍ਰੇਰਿਤ ਹੈ। ਉਨ੍ਹਾਂ ਕਿਹਾ ਕਿ ਕੋਟਕਪੂਰਾ ਤੇ ਬਹਿਬਲ ਗੋਲੀਕਾਂਡ ਲਈ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ। ਉਨ੍ਹਾਂ ਕਿਹਾ ਕਿ ਸਾਧਾਰਨ ਰੂਪ ’ਚ ਮੁੱਖ ਮੰਤਰੀ, ਗ੍ਰਹਿ ਮੰਤਰੀ ਅਤੇ ਡੀ.ਜੀ.ਪੀ. ਉੱਚ ਜ਼ਿਲ੍ਹਾ ਅਧਿਕਾਰੀਆਂ ਦੇ ਸੰਪਰਕ ’ਚ ਰਹਿੰਦੇ ਹਨ ਅਤੇ ਇਸਦਾ ਮਤਲਬ ਇਹ ਨਹੀਂ ਬਣਦਾ ਕਿ ਕੋਈ ਸਾਜ਼ਸ਼ ਰਚੀ ਜਾ ਰਹੀ ਹੈ।

# ਪ੍ਰਨੀਤ ਕੌਰ ਹੋ ਸਕਦੇ ਨੇ ਭਾਜਪਾ ਵਿੱਚ ਸ਼ਾਮਲ

ਪਟਿਆਲਾ : ਸੰਸਦ ਮੈਂਬਰ ਪ੍ਰਨੀਤ ਕੌਰ ਅਗਲੇ ਹਫ਼ਤੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਜਾ ਰਹੇ ਹਨ। ਕੁਝ ਮਹੀਨੇ ਪਹਿਲਾਂ ਹੀ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਪਾਰਟੀ ਵਿੱਚੋਂ ਮੁਅੱਤਲ ਕਰ ਦਿੱਤਾ ਸੀ। ਪ੍ਰਨੀਤ ਕੌਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਹੈ, ਜੋ ਹੁਣ ਭਾਜਪਾ ਦਾ ਹਿੱਸਾ ਹਨ। ਪ੍ਰਨੀਤ ਕੌਰ ਦੇ ਇਕ ਕਰੀਬੀ ਸਹਿਯੋਗੀ ਨੇ ਪੁਸ਼ਟੀ ਕੀਤੀ ਕਿ 17ਵੀਂ ਲੋਕ ਸਭਾ ਦਾ ਆਖ਼ਰੀ ਸੈਸ਼ਨ ਪੂਰਾ ਹੋਣ ਤੋਂ ਬਾਅਦ ਪ੍ਰਨੀਤ ਕੌਰ ਦਿੱਲੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਣਗੇ। ਸੰਸਦ ਮੈਂਬਰ ਪ੍ਰਨੀਤ ਕੌਰ ਨੇ ਖ਼ੁਦ ਵੀ ਇਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੇ ਸਹਿਯੋਗੀ ਨੇ ਪੁਸ਼ਟੀ ਕੀਤੀ ਕਿ ਉਨ੍ਹਾਂ ਦੇ 14 ਫਰਵਰੀ ਨੂੰ ਜਾਂ ਉਸ ਤੋਂ ਬਾਅਦ ਭਾਜਪਾ ਵਿੱਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਉਨ੍ਹਾਂ 1999 ਤੋਂ ਲੈ ਕੇ ਹੁਣ ਤੱਕ ਪਟਿਆਲਾ ਤੋਂ ਕਾਂਗਰਸ ਵੱਲੋਂ ਪੰਜ ਲੋਕ ਸਭਾ ਚੋਣਾਂ ਲੜੀਆਂ।







Gurdwara Nanak Darbar Sahib
126 South Cherry Street, Olathe, KS- 66061
ਵਿਖੇ ਇਕ ਗ੍ਰੰਥੀ ਸਿੰਘ ਦੀ ਜ਼ਰੂਰਤ ਹੈ
ਤਬਲਾ ਵਜਾਉਣ ਵਿਚ ਮਾਹਿਰ ਕੀਰਤਨ ਕਰਨ ਵਿਚ ਮਾਹਿਰ
ਸ਼ੁੱਧ ਪਾਠ ਕਰ ਸਕਦਾ ਹੋਵੇ ਅੰਗਰੇਜ਼ੀ (English) ਜਾਣਦਾ ਹੋਵੇ।
ਕਿਸ ਜਗ੍ਹਾ ਤੋਂ ਵਿਦਿਆ ਪ੍ਰਾਪਤ ਕੀਤੀ ਕਿਸ ਜਗ੍ਹਾ ਤੋਂ ਸੰਥਿਆ ਅਤੇ ਕੀਰਤਨ ਸਿੱਖਿਆ
ਕਿੰਨੇ ਸਾਲ ਦਾ ਤਜਰਬਾ 8. ਜੇਕਰ ਕੋਈ Video ਹੋਵੇ ਤਾਂ ਨਾਲ ਨੱਥੀ ਕਰ ਦਿੱਤੀ ਜਾਵੇ
(913) 256-9498
Submitted Copy
gnds@kcsikh.org
suchasingh60@gmail.com

# ਮੂਲ ਨਾਨਕਸ਼ਾਹੀ ਸੰਮਤ ੫੫੬ ਦਾ ਪੰਥਕ ਕੈਲੇਂਡਰ ਜਾਰੀ



ੴ ਵਾਹਿਗੁਰੂ ਜੀ ਕੀ ਫ਼ਤਹ ॥

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ ਸਾਹਿਬ।

Singh Sahib Giani Raghbir Singh
Jathedar,
Sri Akal Takhat Sahib,
Sri Amritsar Sahib (Pb.) India

ਫੈਕਸ: +91 183 2540820 | ਮੋਬਾਇਲ: 94644-30523 | E-Mail: akaltakhatsahib84@gmail.com | Website: www.sgpc.net

ਨੰਬਰ ਅ:ਤ:/੨੪/੪੯੧ ਮਿਤੀ ੧੨/੦੨/੨੦੨੪

ਪ੍ਰਸੰਸਾ ਪੱਤਰ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਤੋਂ ਸਿੱਖ ਪੰਥ ਦਾ ਮੂਲ ਕੈਲੰਡਰ ਤੇ ਜੰਤਰੀ "ਨਾਨਕਸ਼ਾਹੀ ਸੰਮਤ" ਸਿੱਖ ਕੌਮ ਵਿਚ ਪ੍ਰਚਲਤ ਹੈ। ਇਸ ਦੇ ਅਧਾਰ 'ਤੇ ਹੀ ਗੁਰੂ ਸਾਹਿਬਾਨ ਦੇ ਪੁਰਬ ਅਤੇ ਸਿੱਖ ਇਤਿਹਾਸ ਦੇ ਦਿਨ-ਦਿਹਾੜੇ ਵਾਰ ਤੇ ਮਨਾਏ ਜਾਂਦੇ ਹਨ। ਹੌਂਸਲਾ ਨਾਨਕਸ਼ਾਹੀ ਸੰਮਤ ੫੫੬ ਇੱਕ ਸਫੇ ਵਿਚ 'ਸੰਤ ਸਿਪਾਹੀ' ਵੱਲੋਂ ਤਿਆਰ ਕੀਤਾ ਗਿਆ ਕੈਲੰਡਰ ਪ੍ਰਸੰਸਾਯੋਗ ਕਾਰਜ ਹੈ। ਸੰਗਤਾਂ ਇਸ ਤੋਂ ਲਾਭ ਪ੍ਰਾਪਤ ਕਰਕੇ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਦੇ ਪੁਰਬਾਂ ਨੂੰ ਜਾਹੋ-ਜਲਾਲ ਨਾਲ ਮਨਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਗੁਰੂ ਰਾਖਾ

ਗੁਰੂ ਪੰਥ ਦਾ ਦਾਸ,

(ਸਿੰਘ ਸਾਹਿਬ ਗਿ. ਰਘਬੀਰ ਸਿੰਘ)

ਨਾਨਕਸ਼ਾਹੀ ਸੰਮਤ ਹੀ ਸਿੱਖ ਪੰਥ ਦਾ ਮੂਲ ਨਾਨਕਸ਼ਾਹੀ ਕੈਲੰਡਰ ਹੈ ਅਤੇ ਇਸਦੀ ਅੰਰਭਤਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਵਸ ਤੋਂ ਸ਼ੁਰੂ ਹੁੰਦੀ ਹੈ। ਮੂਲ ਨਾਨਕਸ਼ਾਹੀ ਸੰਮਤ ੫੫੬ ਯਾਨੀ (ਖਾਲਸਾ ਸੰਮਤ (੩੨੬) ਚੇਤ ਤੋਂ ਫੱਗਣ ਤੱਕ ਦਾ ਇਕ ਸਫ਼ੇ ਦਾ ਪੰਥਕ ਕੈਲੇਂਡਰ 'ਸੰਤ ਸਿਪਾਹੀ' ਵਲੋਂ ਤਿਆਰ ਕੀਤਾ ਗਿਆ ਅਤੇ ਜਾਰੀ ਕੀਤਾ ਗਿਆ। ਖਾਲਸਾ ਸੰਮਤ ਖਾਲਸੇ ਦੀ ਸਿਰਜਨਾ ਤੋਂ ਆਰੰਭ ਹੋਇਆ। ਇਸ ਤਰ੍ਹਾਂ ਇਹ ਨਾਨਕਸ਼ਾਹੀ ਸੰਮਤ ਦੇ ਨਾਲ ਨਾਲ ਖਾਲਸਾ ਸੰਮਤ ਦੀ ਵਰਤੋਂ ਵੀ ਪੰਥ ਵਿਚ ਹੁੰਦੀ ਰਹੀ ਹੈ।

ਇਸ ਮੂਲ ਨਾਨਕਸ਼ਾਹੀ ਸੰਮਤ ਦੇ ਕੈਲੰਡਰ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੇ ਇਸ ਦੀ ਪ੍ਰਸ਼ੰਸਾ ਕਰਦਿਆਂ ਸਾਰੇ ਗੁਰਪੁਰਬ ਅਤੇ ਦਿਨ ਦਿਹਾੜੇ ਇਸ ਕੈਲੰਡਰ ਮੁਤਾਬਕ ਮਨਾਏ ਜਾਣ ਦਾ ਸੰਦੇਸ਼ ਜਾਰੀ ਕੀਤਾ ਹੈ। ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥ ਦੇ ਪਾਵਨ ਗੁਰਵਾਕ ਅਨੁਸਾਰ ਗੁਰਬਾਣੀ, ਗੁਰ ਇਤਿਹਾਸ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਗੁਰੂ ਸਾਹਿਬ ਦੇ ਹੁਕਮਨਾਮੇ ਅਤੇ ਹੋਰ ਪੁਰਾਤਨ ਪੰਥਕ ਰਹਿਤ ਵਿਚ ਤਰੀਕਾਂ ਸੰਮਤ ਦੇ ਨਾਲ ਨਾਲ ਥਿਤਾਂ ਅਤੇ ਵਾਰਾਂ ਯਾਨਿ ਕਿ ਸੁਦੀ ਵਦੀ ਵਿਚ ਅੰਕਤ ਕੀਤੀਆਂ ਗਈਆਂ ਹਨ। ਜਿਵੇਂ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦਾ ਕਾ ਚੇਲਾ॥ (ਮ. ੧ ੭੨੩) ਅਤੇ ਸੰਬਤ ਸਤ੍ਰਹ ਸਹਸ ਭਣਿਜੈ॥ ਅਰਧ ਸਹਸ ਫੁਨਿ ਥੀਨਿ ਕਹਿਜੈ॥ ਭਾਦ੍ਰਵ ਸੁਦੀ ਅਸਟਮੀ ਰਵਿ ਵਾਰਾ॥ ਤੀਰ ਸਤੁਤ੍ਰਵ ਗ੍ਰੰਥ ਸੁਧਾਰਾ॥ ੪੦੫॥ (ਪਾ. ੧੦)। ਇਸ ਤਰ੍ਹਾਂ ਇਹ ਪੰਥ ਦਾ ਅਨਮੋਲ ਵਿਰਸਾ ਹੈ। ਮਾਣ ਮਤੇ ਇਤਿਹਾਸ ਦੀ ਸ੍ਰੇਸ਼ਟਤਾ ਅਤੇ ਸ਼ੁਧਤਾ ਬਣਾਈ ਰੱਖਣ ਲਈ ਇਹ ਮੂਲ ਨਾਨਕਸ਼ਾਹੀ ਸੰਮਤ ਇਕ ਅਹਿਮ ਪੰਥਕ ਦਸਤਾਵੇਜ਼ ਹੈ। ਇਸ ਲਈ ਇਸ ਪੰਥਕ ਕੈਲੰਡਰ ਵਿਚ ਸੁਦੀ ਵਦੀ ਦੇ ਨਾਲ ਨਾਲ ਸੰਗਰਾਂ ਆਧਾਰਤ ਬਾਰਾ ਮਾਹ ਅਨੁਸਾਰ ਤਰੀਕਾਂ ਅਤੇ ਅੰਗਰੇਜ਼ੀ ਕੈਲੰਡਰ ਦੀਆਂ ਤਰੀਕਾਂ ਵੀ ਅੰਕਤ ਕੀਤੀਆਂ ਗਈਆਂ ਹਨ। ਆਸ ਹੈ ਸੰਗਤਾਂ ਇਸ ਤੋਂ ਲਾਭ ਪ੍ਰਾਪਤ ਕਰਨੀਆਂ।

# ਓਹਾਇਓ ਦੇ ਸਿੱਖਾਂ ਨੇ ਦਿੱਤੀ ਸਪਰਿੰਗਫੀਲਡ ਦੇ ਮੇਅਰ ਵਾਰਨ ਕੋਪਲੈਂਡ ਨੂੰ ਸ਼ਰਧਾਂਜਲੀ




ਨਿਊਯਾਰਕ : ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਪਰਿੰਗਫੀਲਡ ਦੇ ਮੇਅਰ ਵਾਰਨ ਕੋਪਲੈਂਡ ਦੇ ਦਿਹਾਂਤ ਉਪਰੰਤ ਸਪਰਿੰਗਫੀਲਡ ਸਿਟੀ ਹਾਲ ਅਤੇ ਹਾਈ ਸਕੂਲ ਵਿਖੇ ਆਯੋਜਤ ਸਮਾਗਮਾਂ ਵਿੱਚ ਸਪਰਿੰਗਫੀਲਡ ਅਤੇ ਨਾਲ ਲੱਗਦੇ ਸ਼ਹਿਰ ਡੇਟਨ, ਬੀਵਰਕ੍ਰੀਕ ਵਿੱਚ ਵੱਸਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਮੇਅਰ ਕੋਪਲੈਂਡ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਮਾਗਮ ਵਿੱਚ ਵੱਡੀ ਗਿਣਤੀ ਸ਼ਹਿਰਵਾਸੀਆਂ ਨੇ ਸ਼ਮੂਲੀਅਤ ਕੀਤੀ, ਜਿਸ ਵਿੱਚ ਓਹਾਇਓ ਸੂਬੇ ਦੇ ਗਵਰਨਰ ਮਾਈਕ ਡੀਵਾਈਨ ਵੀ ਸ਼ਾਮਲ ਸਨ।

ਮੇਅਰ ਕੋਪਲੈਂਡ ਦਾ ਬੀਤੇ ਦਿਨੀਂ 22 ਜਨਵਰੀ, 2024 ਨੂੰ ਦਿਹਾਂਤ ਹੋ ਗਿਆ ਸੀ। ਉਹ 1990 ਤੋਂ 1994 ਤੱਕ ਅਤੇ ਫਿਰ ਲਗਾਤਾਰ 1998 ਤੋਂ ਲੈ ਕੇ ਨਵੰਬਰ 2023 ਤੱਕ ਮੇਅਰ ਰਹੇ। ਆਪਣੀ ਸਿਹਤ ਖਰਾਬ ਹੋਣ ਕਾਰਨ ਉਹ ਸੇਵਾ ਮੁਕਤ ਹੋ ਗਏ ਸਨ। ਪਿਛਲੇ 25 ਸਾਲ ਤੋਂ ਵੀ ਵੱਧ ਸਮੇਂ ਦੇ ਸਪਰਿੰਗਫੀਲਡ ਨਿਵਾਸੀ ਅਵਤਾਰ ਸਿੰਘ ਨੇ ਆਪਣੀ ਪਤਨੀ ਸਰਬਜੀਤ ਕੌਰ, ਬੱਚਿਆਂ ਰਵਜੋਤ ਕੌਰ ਅਤੇ ਮਨਪ੍ਰੀਤ ਸਿੰਘ ਸਣੇ ਇਹਨਾਂ ਯਾਦਗਾਰੀ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕੀਤੀ। ਉਹਨਾਂ ਨੇ ਮੇਅਰ ਕੋਪਲੈਂਡ ਦੀ ਪਤਨੀ ਕਲਾਰਾ ਕੋਪਲੈਂਡ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਸਰਬਜੀਤ ਕੌਰ ਨੇ ਦੱਸਿਆ, "ਉਹ ਸ਼ਹਿਰ ਵਿੱਚ ਵੱਸਦੇ ਸਿੱਖ ਭਾਈਚਾਰੇ ਦੇ ਇੱਕ ਪਿਆਰੇ ਮਿੱਤਰ ਸਨ। ਸਪਰਿੰਗਫੀਲਡ ਸ਼ਹਿਰ ਵਿਖੇ ਕਰਾਏ ਜਾਂਦੇ ਵੱਖ-ਵੱਖ ਸਲਾਨਾ ਪ੍ਰੋਗਰਾਮਾਂ ਜਿਵੇਂ ਕਿ ਕਲਚਰ ਫੈਸਟੀਵਲ (ਦੁਨੀਆਂ ਦੇ ਵੱਖ-ਵੱਖ ਸਭਿਆਚਾਰਾਂ ਦਾ ਮੇਲਾ) ਅਤੇ ਮੈਮੋਰੀਅਲ ਡੇ ਪਰੇਡ ਸਮੇਤ ਕਈ ਸਲਾਨਾ ਪ੍ਰੋਗਰਾਮਾਂ 'ਚ ਸਿੱਖ ਭਾਈਚਾਰੇ ਨਾਲ ਸ਼ਾਮਲ ਹੁੰਦੇ ਸਨ। ਉਹ ਮੇਲੇ ਵਿੱਚ ਲਗਾਏ ਜਾਂਦੇ ਸਿੱਖ ਬੂਥ ਤੇ ਜ਼ਰੂਰ ਆਉਂਦੇ ਸਨ, ਖੁਸ਼ੀ ਨਾਲ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਮਿਲਦੇ ਅਤੇ ਵਲੰਟੀਅਰਾਂ ਪਾਸੋਂ ਦਸਤਾਰ ਬਣਾਉਂਦੇ ਸਨ।"ਡੇਟਨ ਦੇ ਵਸਨੀਕ ਅਤੇ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਵੀ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਹੋਏ ਅਤੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ,"ਮੈਨੂੰ ਸਲਾਨਾ ਕਲਚਰ ਫੈਸਟ ਵਿੱਚ ਮੇਅਰ ਕੋਪਲੈਂਡ ਨੂੰ ਮਿਲਨ ਅਤੇ ਦਸਤਾਰ ਬੰਨ੍ਹਣ ਦਾ ਮੌਕਾ ਮਿਲਦਾ ਸੀ। ਹੁਣ ਭਵਿੱਖ ਵਿੱਚ ਮੇਲੇ ਦੇ ਨਾਲ-ਨਾਲ ਮਈ ਮਹੀਨੇ ਦੀ ਮੈਮੋਰੀਅਲ ਡੇ ਪਰੇਡ ਵਿੱਚ ਵੀ ਉਹਨਾਂ ਦੀ ਘਾਟ ਮਹਿਸੂਸ ਹੋਵੇਗੀ।

ਮੇਅਰ ਵਜੋਂ ਆਪਣੀ ਭੂਮਿਕਾ ਤੋਂ ਇਲਾਵਾ ਡਾ. ਵਾਰਨ ਕੋਪਲੈਂਡ ਸਥਾਨਕ ਵਿਟਨਬਰਗ ਯੂਨੀਵਰਸਿਟੀ ਵਿੱਚ ਧਰਮ ਦੇ ਪ੍ਰੋਫੈਸਰ ਸਨ। ਡੇਟਨ ਦੇ ਨਿਵਾਸੀ, ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਅਤੇ ਉੱਘੇ ਲੇਖਕ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਵੀ ਕੋਪਲੈਂਡ ਪਰਿਵਾਰ ਨਾਲ ਆਪਣਾ ਦੁੱਖ ਸਾਂਝਾ ਕੀਤਾ। ਅੰਮ੍ਰਿਤਸਰ ਤੋਂ ਜਾਰੀ ਆਪਣੇ ਬਿਆਨ ਵਿੱਚ ਉਹਨਾਂ ਦੱਸਿਆ, "ਹਰ ਸਾਲ ਓਹਾਇਓ ਦੀ ਮੇਰੀ ਫੇਰੀ ਦੌਰਾਨ, ਮੈਨੂੰ ਕਈ ਸਾਲਾਂ ਤੋਂ ਸ਼ਹਿਰ ਵਿੱਚ ਕਰਾਏ ਜਾਂਦੇ ਕਲਚਰ ਫੈਸਟੀਵਲ, ਪਰੇਡ ਅਤੇ ਹੋਰਨਾਂ ਪ੍ਰੋਗਰਾਮਾਂ ਵਿੱਚ ਮੇਅਰ ਕੋਪਲੈਂਡ ਅਤੇ ਉਨ੍ਹਾਂ ਦੀ ਪਤਨੀ ਨਾਲ ਮਿਲਣ ਦਾ ਮੌਕਾ ਮਿਲਿਆ। ਉਹ ਹਰੇਕ ਨੂੰ ਪਿਆਰ ਤੇ ਸਤਿਕਾਰ ਨਾਲ ਮਿਲਦੇ ਸਨ। ਵਿਦਿਅਕ ਖੇਤਰ ਵਿੱਚ ਉਹਨਾਂ ਦਾ ਵਡਮੁੱਲਾ ਯੋਗਦਾਨ ਰਿਹਾ ਅਤੇ ਉਹਨਾਂ ਨੇ ਕਈ ਕਿਤਾਬਾਂ ਵੀ ਲਿਖੀਆ।"ਮੇਅਰ ਕੋਪਲੈਂਡ ਇਕ ਕੁਸ਼ਲ ਪ੍ਰਬੰਧਕ ਸਨ। ਉਨ੍ਹਾਂ ਨੇ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਅਣਥੱਕ ਮਿਹਨਤ ਕੀਤੀ। ਅੱਜ ਭਾਵੇਂ ਉਹ ਸਾਡੇ ਵਿੱਚ ਨਹੀਂ ਰਹੇ ਪਰ ਉਨ੍ਹਾਂ ਦੁਆਰਾ ਵਿਦਿਅਕ, ਸਭਿਆਚਾਰਕ, ਸ਼ਹਿਰ ਤੇ ਦੇਸ਼ ਲਈ ਕੀਤੇ ਗਏ ਉਸਾਰੂ ਕੰਮਾਂ ਕਰਕੇ ਉਹਨਾਂ ਨੂੰ ਹਮੇਸ਼ਾ ਯਾਦ ਕੀਤਾ ਜਾਏਗਾ।





ਗੁਰੂਆਂ, ਸ਼ਹੀਦਾਂ, ਸੂਰਬੀਰਾਂ, ਦਾਨੀਆਂ, ਦੇ ਪਰਵਾਸੀਆਂ ਦੀ ਧਰਤੀ

# ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ

ਛੇਵੇਂ ਪਾਤਿਸ਼ਾਹ ਸਾਹਿਬ ਸ਼੍ਰੀ ਗੁਰੁ ਹਰਗੋਬਿੰਦ ਸਾਹਿਬ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਬੜਾ ਪਿੰਡ ਦੇ ਸਮੂਹ ਨਿਵਾਸੀਆਂ ਵਲੋਂ ਸਰਬਤ ਦੇ ਭਲੇ ਮਨੁੱਖਤਾ ਦੀ ਸ਼ਾਂਤੀ ਪ੍ਰਵਾਰਾਂ ਵਿੱਚ ਖੇੜੇ ਖੁਸ਼ੀਆ ਅਤੇ ਪਿਆਰ ਲਈ

**26 ਅਪ੍ਰੈਲ ਨੂੰ Gurdwara Sahib Turlock**

ਵਿਖੇ ਸ਼੍ਰੀ ਅਖੰਡਪਾਠ ਸਾਹਿਬ ਅਰੰਭ ਹੋਣਗੇ ਅਤੇ 28 ਅਪ੍ਰੈਲ ਸ਼੍ਰੀ ਅਖੰਡਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸਮੂਹ ਸੰਗਤਾਂ ਦੇ ਚਰਨਾ ਵਿੱਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪ੍ਰਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ




## ਗੁਰਦੁਆਰਾ ਸਾਹਿਬ ਟਰਲੋਕ

1391 5th Street Turlock CA 95380

ਅਰੰਭ ਸ਼੍ਰੀ ਅਖੰਡਪਾਠ ਸਾਹਿਬ : 26, ਅਪ੍ਰੈਲ ਦਿਨ ਸ਼ੁਕਰਵਾਰ ਸਵੇਰੇ 10:00 ਵਜੇ

ਭੋਗ ਸ਼੍ਰੀ ਅਖੰਡਪਾਠ ਸਾਹਿਬ : 28, ਅਪ੍ਰੈਲ ਦਿਨ ਐਤਵਾਰ ਸਵੇਰੇ 10:00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਪੰਥ ਦਰਦੀ ਹਾਜ਼ਰੀਆਂ ਭਰਨਗੇ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਸ. ਜੁਗਰਾਜ ਸਿੰਘ ਸਹੋਤਾ (510) 673-0825

ਸ. ਨਿਰਮਲ ਸਿੰਘ ਸਹੋਤਾ (209) 277-0113

ਸ. ਹਰਿੰਦਰ ਸਿੰਘ ਸਹੋਤਾ (209) 606-7795



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

ਮਿਲਾਪ ਅਖ਼ਬਾਰ ਵਿਚ ਛਪਿਆ ਹੈ ਕਿ ਸਰਦਾਰ ਸ਼ੇਰ ਸਿੰਘ ਰਿਟਾਇਰਡ ਇੰਜੀਨੀਅਰ ਨੇ ਡਾਕਟਰ ਨੰਦ ਸਿੰਘ ਦੀ ਤਾਰ ਦੀ ਤਰਦੀਦ ਕਰ ਦਿੱਤੀ ਏ, ਡਾਕਟਰ ਅੰਬੇਡਕਰ ਨੂੰ ਇਕ ਤਾਰ ਭੇਜੀ ਸੀ ਜਿਸ ਵਿਚ ਦੱਸਿਆ ਗਿਆ ਹੈ ਕਿ ਸਿੱਖ ਧਰਮ ਵਿਚ ਸਾਰੇ ਲੋਕ ਸਮਤਾ ਦਾ ਦਰਜਾ ਰੱਖਦੇ ਹਨ। ਸਿੱਖ ਜ਼ਾਤ ਪਾਤ ਵਿਚ ਕੋਈ ਯਕੀਨ ਨਹੀਂ ਰੱਖਦੇ ਅਤੇ ਇਨ੍ਹਾਂ ਵਿਚ ਕਾਸ਼ਤਕਾਰ ਤੇ ਗੈਰ ਕਾਸ਼ਤਕਾਰ ਦੀ ਕੋਈ ਭਿੰਨ ਭੇਦਤਾ ਨਹੀਂ ਹੈ।

**ਖ਼ਾਲਸਾ ਸਮਾਚਾਰ 4 ਜਨਵਰੀ 1936, ਜਿਲਦ 37, ਅੰਕ 9, ਪੰਨਾ-5**

**ਸਿੱਖੀ ਦਾ ਪ੍ਰਚਾਰ**

ਮਾਲਾਬਾਰ ਦੇ ਇਲਾਕੇ ਵਿਚ ਸਿੱਖੀ ਦੇ ਪ੍ਰਚਾਰ ਦਾ ਸੈਂਟਰ ਕਾਇਮ ਕਰਨ ਦੀਆਂ ਸ਼ੋਆਂ ਆ ਰਹੀਆਂ ਹਨ, ਅਰ ਨੈਕੂਲਾਮ ਤੋਂ 12 ਮੀਲ ਦੀ ਵਿੱਥ 'ਤੇ ਘਾਲਵੀ ਨਾਮ ਦਾ ਇਕ ਪਿੰਡ ਹੈ, ਵਿਚਾਰ ਹੋਈ ਹੈ ਕਿ ਇਥੇ ਇਕ ਸਿੱਖ ਗੁਰਦੁਆਰਾ ਬਣਾਇਆ ਜਾਏ। ਸ੍ਰ. ਸੁੰਦਰ ਸਿੰਘ ਜੀ ਇਸ ਇਲਾਕੇ ਵਿਚ ਮਿਸ਼ਨਰੀ ਪ੍ਰਚਰ ਲਈ ਗਏ ਹੋਏ ਹਨ ਅਤੇ ਮਿ. ਕੇ. ਅਯਾਪਾਨ ਜੀ ਮੈਂਬਰ ਕੋਚੀਨ ਲੈਜਿਸਲੈਟਿਵ ਕੌਂਸਲ ਇਸ ਵਿਚ ਬਹੁਤ ਸਰਗਰਮੀ ਵਿਖਾ ਰਹੇ ਹਨ।

**ਖਾਲਸਾ ਸਮਾਚਾਰ 4 ਜਨਵਰੀ 1936, ਜਿਲਦ 37, ਅੰਕ 9, ਪੰਨਾ-5**

**ਅੰਬੇਡਕਰ ਪਟਿਆਲੇ ਵਿਚ**

ਡਾਕਟਰ ਅੰਬੇਡਕਰ ਨੂੰ ਨਾਲ ਲੈ ਕੇ ਪੰਡਤ ਮਦਨ ਮੋਹਨ ਮਾਲਵੀਆ ਪਟਿਆਲੇ ਆਏ ਸਨ, ਕਿਉਂ? ਇਸ ਗੱਲ ਦਾ ਅਜੇ ਕਿਸੇ ਨੂੰ ਪਤਾ ਨਹੀਂ ਲੱਗਾ। ਕਿਹਾ ਜਾਂਦਾ ਹੈ ਕਿ ਸ੍ਰ. ਮਹਿਤਾਬ ਸਿੰਘ, ਗਿਆਨੀ ਸ਼ੇਰ ਸਿੰਘ, ਸ੍ਰ. ਹਰਬੰਸ ਸਿੰਘ ਮੋਗਾ ਤੇ ਸ੍ਰ. ਰਤਨ ਸਿੰਘ ਆਜ਼ਾਦ ਅੰਬੇਡਕਰ ਜੀ ਨੂੰ ਮਿਲੇ ਤੇ ਇਨ੍ਹਾਂ ਨੇ ਕਾਫ਼ੀ ਵਕਤ ਗੱਲਾਂ ਕੀਤੀਆਂ। ਇਹ ਸੱਜਣ ਵੱਖੋ ਵੱਖ ਮਿਲੇ ਸੀ। ਅੰਬੇਡਕਰ ਦਾ ਰੁਖ ਸਿੱਖੀ ਵੱਲ ਹੈ ਪਰ ਅਜੇ ਖ਼ਾਸ ਤਰ੍ਹਾਂ ਦੇ ਹਾਲਾਤ ਵਿਚ ਘਿਰਿਆ ਹੋਣ ਤੇ ਹਾਲੀ ਕੋਈ ਆਖ਼ਰੀ ਫੈਸਲਾ ਨਹੀਂ ਕਰ ਸਕਿਆ, ਕਿਹਾ ਜਾਂਦਾ ਹੈ ਕਿ ਸ੍ਰ. ਮਹਿਤਾਬ ਸਿੰਘ ਉਹਦੇ ਨਾਲ ਬੰਬੇ ਗਏ ਸਨ।

**ਖਾਲਸਾ ਸਮਾਚਾਰ 16 ਜਨਵਰੀ 1936, ਜਿਲਦ 37, ਅੰਕ 10, ਪੰਨਾ -3**

**ਡਾ. ਨੰਦ ਸਿੰਘ ਤੇ ਸ੍ਰ. ਸ਼ੇਰ ਸਿੰਘ ਜੀ**

ਅਖ਼ਬਾਰਾਂ ਵਿਚ ਇਹ ਖ਼ਬਰ ਛਪਣ ਤੇ ਕਿ ਡਾਕਟਰ ਅੰਬੇਡਕਰ ਨੂੰ ਜੋ ਆਪਣੇ ਕੁਝ ਅਛੂਤ ਸਾਥੀਆਂ ਸਣੇ ਹਿੰਦੂ ਧਰਮ ਛੱਡਣ ਵਾਲ ਹੈ। ਕੁਝ ਸਿੱਖ ਮੁਖੀ ਉਹਨੂੰ ਮਿਲਣ ਵਾਸਤੇ ਜਾਣਗੇ, ਡਾਕਟਰ ਨੰਦ ਸਿੰਘ ਜੀ ਫਿਲੌਰ ਵਾਲਿਆਂ ਨੇ ਡਾਕਟਰ ਅੰਬੇਡਕਰ ਨੂੰ ਤਾਰ ਦਿੱਤੀ ਜਿਸ ਵਿਚ ਲਿਖਿਆ ਸੀ :

ਸਿੱਖ ਪ੍ਰਤੀਨਿਧ ਆਪ ਨੂੰ ਮਿਲਣ ਆ ਰਹੇ ਹਨ




(ਉਨ੍ਹਾਂ ਪ੍ਰਤੀ) ਸਵਾਲ ਕਰੋ ਕਿ ਕੀ ਉਹ ਗੈਰ ਕਾਸ਼ਤਕਰ ਸਿੱਖਾਂ ਤੇ ਆਪਣੇ ਅਛੂਤ ਭਰਾਵਾਂ, (ਜਿਨ੍ਹਾਂ ਦੀ) ਆਬਾਦੀ ਪੰਜਾਹ ਫੀਸਦੀ ਹੈ, ਨੂੰ ਬਰਾਬਰ ਦਾ ਰਾਜਸੀ ਤੇ ਭਾਈਚਾਰਕ ਹੱਕ ਦੇਂਦੇ ਹਨ?

ਇਹ ਤਾਰ ਪੜ੍ਹ ਕੇ ਇਕ ਨਿਰਪੱਖ ਆਦਮੀ ਸੋਚ ਵਿਚ ਪੈ ਜਾਂਦਾ ਹੈ ਕਿ ਡਾਕਟਰ ਅੰਬੇਡਕਰ ਨੂੰ ਮਿਲਣ ਜਾ ਰਿਹਾ ਹੈ ਸਿੱਖਾਂ ਦਾ ਡੈਪੂਟੇਸ਼ਨ ਕਿ ਤੁਸੀਂ ਸਿੱਖ ਧਰਮ ਵਿਚ ਆ ਜਾਓ, ਤੁਹਾਡੀਆਂ ਔਕੜਾਂ ਦੂਰ ਹੋ ਜਾਣਗੀਆਂ। ਅਜਿਹੇ ਸਮੇਂ ਕਿਸੇ ਸਿੱਖ ਅਖਵਾਉਣ ਵਾਲੇ ਦਾ ਡਾਕਟਰ ਅੰਬੇਡਕਰ ਨੂੰ ਅਜਿਹਾ ਖ਼ਿਆਲ ਦੇਣਾ ਕਿ ਜਿਸ ਤੋਂ ਉਸ ਨੂੰ ਸ਼ੱਕ ਪੈਦਾ ਹੋ ਜਾਏ ਕਿ ਸਿੱਖਾਂ ਵਿਚ ਹਿੰਦੂਆਂ ਵਰਗੇ ਅਛੂਤ ਹਨ ਤੇ ਉਨ੍ਹਾਂ ਦੀ ਹਾਲਤ ਚੰਗੀ ਨਹੀਂ, ਇਥੇ ਹੀ ਬੱਸ ਨਹੀਂ ਬਲਕਿ ਇਨ੍ਹਾਂ ਵਿਚ ਅਛੂਤਾਂ ਨਾਲ ਇਕ ਕਾਸ਼ਤਕਾਰ ਤੇ ਗੈਰ ਕਾਸ਼ਤਕਾਰ ਦਾ ਪਾੜਾ ਵੀ ਹੈ। ਸਿੱਖੀ ਦੇ ਨੁਕਤੇ ਤੋਂ ਕਿਸੇ ਤਰ੍ਹਾਂ ਵੀ ਇਸ ਕਾਰਵਾਈ ਨੂੰ ਦਰੁਸਤ ਨਹੀਂ ਕਿਹਾ ਜਾ ਸਕਦਾ ਤੇ ਨਾ ਹੀ ਸਿੱਖੀ ਦੇ ਪ੍ਰਚਾਰ ਦੇ ਰਾਹ ਵਿਚ ਉਨ੍ਹਾਂ ਦੀ ਤਾਰ ਨੂੰ ਇਕ ਰੋੜਾ ਹੋਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਡਾ. ਨੰਦ ਸਿੰਘ ਜੀ ਵਲਾਇਤੋਂ ਤੋਂ ਆਏ ਤੇ ਪੜ੍ਹੇ ਲਿਖੇ ਸੱਜਣ ਦੱਸੀਦੇ ਹਨ। ਇਹ ਹੋ ਨਹੀਂ ਸਕਦਾ ਕਿ ਉਹ ਇਸ ਸਿੱਧੀ ਤੇ ਸਪਸ਼ਟ ਗੱਲ ਨੂੰ ਨਾ ਸਮਝ ਰਹੇ ਹੋਣ। ਡਾਕਟਰ ਜੀ ਦੀ ਇਹ ਉਕਾਈ ਲੁੱਕ ਜਾਂਦੀ ਜੇ ਉਹ ਇਸ ਤਾਰ ਪਿਛੋਂ ਚੁੱਪ ਹੋ ਜਾਂਦੇ।

ਪਰ ਹੁਣ ਉਨ੍ਹਾਂ ਨੇ ਆਪਣੀ ਇਸ ਤਾਰ ਦੀ ਪੁਸ਼ਟੀ ਲਈ ਜਲੰਧਰ ਵਿਚ ਇਕ ਲੈਕਚਰ ਵੀ ਦਿੱਤਾ ਸੁਣੀਦਾ ਹੈ ਤੇ ਉਹ ਜਿਥੇ ਇਹ ਗੱਲ ਕਹਿੰਦੇ ਹਨ ਕਿ ਉਨ੍ਹਾਂ ਦਾ ਤਾਰ ਦੇਣ ਦਾ ਪ੍ਰਯੋਜਨ ਸਿੱਖ ਧਰਮ ਦੀ ਵਿਰੋਧਤਾ ਕਰਨੀ ਨਹੀਂ ਸੀ, ਉਥੇ ਉਹ ਅਜੇ ਤੱਕ ਤਾਰ ਦੇਣ ਦੇ ਵਿਚ ਆਪਣੇ ਆਪ ਨੂੰ ਰਾਸਤੀ ਤੇ ਦਸ ਰਹੇ ਹਨ ਤੇ ਸ਼ੋਕ ਦੀ ਗੱਲ ਇਹ ਹੈ ਕਿ ਇਸ ਮਾਮਲੇ ਨੂੰ ਡਾ. ਨੰਦ ਸਿੰਘ ਜੀ ਦੀ ਤਾਰ ਤੇ ਲੈਕਚਰ ਤੇ ਹੀ ਮੁੱਕਣ ਨਹੀਂ ਦਿੱਤਾ ਗਿਆ ਬਲਕਿ 'ਰਾਮਗੜ੍ਹੀਆ ਗਜ਼ਟ ਸ਼ਿਮਲਾ' ਨੇ ਆਪ, ਉਹਦੇ ਇਕ ਗ੍ਰੈਜੂਏਟ 'ਤੇ ਅੱਠ ਦਸ ਸੱਜਣ ਦੇ ਦਸਤਖਤਾਂ ਤੇ ਇਕ ਚਿੱਠੀ ਛਾਪ ਕੇ ਇਸ ਮਾਮਲੇ ਦਾ ਇਕ ਤਰ੍ਹਾਂ ਨਾਲ ਪ੍ਰਚਾਰ ਲਗਾਤਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਪ੍ਰਚਾਰ ਆਪਣੇ ਆਪ ਵਿਚ ਮਾੜਾ ਹੈ। ਪੰਥ ਲਈ ਅਤਿ ਹਾਨੀਕਰਕ ਹੈ, ਇਸ ਕਰਕੇ ਇਸ 'ਤੇ ਵਿਚਾਰ ਕਰਨ ਦੀ ਅਵੱਸ਼ਕਤਾ ਹੋ ਗਈ ਹੈ। ਇਹ ਵਿਚਾਰ ਕੇਵਲ ਇਸ ਲਈ ਪੇਸ਼ ਕਰਦੇ ਹਾਂ ਕਿ ਇਕ ਨਵੀਂ ਗੰਲ ਪੰਥ ਫੁੱਟ ਵਾਲੀ ਨਾ ਛਿੜ ਪਵੇ ਅੱਗੇ ਹੀ ਫੁੱਟ ਕਾਫ਼ੀ ਨੁਕਸਾਨ ਕਰ ਰਹੀ ਹੈ।

(ਚਲਦਾ)





ਵਿਸ਼ਵ ਪ੍ਰਸਿੱਧ ਗੁਰਮਤਿ ਸੰਗੀਤ ਦੇ ਸ਼ੋਮਣੀ ਕੀਰਤਨੀਏ ਡਾ. ਗੁਰਨਾਮ ਸਿੰਘ ਨੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਗੁਰਮਤਿ ਸੰਗੀਤ ਪਰੰਪਰਾ ਨੂੰ ਵਰਤਮਾਨ ਸਮੇਂ ਪੁਨਰ ਸੁਰਜੀਤ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ। ਆਪ ਦੇਸ਼ ਵਿਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚ ਪਿਛਲੇ 40 ਵਰ੍ਹਿਆਂ ਤੋਂ ਬਤੌਰ ਡੀਨ ਤੇ ਪ੍ਰੋਫੈਸਰ ਕਾਰਜ ਕਰਦੇ ਆ ਰਹੇ ਹਨ। ਆਪਨੂੰ ਗੁਰਮਤਿ ਸੰਗੀਤ ਵਿੱਚ ਭਾਰਤ ਦਾ ਸਰਵੋਤਮ ਰਾਸ਼ਟਰਪਤੀ ਐਵਾਰਡ, ਸ਼੍ਰੋਮਣੀ ਰਾਗੀ ਐਵਾਰਡ ਅਤੇ ਗਲੋਬਲ ਪੱਧਰ ਉੱਤੇ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਸਨਮਾਨ ਦਿੱਤੇ ਜਾ ਚੁੱਕੇ ਹਨ। ਗੁਰੂ ਕਿਰਪਾ ਦੁਆਰਾ ਆਪਨੇ ਆਪਣੀ ਆਵਾਜ਼ ਵਿੱਚ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਰਾਗਾਂ ਤੇ ਮਿਸ਼ਰਤ ਰਾਗਾਂ ਦਾ 1999 ਵਿੱਚ ਵਿਸ਼ਾਲ ਰਿਕਾਰਡਿੰਗ ਕਰਵਾਈ। ਵੱਖ ਵੱਖ ਆਡੀਓ ਵਿਜ਼ੁਅਲ ਕੰਪਨੀਆਂ ਤੇ ਯੂਟਿਊਬ ਉੱਤੇ ਆਪਦੀਆਂ ਅਨੇਕ ਕੀਰਤਨ ਰਿਕਾਰਡਿੰਗਜ਼ ਹਨ। ਯੂਨੀਵਰਸਿਟੀਆਂ, ਕਾਲਜਾਂ ਸਕੂਲਾਂ ਵਿੱਚ ਪੀ. ਐਚਡੀ ਤੱਕ ਗੁਰਮਤਿ ਸੰਗੀਤ ਸਬਜੈਕਟ ਵਜੋਂ ਲਾਗੂ ਕਰਵਾਇਆ, ਪੜ੍ਹਾਇਆ ਅਤੇ ਦੇਸ਼ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿੱਚ ਕਈ ਗੁਰਮਤਿ ਸੰਗੀਤ ਵਿਭਾਗਾਂ ਦੀ ਸਥਾਪਨਾ ਕਰਵਾਈ। -ਨਾਰਥ ਅਮਰੀਕਾ ਵਿੱਚ ਆਪਨੇ ਰਾਗਾਤਮਕ ਕੀਰਤਨ ਦਰਬਾਰਾਂ ਤੇ ਗੁਰਮਤਿ ਸੰਗੀਤ ਸਿਖਲਾਈ ਕੈਂਪਾਂ ਦੁਆਰਾ ਵੱਡੀ ਸੇਵਾ ਨਿਭਾਈ ਹੈ। -21 ਪੁਸਤਕਾਂ 32 ਸੰਪਾਦਿਤ ਪੁਸਤਕਾਂ ਤੇ 200 ਤੋਂ ਵੱਧ ਖੋਜ ਲੇਖ ਲਿਖੇ ਹਨ। ਇਸ ਤੋਂ ਇਲਾਵਾ ਕਈ ਵਿਦਿਆਰਥੀਆਂ ਨੂੰ ਪੀਐਚ ਡੀ ਤੱਕ ਦਾ ਅਧਿਆਪਨ ਕਰਵਾਇਆ ਹੈ। -ਸ੍ਰੀ ਦਰਬਾਰ ਸਾਹਿਬ ਤੋਂ ਤੰਤੀ ਸਾਜ਼ ਲਾਗੂ ਕਰਵਾਉਣ ਵਿੱਚ ਆਪਦੀ ਪ੍ਰਮੁਖ ਭੂਮਿਕਾ ਰਹੀ ਹੈ। ਸਾਨੂੰ ਪ੍ਰਸੰਨਤਾ ਹੈ ਕਿ 'ਸਾਡੇ ਲੋਕ' ਅਦਾਰੇ ਲਈ ਡਾ. ਸਾਹਿਬ ਨੇ ਗੁਰਮਤਿ ਸੰਬੰਧੀ ਜਾਣਕਾਰੀ ਭਰਪੂਰ ਰਚਨਾ ਭੇਜੀ ਹੈ। ਇਸ ਹਫਤੇ ਤੋਂ ਅਸੀਂ ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਡਾ. ਗੁਰਨਾਮ ਸਿੰਘ ਜੀ ਵਲੋਂ 'ਸਾਡੇ ਲੋਕ' ਦੇ ਪਾਠਕਾਂ ਲਈ ਲੜੀਵਾਰ ਆਰਟੀਕਲ ਛਾਪਕੇ ਮਾਣ ਹਾਸਲ ਕਰ ਰਹੇ ਹਾਂ : -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਗੁਰਮਤਿ ਸੰਗੀਤ ਦੀ ਰਾਗ ਪਰੰਪਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਪਰ ਵੱਖ-ਵੱਖ ਰਾਗਾਂ ਦਾ ਉਲੇਖ ਅਤੇ ਬਾਣੀ ਦੀ ਰਾਗਾਤਮਕ ਸੰਪਾਦਨਾ ਤੋਂ ਗੁਰਮਤਿ ਸੰਗੀਤ ਪਰੰਪਰਾ ਵਿਚ ਰਾਗ ਦਾ ਮਹੱਤਵ ਪ੍ਰਤੱਖ ਹੈ। ਸ਼ਬਦ ਕੀਰਤਨ ਸਿੱਖ ਧਰਮ ਦਾ ਬੁਨਿਆਦੀ ਧਰਮ ਕਰਮ ਹੈ। ਜਿਸ ਦੇ ਪਰੰਪਰਾਗਤ ਵਿਕਾਸ ਨੇ ਵਰਤਮਾਨ ਸਮੇਂ ਇਕ ਵਿੱ ਸੰਗੀਤ ਪੱਧਤੀ ਦਾ ਰੂਪ ਧਾਰਨ ਲਿਆ ਹੈ। ਸਿੱਖ ਸ਼ਬਦ ਨੂੰ ਕੀਰਤਨ ਦੁਆਰਾ ਸੰਚਰਿਤ ਕਰਨ ਲਈ ਇਸ ਨੂੰ ਰਾਗ ਨਾਲ ਸੰਜੋਇਆ ਗਿਆ ਹੈ। ਗੁਰੂ ਸਾਹਿਬ ਨੇ ਰਾਗ ਦੀ ਸ਼ਕਤੀ ਤੇ ਰਾਗ ਦੀ ਅਕਹਿ ਕੀਮਤ ਨੂੰ ਪੂਰਨ ਰੂਪ ਵਿਚ ਸਵੀਕਾਰ ਕੇ ਇਸ ਨੂੰ ਮੌਲਿਕ ਪਹੁੰਚ ਵਿਸ਼ੇ ਦੁਆਰਾ ਪ੍ਰਯੋਗ ਕੀਤਾ ਗਿਆ ਹੈ। ਭਗਤੀ ਦੇ ਮਾਰਗ ਤੇ ਕਲਜੁਗ ਵਿਚ ਪ੍ਰਧਾਨ ਕੀਰਤਨ ਲਈ ਰਾਗਾਂ ਨੂੰ ਸੋਹਣੇ, ਸੁਲੱਖਣੇ, ਸੁਹਾਵਣੇ ਅਤੇ ਆਨੰਦ ਸਰੂਪ ਫੁਰਮਾਇਆ ਗਿਆ ਹੈ ਜਿਨ੍ਹਾਂ ਨੂੰ ਆਲਾਪਣ ਭਾਵ ਗਾਇਨ ਕਰਨ ਨਾਲ ਤਿਖਾ ਤ੍ਰਿਸ਼ਨਾਵਾਂ ਮੁੱਕ ਜਾਂਦੀਆਂ ਹਨ।

ਰਾਗ ਦਾ ਮੂਲ ਗੁਣ ਰੰਜਕਤਾ ਹੈ, ਇਸ ਨੂੰ ਜਨ ਚਿਤ-ਰੰਜਕ-ਧੁਨੀ ਆਖਿਆ ਹੈ। ਰਾਗ ਦੇ ਰੰਗ ਵਿਚ ਰੰਗਿਆਂ ਵਿਅਕਤੀ ਸਮੇਂ ਸਥਾਨ ਤੇ ਵਰਤਮਾਨ ਤੋਂ ਮੁਕਤ ਹੋ ਜਾਂਦਾ ਹੈ। ਇਹ ਰਾਗ ਦੀ ਸੰਮੋਹਨ ਸ਼ਕਤੀ ਹੈ ਜੋ ਆਪਣੇ ਸੁਰਾਤਮਕ ਬੰਧੇਜ ਦੁਆਰਾ ਮਨੁੱਖੀ ਮਨ ਨੂੰ ਇਕਾਗਰ ਕਰ ਭਟਕਣ ਤੋਂ ਬਚਾਉਂਦੀ ਹੈ। ਰਾਗ ਦਾ ਮੂਲ ਨਾਦ ਹੈ ਜਿਸ ਨੂੰ ਬ੍ਰਹਮ ਸਰੂਪ ਸਵੀਕਾਰਿਆ ਜਾਂਦਾ ਹੈ। ਇਸ ਦੁਆਰਾ ਪਰਮ ਸਤਿ ਤੇ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਤਰ੍ਹਾਂ ਰਾਗ ਦਾ ਮੂਲ ਗੁਣ ਤੇ ਸੁਭਾਅ ਹੀ ਪਰਮ ਸੁਖਦਾਇਕ ਅਤੇ ਆਨੰਦ ਦੀ ਪ੍ਰਾਪਤੀ ਕਰਵਾਉਂਦਾ ਹੈ। ਰਾਗ ਦਾ ਸੁਰਾਤਮਕ ਪ੍ਰਵਾਹ ਕ੍ਰਮਵਾਰ ਹੌਲੀ-ਹੌਲੀ ਰੰਗ ਪਕੜਦਾ ਹੈ ਅਤੇ ਇਹ ਕ੍ਰਮ ਸਰੋਤਿਆਂ ਦੇ ਮਨ ਨੂੰ ਇਕ ਵਿਸ਼ੇਸ਼ ਭਾਵਨਾ ਵਿਚ ਰੰਗਦਾ ਹੈ।

ਬਾਣੀ ਅਧੀਨ ਰਾਗ ਨੂੰ ਉਸ ਪ੍ਰਮਾਤਮਾ ਦੇ ਨਾਮ ਤੇ ਸ਼ਬਦ ਉਤੇ ਆਧਾਰਿਤ ਕੀਤਾ ਗਿਆ ਹੈ। ਇਸ ਕਰਕੇ ਗੁਰਮਤਿ ਸੰਗੀਤ ਦੇ ਅੰਤਰਗਤ ਰਾਗ ਕਿਸੇ ਪੂਰਵ ਸਿਰਜਤ ਭਾਵਾਤਮਕ ਸਰੂਪ ਦਾ ਧਾਰਣੀ ਨਹੀਂ। ਗੁਰਮਤਿ ਸੰਗੀਤ ਵਿਚ ਸ਼ਬਦ ਪ੍ਰਥਮ ਤੇ ਰਾਗ ਦਾ ਦੂਜੈਲਾ ਸਥਾਨ ਰੱਖਦਾ ਹੈ। ਇਸ ਦ੍ਰਿਸ਼ਟੀ ਤੋਂ ਬਾਣੀ ਦੇ ਗਾਇਨ ਲਈ ਰਾਗ ਦਾ ਤਿਆਗ ਵੀ ਗੁਰੂ ਦੁਆਰਾ ਦਰਸਾਏ ਗਏ ਗੁਰਮਤਿ ਸੰਗੀਤ ਪ੍ਰਤਿ ਉਨ੍ਹਾਂ ਹੀ ਅਵੱਗਿਆ ਪੂਰਣ ਤੇ ਘਾਤਕ ਹੈ ਜਿੰਨਾ ਕਿ ਇਸ ਦਾ ਅਧਿਕ ਪ੍ਰਯੋਗ। ਗੁਰੂ ਵਾਕ ਹੈ : ਇਕਿ ਗਾਵਤ ਰਹੇ ਮਨਿ ਸਾਦੁ ਨਾ ਪਾਇ।। ਹਉਮੈ ਵਿਚਿ ਗਾਵਹਿ ਬਿਰਥਾ ਜਾਇ।। (ਗੁ. ਗ੍ਰ., ਪੰਨਾ ੧੫੮) ਇਸ ਲਈ ਮਹੱਤਵਪੂਰਨ ਹੈ ਕਿ ਰਾਗ ਦੇ ਪ੍ਰਯੋਗ ਵਿਚ ਇਕ ਸੰਤੁਲਨ ਅਤੇ ਸਹਿਜ ਹੋਵੇ। ਗੁਰੂ ਸਾਹਿਬ ਜਿਥੇ ਰਾਗ ਦੀ ਸ਼ਕਤੀ ਨੂੰ ਸਵੀਕਾਰਦਿਆਂ ਇਸ ਦੀ ਉਸਤਤ ਸਵੀਕਾਰਦੇ ਹਨ, ਉਥੇ ਇਸ ਸ਼ਕਤੀ ਦੇ ਸਹੀ ਪ੍ਰਯੋਗ ਦੀ ਗੱਲ ਵੀ ਸਪੱਸ਼ਟ ਰੂਪ ਵਿਚ ਤੋਰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਰਾਗਾਂ ਅਧੀਨ ਵਰਗੀਕ੍ਰਿਤ ਕਰਦਿਆਂ ਗੁਰੂ ਸਾਹਿਬਾਨ ਦੇ ਮੁੱਖ ਤੌਰ 'ਤੇ 31 ਰਾਗਾਂ ਦਾ ਪਰਯੋਗ ਕੀਤਾ ਗਿਆ ਹੈ ਅਤੇ ਇਨ੍ਹਾਂ ਮੁਖ 31 ਰਾਗਾਂ ਦੇ ਅੰਤਰਗਤ ਇਹਨਾਂ ਦੇ ਵਿਭਿੰਨ ਰਾਗ ਪਰਕਾਰ ਵੀ ਅੰਕਤ ਕੀਤੇ ਗਏ ਹਨ। ਇਨ੍ਹਾਂ ਵਿਚੋਂ ਮੁੱਖ ਰਾਗ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ ਆਦਿ ਅਤੇ ਮਿਸ਼ਰਤ ਰਾਗ ਗਉੜੀ ਗੁਆਰੇਰੀ, ਆਸਾ ਕਾਫੀ, ਤਿਲੰਗ ਕਾਫੀ ਆਦਿ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਦਰਜ ਰਾਗ ਮਾਲਾ ਵਿਚ ਵੀ ਵੱਖ ਵੱਖ ਰਾਗਾਂ ਦਾ ਮੱਧਕਾਲੀਨ ਰਾਗ ਰਾਗਣੀ ਵਰਗੀਕਰਨ ਅਨੁਸਾਰ ਉਲੇਖ ਕੀਤਾ ਗਿਆ ਹੈ। ਰਾਗ ਮਾਲਾ ਵਿਚ ਛੇ ਮੁੱਖ ਰਾਗਾਂ, ਤੀਹ ਰਾਗਣੀਆਂ ਅਤੇ ਰਾਗ ਪੁੱਤਰਾਂ ਵਜੋਂ ਅਠਾਰਾਂ ਦਸ ਬੀਸ ਕੁੱਲ ਅੜਤਾਲੀ ਰਾਗਾਂ ਦਾ ਵਰਣਨ ਹੈ। ਇਸ ਰਾਗ ਮਾਲਾ ਦੇ ਰਾਗਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉੱਤਰੀ ਅਤੇ ਦੱਖਣੀ ਦੋਵੇਂ ਸੰਗੀਤ ਪੱਧਤੀਆਂ ਅਧੀਨ ਪ੍ਰਚਾਰ ਵਿਚ ਹਨ ਅਤੇ ਇਸ ਰਾਗ ਮਾਲਾ ਵਿਚਲੇ ਬਹੁਤ ਰਾਗ ਸਰਬ ਲੋਹ ਗ੍ਰੰਥ ਵਿਚ ਵੀ ਪ੍ਰਯੋਗ ਕੀਤੇ ਗਏ ਹਨ। ਕੁਝ ਰਾਗ ਦੋਵੇਂ ਸੰਗੀਤ ਪੱਧਤੀਆਂ (ਉੱਤਰੀ ਅਤੇ ਦੱਖਣੀ) ਵਿਚ ਪ੍ਰਚਾਰ ਅਧੀਨ ਨਹੀਂ ਜਿਸਨੂੰ ਅਸੀਂ ਵਰਤਮਾਨ ਸਮੇਂ ਆਪਣੇ ਰਾਗ ਗਿਆਨ ਦੀ ਸੀਮਾਂ ਹੀ ਆਖ ਸਕਦੇ ਹਾਂ ਕਿਉਂਕਿ ਇਹ ਜ਼ਰੂਰ ਹੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਾਰ ਵਿਚ ਰਹੇ ਹੋਣਗੇ। ਰਾਗ ਮਾਲਾ ਵਿਚ ਪ੍ਰਯੁਕਤ ਰਾਗ ਸਹੀ ਸੰਦਰਭ ਵਿਚ ਹੋਰ ਵਧੇਰੇ ਸੁਤੰਤਰ ਵਿਸ਼ਲੇਸ਼ਣ ਦੀ ਮੰਗ ਕਰਦੇ ਹਨ।

ਭਾਰਤੀ ਸੰਗੀਤ ਦੀਆਂ ਸਮਕਾਲੀ ਰਾਗ ਸੂਚੀਆਂ ਵਿਚ ਥੋੜ੍ਹੇ ਬਹੁਤ ਅੰਤਰ ਨਾਲ ਲਗਭਗ ਸਤਾਰਾਂ ਸੋ ਰਾਗਾਂ ਨੂੰ ਸੂਚੀ ਬੱਧ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ ਕੇਵਲ ਦੋ ਢਾਈ ਸੌ ਰਾਗਾਂ ਦੇ ਕਰੀਬ ਹੀ ਦੋਵੇਂ ਪੱਧਤੀਆਂ ਵਿਚ ਕਿਰਿਆਤਮਕ ਰੂਪ ਵਿਚ ਪ੍ਰਚਾਰ ਵਿਚ ਹਨ। ਇਸ ਸੰਦਰਭ ਵਿਚ ਦੇਖੀਏ ਤਾਂ ਗੁਰਮਤਿ ਸੰਗੀਤ ਕੋਲ ਪ੍ਰਚੱਲਤ, ਅਪ੍ਰਚੱਲਤ ਰਾਗਾਂ ਦਾ ਪ੍ਰਮਾਣਿਕ ਉਲੇਖ ਜਿੱਥੇ ਇਸ ਸੰਗੀਤ ਪਰੰਪਰਾ ਦੇ ਵਿਸ਼ਾਲ ਰਾਗਾਤਮਕ ਆਧਾਰ ਨੂੰ ਉਜਾਗਰ ਕਰਦਾ ਹੈ ਉੱਥੇ ਭਾਰਤੀ ਅਤੇ ਏਸ਼ੀਆਈ ਸੰਗੀਤ ਦੇ ਖਜਾਨੇ ਨੂੰ ਵੀ ਆਪਣੇ ਯੋਗਦਾਨ ਦੁਆਰਾ ਹੋਰ ਅਮੀਰ ਬਣਾ ਰਿਹਾ ਹੈ। ਭਾਵੇਂ ਗੁਰਮਤਿ ਸੰਗੀਤ ਸੰਬੰਧੀ ਖੋਜ ਦਾ ਰੁਝਾਨ ਅਜੇ ਆਪਣੇ ਆਰੰਭਕ ਦੌਰ ਵਿਚ ਹੀ ਹੈ ਪਰੰਤੂ ਭਵਿੱਖ ਵਿਚ ਇਸ ਵਿਸ਼ਾਲ ਰਾਗਾਤਮਿਕ ਪਰੰਪਰਾ ਦਾ ਪ੍ਰਬੰਧ ਤੇ ਪ੍ਰਸਾਰ ਆਪਣੇ ਵਿਚ ਖੋਜ ਅਤੇ ਵਿਵਹਾਰ ਦੀਆਂ ਅਨੇਕ ਪਰਤਾਂ ਸਮੋਈ ਬੈਠਾ ਹੈ।

ਗੁਰਮਤਿ ਸੰਗੀਤ ਪਰੰਪਰਾ ਨਾਲ ਸਬੰਧਤ ਸ੍ਰੀ ਦਸਮ ਗ੍ਰੰਥ ਵਿਚ ਅਠਾਈ ਤੋਂ ਵਧੀਕ ਅਤੇ ਸ੍ਰੀ ਸਰਬਲੋਹ ਗ੍ਰੰਥ ਵਿਚ ਢਾਈ ਸੌ ਤੋਂ ਵਧੀਕ ਰਾਗਾਂ ਦਾ ਉਲੇਖ ਮਿਲਦਾ ਹੈ।

ਇਨ੍ਹਾਂ ਗ੍ਰੰਥਾਂ ਵਿਚਲੇ ਰਾਗਾਂ ਦੇ ਵੇਰਵੇ ਸੁਤੰਤਰ ਤੇ ਵਿਸਤਰਿਤ ਅਧਿਐਨ ਦੀਆਂ ਅਨੇਕ ਸੰਭਾਵਨਾਵਾਂ ਰੱਖਦੇ ਹਨ ਭਾਵੇਂ ਸਿੱਖ ਕੀਰਤਨਕਾਰ ਨਿਰਧਾਰਤ ਰਾਗਾਂ ਤੋਂ ਬਿਨਾਂ ਭਾਰਤੀ ਸੰਗੀਤ ਦੇ ਦੂਸਰੇ ਰਾਗਾਂ ਤੇ ਮਿਸ਼ਰਤ ਰਾਗਾਂ ਦਾ ਪ੍ਰਯੋਗ ਵੀ ਕਰਦੇ ਆ ਰਹੇ ਹਨ ਪਰੰਤੂ ਇਨ੍ਹਾਂ ਕੀਰਤਨੀਆਂ ਨੂੰ ਆਪਣੇ ਵਿਰਾਸਤੀ ਰਾਗਾਤਮਕ ਖਜ਼ਾਨੇ ਨੂੰ ਅਪਣਾ ਕੇ, ਸਿੱਖ ਸਿਖਾ ਕੇ ਆਪਣੀ ਸੰਗੀਤਕ ਧਰੋਹਰ ਦੀ ਸੁਰੱਖਿਆ ਸੰਭਾਲ ਵਿਚ ਹਿੱਸਾ ਪਾਉਣਾ ਚਾਹੀਦਾ ਹੈ। ਸ੍ਰੀ ਦਰਬਾਰ ਸਾਹਿਬ ਤੋਂ ਵੱਖ-ਵੱਖ ਰਾਗਾਂ ਦੇ ਨਾਮਾਂ ਨਾਲ ਪ੍ਰਚਲਿਤ ਕੀਰਤਨ ਚੌਕੀਆਂ ਨੂੰ ਪੁਨਰ ਸੁਰਜੀਤ ਕਰਨਾ ਵੀ ਕੀਰਤਨੀਆਂ ਅਤੇ ਪ੍ਰਬੰਧਕਾਂ ਦਾ ਬੁਨਿਆਦੀ ਫ਼ਰਜ਼ ਹੈ। ਸ੍ਰੀ ਗੁਰੂ ਗ੍ਰੰਥ ਦੇ ਰਾਗ ਵਿਧਾਨ ਵਿਚ ਸ਼ੁੱਧ, ਛਾਇਆਲਗ ਤੇ ਸੰਕੀਰਣ ਜਾਤੀ ਦੇ ਰਾਗਾਂ ਤੋਂ ਬਿਨਾਂ ਬਸੰਤ, ਮਲਾਰ ਵਰਗੇ ਰਿਤੂਕਾਲੀਨ ਰਾਗਾਂ ਤੇ ਦੱਖਣੀ ਭਾਰਤੀ ਸੰਗੀਤ ਪੱਧਤੀ ਦੇ ਰਾਗ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਜਿਵੇਂ ਗਉੜੀ ਦਖਣੀ, ਬਿਲਾਵਲ ਦਖਣੀ, ਰਾਮਕਲੀ ਦਖਣੀ ਆਦਿ ਰਾਗ ਗੁਰਮਤਿ ਸੰਗੀਤ ਪਰੰਪਰਾ ਵਿਚ ਕੁਝ ਰਾਗ ਮੌਲਿਕ ਤੇ ਅਪ੍ਰਚਲਿਤ ਵੀ ਹਨ ਜਿਨ੍ਹਾਂ ਦਾ ਉਲੇਖ ਭਾਰਤੀ ਸੰਗੀਤ ਵਿਚ ਉਪਲਬਧ ਨਹੀਂ। ਇਨ੍ਹਾਂ ਦਾ ਜ਼ਿਕਰ ਵੱਖਰੇ ਤੌਰ ਕ੍ਰਤੇ ਕੀਤਾ ਜਾਵੇਗਾ।




## ਮਹਾਰਾਸ਼ਟਰ ਸਰਕਾਰ ਦਾ ਵੱਡਾ ਫ਼ੈਸਲਾ

# ਨਾਂਦੇੜ ਗੁਰਦੁਆਰਾ ਕਮੇਟੀ 'ਚ ਸਿਰਫ਼ ਸਿੱਖ ਹੀ ਹੋਣਗੇ ਸ਼ਾਮਲ



ਮੁੰਬਈ : ਮਹਾਰਾਸ਼ਟਰ ਸਰਕਾਰ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਨਾਂਦੇੜ ਗੁਰਦੁਆਰਾ ਕਮੇਟੀ 'ਚ ਸਿਰਫ਼ ਸਿੱਖ ਹੀ ਸ਼ਾਮਲ ਹੋਣਗੇ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਇਕ ਅਧਿਕਾਰੀ ਨੇ ਕਿਹਾ ਕਿ ਕੋਈ ਵੀ ਗੈਰ-ਸਿੱਖ ਇਸ ਗੁਰਦੁਆਰਾ ਕਮੇਟੀ ਦਾ ਮੈਂਬਰ ਨਹੀਂ ਹੋਵੇਗਾ। ਮਹਾਰਾਸ਼ਟਰ ਸਰਕਾਰ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ, ਜਦੋਂ ਅਜਿਹੀਆਂ ਖ਼ਬਰਾਂ ਆ ਰਹੀਆਂ ਹਨ ਕਿ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਚਲਨਗਰ ਸਾਹਿਬ ਐਕਟ, 1956 'ਚ ਸੋਧ ਕਰਨ ਦੇ ਸੂਬਾ ਸਰਕਾਰ ਦੇ ਫ਼ੈਸਲੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਨਾਰਾਜ਼ ਹੋ ਗਈ ਹੈ। ਧਾਰਮਿਕ ਸੰਸਥਾ ਦੇ ਬੋਰਡ 'ਚ ਆਪਣੇ ਨਾਮਜ਼ਦ ਵਿਅਕਤੀਆਂ ਦੀ ਗਿਣਤੀ ਵਧਾਉਣ ਲਈ ਐਕਟ 'ਚ ਸੋਧ ਕਰਨ ਦੇ ਸੂਬਾ ਸਰਕਾਰ ਦੇ ਫ਼ੈਸਲੇ ਦੀ ਐੱਸ.ਜੀ.ਪੀ.ਸੀ. ਮੁਖੀ ਹਰਜਿੰਦਰ ਸਿੰਘ ਧਾਮੀ ਨੇ ਆਲੋਚਨਾ ਕੀਤੀ ਹੈ। ਧਾਮੀ ਨੇ ਕਿਹਾ ਕਿ ਇਹ ਫ਼ੈਸਲਾ ਦੁਖ਼ਦ, ਨਿੰਦਾਯੋਗ ਅਤੇ ਸਿੱਖ ਮਾਮਲਿਆਂ 'ਚ ਸਿੱਧੀ ਦਖ਼ਲਅੰਦਾਜੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਧਾਮੀ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਵੀ ਚਿੱਠੀ ਲਿਖ ਕੇ ਇਸ ਮੁੱਦੇ 'ਤੇ ਚਰਚਾ ਲਈ ਸਮਾਂ ਮੰਗਿਆ ਸੀ। ਨਾਂਦੇੜ 'ਚ ਤਖ਼ਤ ਹਜ਼ੂਰ ਸਾਹਿਬ ਸਿੱਖਾਂ ਦੇ 5 ਤਖ਼ਤਾਂ 'ਚੋਂ ਇਕ ਹੈ ਅਤੇ ਸਿੱਖਾਂ ਦੇ 10ਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਜੁੜੇ ਹੋਣ ਕਾਰਨ ਇਸ ਦਾ ਬਹੁਤ ਇਤਿਹਾਸਕ ਮਹੱਤਵ ਹੈ। ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ਾਰ ਅਚਲਨਗਰ ਸਾਹਿਬ ਐਕਟ 1956 ਐਕਟ ਅਨੁਸਾਰ, ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ ਤਖ਼ਤ ਹਜ਼ੂਰ ਸਾਹਿਬ ਦੇ ਪ੍ਰਬੰਧਨ ਦੀ ਦੇਖਭਾਲ ਕਰਦਾ ਹੈ। ਇਸ ਦਾ ਸਾਲਾਨਾ ਬਜਟ ਕਰੀਬ 100 ਕਰੋੜ ਰੁਪਏ ਅਤੇ ਜਾਇਦਾਦ ਕਰੋੜਾਂ ਦੀ ਹੈ।

# ਨਾਂਦੇੜ: ਐਕਟ 'ਚ ਸੋਧ ਖ਼ਿਲਾਫ਼ ਸਿੱਖਾਂ ਵੱਲੋਂ ਪ੍ਰਦਰਸ਼ਨ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਨੁਮਾਇੰਦਿਆਂ ਨੇ ਕੀਤੀ ਸ਼ਮੂਲੀਅਤ



ਅੰਮ੍ਰਿਤਸਰ : ਮਹਾਰਾਸ਼ਟਰ ਸਰਕਾਰ ਵੱਲੋਂ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਐਕਟ 1956 ਵਿੱਚ ਕੀਤੀ ਗਈ ਸੋਧ ਖ਼ਿਲਾਫ਼ ਨਾਂਦੇੜ ਵਿੱਚ ਸਿੱਖ ਭਾਈਚਾਰੇ ਨੇ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰ ਕੇ ਸੋਧ ਵਾਪਸ ਲੈਣ ਦੀ ਮੰਗ ਕੀਤੀ। ਪ੍ਰਦਰਸ਼ਨ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਤਖ਼ਤ ਸਾਹਿਬਾਨ ਵੱਲੋਂ ਪ੍ਰਤੀਨਿਧ ਸ਼ਾਮਲ ਹੋਏ। ਰੋਸ ਵਜੋਂ ਨਾਂਦੇੜ ਵਿੱਚ ਸਿੱਖ ਭਾਈਚਾਰੇ ਨੇ ਆਪਣੀਆਂ ਦੁਕਾਨਾਂ ਤੇ ਕਾਰੋਬਾਰ ਵੀ ਬੰਦ ਰੱਖੇ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਦੇ ਦਿੱਤੇ ਗਏ ਸੱਦੇ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸਿੱਖ ਵਫ਼ਦ ਹਜ਼ੂਰ ਸਾਹਿਬ ਪੁੱਜਿਆ ਅਤੇ ਰੋਸ ਵਿਖਾਵੇ ਵਿੱਚ ਸ਼ਮੂਲੀਅਤ ਕੀਤੀ। ਵਫ਼ਦ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਡਾਕਟਰ ਦਲਜੀਤ ਸਿੰਘ ਚੀਮਾ, ਅਕਾਲ ਤਖਤ ਦੇ ਜਥੇਦਾਰ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਓਐੱਸਡੀ ਸਤਬੀਰ ਸਿੰਘ ਧਾਮੀ, ਮੈਂਬਰ ਅਜਮੇਰ ਸਿੰਘ ਖੇੜਾ ਤੇ ਹੋਰ ਸ਼ਾਮਲ ਸਨ।

ਸਰਕਾਰ ਦੀ ਇਸ ਕਾਰਵਾਈ ਖ਼ ?ਲਾਫ਼ ਰੋਸ ਪ੍ਰਦਰਸ਼ਨ ਕਰਨ ਤੋਂ ਪਹਿਲਾਂ ਤਖ਼ਤ ਸਾਹਿਬ ਵਿਖੇ ਅਰਦਾਸ ਕੀਤੀ ਗਈ, ਜਿਸ ਵਿੱਚ ਤਖ਼ਤ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਸਮੇਤ ਪੰਜ ਪਿਆਰਿਆਂ ਤੇ ਸਿੱਖ ਜਥੇਬੰਦੀਆ ਦੇ ਨੁਮਾਇੰਦੇ ਸ਼ਾਮਲ ਸਨ। ਬਾਅਦ ਵਿੱਚ ਸਿੱਖ ਸੰਗਤ ਵੱਲੋਂ ਰੋਸ ਮਾਰਚ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਇਸ ਰੋਸ ਮਾਰਚ ਦੌਰਾਨ ਸੰਗਤ ਵੱਲੋਂ ਸਰਕਾਰ ਦੇ ਫ਼ੈਸਲੇ ਦਾ ਵਿਰੋਧ ਕੀਤਾ ਗਿਆ ਅਤੇ ਇਹ ਫ਼ੈਸਲਾ ਵਾਪਸ ਲੈਣ ਦੀ ਮੰਗ ਕੀਤੀ ਗਈ। ਸੰਗਤ ਮਾਰਚ ਕਰਦੀ ਹੋਈ ਨਾਂਦੇੜ ਦੇ ਡਿਪਟੀ ਕਮਿਸ਼ਨਰ ਦਫ਼ਤਰ ਪੁੱਜੀ, ਜਿੱਥੇ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਸੌਂਪ ਕੇ ਸੋਧ ਵਾਪਸ ਲੈਣ ਦੀ ਮੰਗ ਕੀਤੀ ਗਈ। ਵੇਰਵਿਆਂ ਮੁਤਾਬਕ ਐਕਟ ਵਿੱਚ ਸੋਧ ਕਰਦਿਆਂ ਸਰਕਾਰ ਵੱਲੋਂ ਨਾਮਜ਼ਦ ਸੱਤ ਮੈਂਬਰਾਂ ਦੀ ਗਿਣਤੀ ਵਧਾ ਕੇ 12 ਕਰ ਦਿੱਤੀ ਗਈ ਹੈ ਅਤੇ ਬੋਰਡ ਵਿੱਚ ਸ਼੍ਰੋਮਣੀ ਕਮੇਟੀ ਦੇ ਚਾਰ ਮੈਂਬਰਾਂ ਦੀ ਗਿਣਤੀ ਘਟਾ ਕੇ ਦੋ ਮੈਂਬਰ ਕਰ ਦਿੱਤੀ ਗਈ ਹੈ। ਨਵੇਂ ਬਿੱਲ ਮੁਤਾਬਕ ਚੀਫ ਖ਼ਾਲਸਾ ਦੀਵਾਨ ਤੇ ਹਜ਼ੂਰੀ ਖ਼ਾਲਸਾ ਦੀਵਾਨ ਦੇ ਮੈਂਬਰਾਂ ਨੂੰ ਬੋਰਡ 'ਚੋਂ ਮਨਫੀ ਕਰ ਦਿੱਤਾ ਗਿਆ ਹੈ। ਨਵੇਂ ਬਿੱਲ ਮੁਤਾਬਕ ਹੁਣ 17 ਮੈਂਬਰੀ ਬੋਰਡ ਵਿੱਚ ਸਰਕਾਰ ਵੱਲੋਂ ਨਾਮਜ਼ਦ 12 ਮੈਂਬਰ ਹੋਣਗੇ। ਇਸੇ ਤਰ੍ਹਾਂ ਤਿੰਨ ਮੈਂਬਰ ਚੋਣ ਜਿੱਤ ਕੇ ਆਉਣਗੇ ਅਤੇ ਦੋ ਮੈਂਬਰ ਸ਼੍ਰੋਮਣੀ ਕਮੇਟੀ ਨਾਮਜ਼ਦ ਕਰ ਸਕੇਗੀ।

# ਤਖ਼ਤ ਸ੍ਰੀ ਹਜ਼ੂਰ ਸਾਹਿਬ ਬਾਰੇ ਕੀਤੇ ਫ਼ੈਸਲੇ ਦਾ ਵਿਰੋਧ



ਲੁਧਿਆਣਾ : ਭਾਰਤੀ ਸਰਬ ਧਰਮ ਸੰਸਦ ਪੰਜਾਬ ਨੇ ਮਹਾਰਾਸ਼ਟਰ ਸਰਕਾਰ ਨੂੰ ਤਾੜਨਾ ਕੀਤੀ ਹੈ ਕਿ ਉਹ ਸਿੱਖ ਕੌਮ ਦੇ ਧਾਰਮਿਕ ਮਾਮਲਿਆਂ ਵਿੱਚ ਦਖ਼ਲਅੰਦਾਜ਼ੀ ਤੁਰੰਤ ਬੰਦ ਕਰੇ ਅਤੇ ਤਖ਼ਤ ਸ੍ਰੀ ਸੱਚਖੰਡ ਅਬਚਲ ਨਗਰ ਨਾਦੇੜ ਹਜ਼ੂਰ ਸਾਹਿਬ ਦੀ ਪ੍ਰਬੰਧਕ ਕਮੇਟੀ ਬਾਰੇ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਮੁਕੰਮਲ ਤੌਰ 'ਤੇ ਰੱਦ ਕਰ ਕੇ ਸਿੱਖ ਕੌਮ ਨੂੰ ਸ਼ਾਂਤ ਕਰੇ। ਅੱਜ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਮਾਡਲ ਟਾਊਨ ਐਕਸਟੈਂਸ਼ਨ ਵਿੱਚ ਹੋਈ ਪੰਜਾਬ ਇਕਾਈ ਦੇ ਪ੍ਰਧਾਨ ਸੰਤ ਸ਼ਮਸ਼ੇਰ ਸਿੰਘ ਜਗੇੜਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਇਹ ਮਸਲੇ ਇਕਜੁੱਟਤਾ ਨਾਲ ਵਿਰੋਧਤਾ ਕਰਨ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨਾਂ ਅਤੇ ਹੋਰ ਸੂਬਾ ਕਾਰਜਕਾਰਨੀ ਮੈਂਬਰਾਂ ਨੇ ਹਿੱਸਾ ਲਿਆ। ਇਸ ਮੌਕੇ ਸੰਤ ਸ਼ਮਸ਼ੇਰ ਸਿੰਘ ਜਗੇੜਾ ਨੇ ਕਿਹਾ ਕਿ ਪੰਜਾਬ ਵਿੱਚ ਵੱਗ ਰਿਹਾ ਨਸ਼ਿਆਂ ਦਾ ਛੇਵਾਂ ਦਰਿਆ ਪੰਜਾਬ ਦੀ ਜਵਾਨੀ ਨੂੰ ਤਬਾਹੀ ਵੱਲ ਲਿਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਐਸਐਸਪੀ ਖੰਨਾ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਝੰਡੇ ਬਾਰੇ ਜੋ ਗਲਤ ਬਿਆਨਬਾਜ਼ੀ ਕੀਤੀ ਗਈ ਹੈ ਉਸ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਸਖਤ ਸਟੈਂਡ ਲੈਣਾ ਚਾਹੀਦਾ ਹੈ ਅਤੇ ਸ਼੍ਰੋਮਣੀ ਕਮੇਟੀ ਨੂੰ ਪੁਲੀਸ ਅਧਿਕਾਰੀ ਖਿਲਾਫ਼ ਕੇਸ ਦਰਜ ਕਰਾਉਣ ਲਈ ਦਿੱਤੀ ਹਦਾਇਤ ਤੇ ਵੀ ਕਾਰਵਾਈ ਹੋਣੀ ਚਾਹੀਦੀ ਹੈ। ਮੀਟਿੰਗ ਦੌਰਾਨ ਗੁਰਦੁਆਰਾ ਮਸਤੂਆਣਾ ਸਾਹਿਬ ਟਰੱਸਟ ਦੁੱਗਰੀ ਦੇ ਗੁਰਦੁਆਰਾ ਸਾਹਿਬ ਤੇ ਨਗਰ ਸੁਧਾਰ ਟਰੱਸਟ ਅਤੇ ਪੁਲੀਸ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਹੋਏ ਨਾਜਾਇਜ਼ ਕਬਜ਼ੇ ਨੂੰ ਖਤਮ ਕਰਾਉਣ ਦੀ ਮੰਗ ਵੀ ਕੀਤੀ ਗਈ। ਮੀਟਿੰਗ ਦੌਰਾਨ ਸਿੱਖ ਮੁਸਲਿਮ ਸਾਂਝਾਂ ਜਥੇਬੰਦੀ ਦੇ ਪ੍ਰਧਾਨ ਡਾ. ਨਸੀਰ ਅਖ਼ਤਰ ਨੂੰ ਪੀਸ ਐਂਡ ਹਿਊਮੈਨਟੀ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।

# ਬੋਰਡ 'ਚ ਸਿਰਫ਼ ਸਿੱਖ ਮੈਂਬਰ ਲੈਣ ਵਾਲਾ ਬਿਆਨ ਤਰਕਸੰਗਤ ਨਹੀਂ : ਹਰਜਿੰਦਰ ਸਿੰਘ ਧਾਮੀ



ਅੰਮ੍ਰਿਤਸਰ : ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਸਬੰਧੀ ਐਕਟ ਵਿੱਚ ਕੀਤੀ ਗਈ ਸੋਧ ਬਾਰੇ ਮਹਾਰਾਸ਼ਟਰ ਸਰਕਾਰ ਵੱਲੋਂ ਦਿੱਤੇ ਗਏ ਸਪਸ਼ਟੀਕਰਨ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਸਿਹਮਤੀ ਦਾ ਪ੍ਰਗਟਾਵਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਵਿੱਚ ਸਰਕਾਰ ਵੱਲੋਂ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਦੇ ਮਾਮਲੇ ਵਿਚ ਮਹਾਰਾਸ਼ਟਰ ਸਰਕਾਰ ਦੀ ਅੜੀ ਨੂੰ ਸਿੱਖ ਭਾਵਨਾਵਾਂ ਦੀ ਅਣਦੇਖੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹੁਣ ਇਹ ਕਹਿਣਾ ਕਿ ਬੋਰਡ ਵਿਚ ਸਿਰਫ ਸਿੱਖ ਮੈਂਬਰ ਹੀ ਲਏ ਜਾਣਗੇ, ਕਿਸੇ ਤਰ੍ਹਾਂ ਤਰਕਸੰਗਤ ਨਹੀਂ ਹੈ। ਉਨ੍ਹਾਂ ਮਹਾਰਾਸ਼ਟਰ ਸਰਕਾਰ ਨੂੰ ਸਵਾਲ ਕੀਤਾ ਕਿ ਜਿਹੜੀਆਂ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਕਟੌਤੀ ਕੀਤੀ ਜਾ ਰਹੀ ਹੈ, ਕੀ ਉਨ੍ਹਾਂ ਵੱਲੋਂ ਨਾਮਜ਼ਦ ਮੈਂਬਰ ਸਿੱਖ ਨਹੀਂ ਸਨ?

ਉਨ੍ਹਾਂ ਕਿਹਾ ਕਿ ਸਰਕਾਰ ਦਾ ਸਪੱਸ਼ਟੀਕਰਨ ਸਿਰਫ਼ ਗੁਮਰਾਹ ਕਰਨ ਵਾਲਾ ਹੈ। ਸੱਚਾਈ ਇਹ ਹੈ ਕਿ ਸਰਕਾਰ ਗੁਰਦੁਆਰਾ ਪ੍ਰਬੰਧਾਂ ਨੂੰ ਆਪਣੇ ਹੱਥਾਂ 'ਚ ਲੈਣਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਸਰਕਾਰਾਂ ਨੂੰ ਸਿੱਖ ਮਾਮਲਿਆਂ 'ਚ ਇਸ ਤਰ੍ਹਾਂ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖਾਂ ਦਾ ਅਹਿਮ ਤਖ਼ਤ ਹੈ, ਜਿੱਥੋਂ ਦੇ ਪ੍ਰਬੰਧ ਅਤੇ ਸੇਵਾ ਸੰਭਾਲ ਲਈ 1956 ਵਿਚ ਬਣਾਏ ਗਏ ਐਕਟ ਨੂੰ ਖੰਡਤ ਕਰਨ ਅਤੇ ਤੋੜਨ ਦੀ ਲੋੜ ਮਹਿਸੂਸ ਨਹੀਂ ਹੁੰਦੀ। ਇਹ ਹਰ ਪੱਖ ਤੋਂ ਸੋਚ ਵਿਚਾਰ ਕੇ ਹੀ ਕਾਇਮ ਕੀਤਾ ਗਿਆ ਸੀ। ਇਸ ਵਿਚ ਸਥਾਨਕ ਸਿੱਖਾਂ, ਨੁਮਾਇੰਦਾ ਸਿੱਖ ਸੰਸਥਾਵਾਂ, ਸਿੱਖ ਮੈਂਬਰ ਪਾਰਲੀਮੈਂਟ ਤੋਂ ਇਲਾਵਾ ਸਰਕਾਰ ਦੇ ਵੀ ਨੁਮਾਇੰਦੇ ਸ਼ਾਮਲ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਸ਼ ?ਰੋਮਣੀ ਕਮੇਟੀ ਵੱਲੋਂ ਇਸ ਬਾਰੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਪੱਤਰ ਭੇਜਿਆ ਗਿਆ ਹੈ, ਜਿਸ 'ਤੇ ਉਨ੍ਹਾਂ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ।

# ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧ 'ਚ ਦਖਲ ਬਰਦਾਸ਼ਤ ਨਹੀਂ : ਸਿਮਰਨਜੀਤ ਸਿੰਘ ਮਾਨ



ਫ਼ਤਹਿਗੜ੍ਹ ਸਾਹਿਬ : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਅੱਜ ਇੱਥੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ 77ਵੇਂ ਜਨਮ ਦਿਨ ਮੌਕੇ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ।

ਸਮਾਗਮ ਨੂੰ ਸੰਬੋਧਨ ਕਰਦਿਆਂ ਪਾਰਟੀ ਪ੍ਰਧਾਨ ਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਹਲਦਵਾਨੀ ਵਿੱਚ ਮਸਜਿਦਾਂ, ਮਦਰੱਸਿਆਂ ਨੂੰ ਨਿਸ਼ਾਨਾ ਬਣਾਉਣ ਅਤੇ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧ ਵਿੱਚ ਹਕੂਮਤੀ ਦਖਲ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਇਸ ਮੌਕੇ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਕਮੇਟੀ ਅਤੇ ਲੋਕ ਸਭਾ ਚੋਣਾਂ ਲਈ ਲੋਕਾਂ ਨੂੰ ਪਾਰਟੀ ਦਾ ਸਾਥ ਦੇਣ ਦੀ ਅਪੀਲ ਕੀਤੀ। ਉਨ੍ਹਾਂ ਮਹਾਰਾਸ਼ਟਰ ਦੀ ਸ਼ਿੰਦੇ ਸਰਕਾਰ ਦੀ ਸਖ਼ਤ ਆਲੋਚਨਾ ਕਰਦਿਆਂ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧ ਲਈ ਬਣਾਏ ਗਏ ਕਾਨੂੰਨ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਗੁਰੂਘਰਾਂ ਵਿੱਚ ਦਖ਼ਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਹਲਦਵਾਨੀ ਵਿੱਚ ਮਸਜਿਦਾਂ ਤੇ ਮਦਰੱਸਿਆਂ ਨੂੰ ਢਾਹ ਕੇ ਸਰਕਾਰੀ ਕਬਜ਼ੇ ਕੀਤੇ ਜਾਣ ਦੀ ਵੀ ਨਿਖੇਧੀ ਕੀਤੀ। ਇਸ ਮੌਕੇ ਕੁੱਲ 13 ਮਤੇ ਪਾਸ ਕੀਤੇ ਗਏ। ਇਸ ਮੌਕੇ ਅਕਾਲੀ ਦਲ ਦੇ ਗੁਰਪ੍ਰੀਤ ਸਿੰਘ ਲਖਮੀਰਵਾਲਾ ਅਤੇ ਕਾਂਗਰਸ ਦੇ ਮਹਿੰਦਰ ਸਿੰਘ ਆੜ੍ਹਤੀ ਨੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।

# ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਪਰਿਵਾਰ ਸਮੇਤ ਸ਼੍ਰੀ ਰਾਮਲੱਲਾ ਦੇ ਕੀਤੇ ਦਰਸ਼ਨ



ਅਯੁੱਧਿਆ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸੋਮਵਾਰ ਨੂੰ ਅਯੁੱਧਿਆ ਪਹੁੰਚੇ, ਜਿੱਥੇ ਦੋਵੇਂ ਨੇਤਾ ਨਵੇਂ ਬਣੇ ਸ਼੍ਰੀਰਾਮ ਮੰਦਰ 'ਚ ਭਗਵਾਨ ਸ਼੍ਰੀ ਰਾਮਲੱਲਾ ਦੇ ਦਰਸ਼ਨ ਕੀਤੇ। ਮੰਦਰ ਨਗਰੀ 'ਚ ਆਮ ਆਦਮੀ ਪਾਰਟੀ (ਆਪ) ਦੇ ਨੇਤਾਵਾਂ ਦੇ ਇਸ ਦੌਰੇ ਨਾਲ ਇਕ ਦਿਨ ਪਹਿਲੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ, ਉਨ੍ਹਾਂ ਦੀ ਸਰਕਾਰ ਦੇ ਮੰਤਰੀਆਂ ਅਤੇ ਵਿਧਾਨ ਮੰਡਲ ਦੇ ਦੋਹਾਂ ਸਦਨਾਂ ਦੇ 325 ਤੋਂ ਵੱਧ ਮੈਂਬਰਾਂ ਨੇ ਐਤਵਾਰ ਨੂੰ ਮੰਦਰ 'ਚ ਦਰਸ਼ਨ ਕੀਤੇ ਸਨ, ਜਿਸ 'ਚ ਸਮਾਜਵਾਦੀ ਪਾਰਟੀ (ਸਪਾ) ਦੇ ਮੈਂਬਰ ਸ਼ਾਮਲ ਨਹੀਂ ਹੋਏ ਸਨ। 'ਆਪ' ਦੇ ਇਕ ਨੇਤਾ ਨੇ ਦੱਸਿਆ ਕਿ ਕੇਜਰੀਵਾਲ ਅਤੇ ਮਾਨ ਦੁਪਹਿਰ ਕਰੀਬ 2 ਵਜੇ ਅਯੁੱਧਿਆ ਹਵਾਈ ਅੱਡੇ ਪਹੁੰਚੇ। ਦੋਹਾਂ ਨੇਤਾਵਾਂ ਨੇ ਹਵਾਈ ਅੱਡੇ 'ਤੇ ਇਕੱਠੇ ਮੀਡੀਆ ਕਰਮੀਆਂ ਨਾਲ ਕੋਈ ਗੱਲ ਨਹੀਂ ਕੀਤੀ ਅਤੇ ਰਾਮ ਜਨਮਭੂਮੀ ਵੱਲ ਵਧ ਗਏ, ਜਿੱਥੇ ਉਨ੍ਹਾਂ ਨੇ ਰਾਮਲੱਲਾ ਦੇ ਦਰਸ਼ਨ ਕੀਤੇ। 'ਆਪ' ਦੀ ਉੱਤਰ ਪ੍ਰਦੇਸ਼ ਇਕਾਈ ਦੇ ਪ੍ਰਧਾਨ ਸਭਾਜੀਤ ਸਿੰਘ ਨੇ ਕਿਹਾ ਕਿ ਦੋਵੇਂ ਨੇਤਾ ਰਾਮ ਮੰਦਰ 'ਚ ਵਿਸ਼ੇਸ਼ ਪ੍ਰਾਰਥਨਾ 'ਚ ਸ਼ਾਮਲ ਹੋਏ। ਮੁੱਖ ਵਿਰੋਧੀ ਦਲ ਸਮਾਜਵਾਦੀ ਪਾਰਟੀ ਨੂੰ ਛੱਡ ਕੇ ਉੱਤਰ ਪ੍ਰਦੇਸ਼ ਦੇ ਦੋਵੇਂ ਸਦਨ (ਵਿਧਾਨ ਸਭਾ ਅਤੇ ਵਿਧਾਨ ਪ੍ਰੀਸ਼ਦ) ਦੇ ਕਰੀਬ 325 ਵਿਧਾਇਕਾਂ ਨੇ ਮੁੱਖ ਮੰਤਰੀ ਯੋਗੀ ਨਾਲ ਐਤਵਾਰ ਨੂੰ ਰਾਮ ਮੰਦਰ 'ਚ ਸ਼ ?ਰੀ ਰਾਮਲੱਲਾ ਦਾ ਦਰਸ਼ਨ ਪੂਜਨ ਕੀਤਾ। ਅਯੁੱਧਿਆ 'ਚ 22 ਜਨਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਨਵੇਂ ਬਣੇ ਰਾਮ ਮੰਦਰ 'ਚ ਭਗਵਾਨ ਸ਼੍ਰੀ ਰਾਮ ਦੇ ਬਾਲ ਰੂਪ 'ਸ਼੍ਰੀ ਰਾਮਲੱਲਾ' ਦੀ ਪ੍ਰਾਣ ਪ੍ਰਤਿਸ਼ਠਾ ਕੀਤੀ ਗਈ ਸੀ। ਉਦੋਂ ਤੋਂ ਸ਼ਰਧਾਲੂਆਂ ਦੀ ਭਾਰੀ ਭੀੜ ਦੇ ਨਾਲ-ਨਾਲ ਵੱਖ-ਵੱਖ ਸੂਬਿਆਂ ਦੀਆਂ ਸਿਆਸੀ ਹਸਤੀਆਂ ਅਤੇ ਪ੍ਰਮੁੱਖ ਲੋਕਾਂ ਦਾ ਮੰਦਰ ਆਉਣਾ ਲੱਗਾ ਹੋਇਆ ਹੈ।

# ਪੰਜਾਬ ਦੇ ਵਿਰਸੇ ਦੀ ਝਲਕ ਦਿਖਾਉਂਦੀਆਂ ਝਾਕੀਆਂ ਮੁਕਤਸਰ ਪੁੱਜੀਆਂ




ਸ੍ਰੀ ਮੁਕਤਸਰ ਸਾਹਿਬ : ਪੰਜਾਬ ਸਰਕਾਰ ਵੱਲੋਂ ਸੂਬੇ ਦੇ ਗੌਰਵਸ਼ਾਲੀ ਵਿਰਸੇ ਅਤੇ ਇਤਿਹਾਸ ਨੂੰ ਦਰਸਾਉਂਦੀਆਂ ਝਾਕੀਆਂ ਦਾ ਇੱਥੇ ਪੁੱਜਣ 'ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਸਵਾਗਤ ਕੀਤਾ ਅਤੇ ਝੰਡੀ ਦਿਖਾ ਕੇ ਅਗਲੇ ਪੜਾਅ ਲਈ ਰਵਾਨਾ ਕੀਤਾ। ਇਸ ਮੌਕੇ ਕਾਕਾ ਬਰਾੜ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਇਤਿਹਾਸ, ਵਿਰਸੇ ਅਤੇ ਇੱਥੋਂ ਦੇ ਮਹਾਨ ਸ਼ਹੀਦਾਂ ਦੇ ਆਜ਼ਾਦੀ ਸੰਗਰਾਮ ਵਿੱਚ ਯੋਗਦਾਨ ਨੂੰ ਦਰਸਾਉਂਦੀਆਂ ਇਹ ਝਾਕੀਆਂ ਤਿਆਰ ਕਰਵਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਇੱਕ ਝਾਕੀ ਮਾਈ ਭਾਗੋ ਦੀ ਹੈ ਜੋ ਨਾਰੀ ਸਸ਼ਕਤੀਕਰਨ ਉੱਤੇ ਅਧਾਰਿਤ ਹੈ। ਉਨ੍ਹਾਂ ਆਖਿਆ ਕਿ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਈ ਭਾਗੋ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਸ਼ੀਰਵਾਦ ਨਾਲ ਮੁਗਲਾਂ ਖਿਲਾਫ਼ ਲੜਾਈ ਲੜੀ ਸੀ। ਮਾਈ ਭਾਗੋ ਦਾ ਸ੍ਰੀ ਮੁਕਤਸਰ ਸਾਹਿਬ ਨਾਲ ਸਬੰਧ ਜੁੜਦਾ ਹੋਣ ਕਰਕੇ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ।

ਉਨ੍ਹਾਂ ਦੱਸਿਆ ਕਿ ਅੱਗੋਂ ਇਹ ਝਾਕੀਆਂ ਗਿੱਦੜਬਾਹਾ ਅਤੇ ਮਲੋਟ ਹੁੰਦੇ ਹੋਏ ਫਾਜ਼ਿਲਕਾ ਜ਼ਿਲ੍ਹੇ ਵੱਲ ਜਾਣਗੀਆਂ। ਇਸ ਮੌਕੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਇਹ ਝਾਕੀਆਂ ਦੇਖੀਆਂ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸੁਰਿੰਦਰ ਸਿੰਘ ਢਿੱਲੋਂ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਕੇਜਰੀਵਾਲ ਤੇ ਭਗਵੰਤ ਮਾਨ ਨੇ ਘਰ-ਘਰ ਵੰਡਿਆ ਰਾਸ਼ਨ






ਫਤਿਹਗੜ੍ਹ ਸਾਹਿਬ : ਪੰਜਾਬ ਸਰਕਾਰ ਨੇ ਘਰ-ਘਰ ਮੁਫ਼ਤ ਰਾਸ਼ਨ ਵੰਡਣ ਦੀ ਅੱਜ ਰਸਮੀ ਸ਼ੁਰੂਆਤ ਭਾਵੇਂ ਖੰਨਾ ਵਿੱਚ ਕਰਨੀ ਸੀ ਪਰ ਉਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਾਬਾ ਮਾੜੂ ਦਾਸ ਸਟੇਡੀਅਮ ਸਲਾਣਾ ਵਿੱਚ ਹੈਲੀਪੈਡ 'ਤੇ ਉਤਰਨ ਤੋਂ ਬਾਅਦ ਅਮਲੋਹ ਸਬ-ਡਿਵੀਜ਼ਨ ਦੇ ਪਿੰਡ ਸਲਾਣਾ ਦੂਲਾ ਸਿੰਘ ਵਾਲਾ ਵਿਚ 14 ਪਰਿਵਾਰਾਂ ਦੇ ਘਰਾਂ ਵਿਚ ਜਾ ਕੇ 5 ਕਿਲੋ ਪ੍ਰਤੀ ਜੀਅ ਦੇ ਹਿਸਾਬ ਨਾਲ ਆਟੇ ਦੇ ਪੈਕੇਟ ਵੰਡੇ। ਇਸ ਮੌਕੇ ਉਨ੍ਹਾਂ ਨਾਲ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ, ਜਗਰਾਉਂ ਦੀ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਉਨ੍ਹਾਂ ਨੇ ਇਨ੍ਹਾਂ ਪਰਿਵਾਰਾਂ ਦੇ ਮੈਂਬਰਾਂ ਦਾ ਹਾਲ ਪੁੱਛਿਆ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣ ਕੇ ਹੱਲ ਕਰਨ ਦਾ ਭਰੋਸਾ ਦਿਤਾ। ਉਨ੍ਹਾਂ ਕਿਹਾ ਕਿ ਹੁਣ ਹਰ ਮਹੀਨੇ ਲੋਕਾਂ ਦੇ ਘਰ ਤਾਜ਼ਾ ਰਾਸ਼ਨ ਆਵੇਗਾ। ਉਨ੍ਹਾਂ ਕੈਂਸਰ ਪੀੜਤ ਇਕ ਪਰਿਵਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਲਾਜ ਲਈ ਦਵਾਈਆਂ 'ਤੇ ਪੈਸਾ ਖਰਚ ਕਰਨ ਦੀ ਲੋੜ ਨਹੀਂ ਕਿਉਂਕਿ ਸਰਕਾਰ ਵੱਲੋਂ ਦਵਾਈਆਂ ਹਸਪਤਾਲਾਂ 'ਚੋ ਮੁਫ਼ਤ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਪ੍ਰੋਗਰਾਮ ਦੌਰਾਨ ਮੀਡੀਆ ਨੂੰ ਅੱਗੇ ਨਹੀਂ ਜਾਣ ਦਿੱਤਾ ਗਿਆ।

# ਪੰਜਾਬ ਵਿੱਚ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਚੋਣ ਲੜੇਗੀ 'ਆਪ

## ਭਗਵੰਤ ਮਾਨ ਤੇ ਕੇਜਰੀਵਾਲ ਨੇ ਚੰਡੀਗੜ੍ਹ ਤੋਂ ਆਪਣਾ ਉਮੀਦਵਾਰ ਉਤਾਰਨ ਦਾ ਵੀ ਕੀਤਾ ਐਲਾਨ



ਲੁਧਿਆਣਾ : ਆਮ ਆਦਮੀ ਪਾਰਟੀ ਦੇ ਨੇਤਾ ਨੇ ਇੰਡੀਆ ਗੱਠਜੋੜ ਤੋਂ ਵੱਖ ਹੋ ਕੇ ਪੰਜਾਬ ਦੀਆਂ ਸਾਰੀਆਂ 13 ਸੀਟਾਂ 'ਤੇ ਲੋਕ ਸਭਾ ਚੋਣਾਂ ਇਕੱਲੇ ਲੜਨ ਦਾ ਐਲਾਨ ਕਰ ਦਿੱਤਾ। 'ਆਪ' ਸੁਪਰੀਮੋ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਂਝੇ ਤੌਰ 'ਤੇ ਐਲਾਨ ਕੀਤਾ ਕਿ ਚੰਡੀਗੜ੍ਹ ਦੀ ਲੋਕ ਸਭਾ ਸੀਟ 'ਤੇ ਵੀ ਆਮ ਆਦਮੀ ਪਾਰਟੀ ਆਪਣਾ ਉਮੀਦਵਾਰ ਉਤਾਰੇਗੀ। ਉਨ੍ਹਾਂ ਦੇ ਇਸ ਐਲਾਨ ਮਗਰੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਮਗਰੋਂ ਹੁਣ ਆਮ ਆਦਮੀ ਪਾਰਟੀ ਨੇ ਵੀ ਇੰਡੀਆ ਗੱਠਜੋੜ ਨਾਲੋਂ ਨਾਤਾ ਤੋੜ ਲਿਆ ਹੈ। ਪੰਜਾਬ ਦੇ ਸਮਰਾਲਾ 'ਚ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਦੀ ਪਹਿਲੀ ਸੂਬਾ ਪੱਧਰੀ ਕਨਵੈਨਸ਼ਨ ਤੋਂ ਇੱਕ ਦਿਨ ਪਹਿਲਾਂ ਹੀ 'ਆਪ' ਵੱਲੋਂ ਇਕੱਲਿਆਂ ਚੋਣਾਂ ਲੜਨ ਦੇ ਕੀਤੇ ਐਲਾਨ ਮਗਰੋਂ ਹੁਣ ਕਾਂਗਰਸ ਦੇ ਸਮੀਕਰਨ ਪੂਰੀ ਤਰ੍ਹਾਂ ਬਦਲ ਜਾਣਗੇ। ਰਾਜਸੀ ਹਲਕਿਆਂ ਵਿੱਚ ਇਹ ਵੀ ਚਰਚਾ ਹੈ ਕਿ ਹੁਣ ਦਿੱਲੀ 'ਚ ਵੀ ਆਮ ਆਦਮੀ ਪਾਰਟੀ ਇਕੱਲਿਆਂ ਚੋਣਾਂ ਲੜੇਗੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਖੰਨਾ ਵਿੱਚ ਘਰ-ਘਰ ਰਾਸ਼ਨ ਵੰਡ ਸਮਾਰੋਹ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਕਿ ਉਹ ਪੰਜਾਬ ਦੀਆਂ ਸਾਰੀਆਂ ਸੀਟਾਂ 'ਤੇ ਇਕੱਲਿਆਂ ਚੋਣਾਂ ਲੜਨਗੇ। ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਚੰਡੀਗੜ੍ਹ 'ਚ ਵੀ ਆਪਣਾ ਉਮੀਦਵਾਰ ਉਤਾਰੇਗੀ ਅਤੇ ਇਨ੍ਹਾਂ 14 ਸੀਟਾਂ 'ਤੇ 'ਆਪ' ਫਿਰ ਤੋਂ ਇਤਿਹਾਸ ਦੁਹਾਰੇਗੀ। ਕੇਜਰੀਵਾਲ ਨੇ ਕਿਹਾ ਕਿ ਉਹ 15 ਦਿਨ ਦੇ ਅੰਦਰ-ਅੰਦਰ ਉਮੀਦਵਾਰਾਂ ਦੇ ਨਾਂ ਐਲਾਨ ਦੇਣਗੇ।

**ਸੂਬੇ 'ਚ ਨਵੇਂ ਇਨਕਲਾਬ ਦੀ ਹੋਈ ਸ਼ੁਰੂਆਤ: ਭਗਵੰਤ ਮਾਨ :** ਮੁੱਖ ਮੰਤਰੀ ਭਗਵੰਤ ਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਨੂੰ ਘਰ-ਘਰ ਰਾਸ਼ਨ ਮੁਹੱਈਆ ਕਰਵਾਉਣ ਦੀ ਸਹੂਲਤ ਸ਼ੁਰੂ ਕਰਨ ਨਾਲ ਪੰਜਾਬ ਦੇਸ਼ ਵਿੱਚ ਚਾਨਣ-ਮੁਨਾਰਾ ਬਣ ਕੇ ਉੱਭਰੇਗਾ। ਉਨ੍ਹਾਂ ਕਿਹਾ ਕਿ ਪੂਰੇ ਸੂਬੇ ਲਈ ਅੱਜ ਇਤਿਹਾਸਕ ਦਿਨ ਹੈ ਕਿਉਂਕਿ ਸੂਬੇ ਵਿੱਚ ਨਵੇਂ ਇਨਕਲਾਬ ਦੀ ਸ਼ੁਰੂਆਤ ਹੋਈ ਹੈ। ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਪੰਜਾਬ ਵਾਸੀਆਂ ਨੂੰ ਮਿਆਰੀ ਸਿਹਤ ਸਹੂਲਤਾਂ ਅਤੇ ਮੁਫ਼ਤ ਸਿੱਖਿਆ ਮੁਹੱਈਆ ਕਰਵਾ ਰਹੀ ਹੈ, ਨੌਜਵਾਨਾਂ ਨੂੰ ਨੌਕਰੀਆਂ ਮਿਲ ਰਹੀਆਂ ਹਨ, ਲੋਕਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਘਰ-ਘਰ ਰਾਸ਼ਨ ਦੀ ਨਵੀਂ ਸਕੀਮ ਤਹਿਤ ਇਕ ਕਰੋੜ ਤੋਂ ਵੱਧ ਲਾਭਪਾਤਰੀਆਂ ਨੂੰ ਘਰ ਵਿੱਚ ਹੀ ਰਾਸ਼ਨ ਮਿਲੇਗਾ। ਮੁੱਖ ਮੰਤਰੀ ਨੇ ਵਿਅੰਗ ਕਰਦਿਆਂ ਕਿਹਾ ਕਿ ਸੂਬੇ ਦੇ ਇਕ ਸਾਬਕਾ ਵਿੱਤ ਮੰਤਰੀ ਨੇ ਨੌਂ ਸਾਲਾਂ ਤੱਕ ਸੂਬੇ ਦਾ ਖਜ਼ਾਨਾ ਖਾਲੀ ਹੋਣ ਦੀ ਬਿਆਨਬਾਜ਼ੀ ਕਰਕੇ ਸਮਾਂ ਲੰਘਾਇਆ, ਜਿਸ ਨਾਲ ਸੂਬੇ ਦੇ ਵਿਕਾਸ ਨੂੰ ਢਾਹ ਲੱਗੀ।

# ਗੋਇੰਦਵਾਲ ਥਰਮਲ ਪਲਾਂਟ ਲੋਕਾਂ ਨੂੰ ਸਮਰਪਿਤ

## ਆਮ ਲੋਕਾਂ ਨੂੰ ਭਾਰਤੀ ਸਿਆਸਤ ਦੇ ਕੇਂਦਰ 'ਚ ਲਿਆਉਣ ਦਾ ਸਿਹਰਾ ਕੇਜਰੀਵਾਲ ਸਿਰ: ਭਗਵੰਤ ਮਾਨ




ਤਰਨ ਤਾਰਨ : ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਹਮਰੁਤਬਾ ਅਰਵਿੰਦ ਕੇਜਰੀਵਾਲ ਨੇ ਲੋਕ ਭਲਾਈ ਅਤੇ ਵਿਕਾਸ ਦੇ ਏਜੰਡੇ ਨੂੰ ਕੌਮੀ ਪੱਧਰ ਉੱਤੇ ਕੇਂਦਰ ਵਿੱਚ ਲਿਆਉਣ ਲਈ 'ਆਪ' ਨੂੰ ਮਜ਼ਬੂਤ ?ਕਰਨ ਲਈ ਲੋਕਾਂ ਦੇ ਪੂਰਨ ਸਮਰਥਨ ਅਤੇ ਸਹਿਯੋਗ ਦੀ ਮੰਗ ਕੀਤੀ ਹੈ। ਗੋਇੰਦਵਾਲ ਸਾਹਿਬ ਦਾ ਥਰਮਲ ਪਲਾਂਟ ਲੋਕਾਂ ਨੂੰ ਸਮਰਪਿਤ ਕਰਨ ਉਪਰੰਤ ਇਲਾਕੇ ਦੇ ਪਿੰਡ ਸ਼ੇਰੋਂ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਮ ਲੋਕਾਂ ਨੂੰ ਭਾਰਤੀ ਰਾਜਨੀਤੀ ਦੇ ਕੇਂਦਰ ਵਿੱਚ ਲਿਆਉਣ ਦਾ ਸਿਹਰਾ ਅਰਵਿੰਦ ਕੇਜਰੀਵਾਲ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਜਾਇਦਾਦਾਂ ਚਹੇਤਿਆਂ ਨੂੰ ਵੇਚਣ ਦੇ ਰੁਝਾਨ ਦੇ ਉਲਟ ਪੰਜਾਬ ਸਰਕਾਰ ਨੇ ਪ੍ਰਾਈਵੇਟ ਥਰਮਲ ਪਲਾਂਟ ਖਰੀਦਣ ਦਾ ਇਤਿਹਾਸਕ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਸੂਬਾ ਸਰਕਾਰ ਸੂਬੇ ਦੇ ਬਾਕੀ ਬਚੇ ਪ੍ਰਾਈਵੇਟ ਥਰਮਲ ਪਲਾਂਟਾਂ ਨੂੰ ਵੀ ਖ਼ਰੀਦ ਲਏਗੀ।

ਸ੍ਰੀ ਮਾਨ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਜਿਹੜੇ ਲੋਕ ਹੁਣ ਪੰਜਾਬ ਬਚਾਓ ਯਾਤਰਾ ਦੇ ਰਾਹ ਪੈ ਰਹੇ ਹਨ, ਉਨ੍ਹਾਂ ਨੇ ਆਪਣੇ ਲੰਮੇ ਕਾਰਜਕਾਲ ਦੌਰਾਨ ਸੂਬੇ ਨੂੰ ਲੁੱਟਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਬੇਰਹਿਮੀ ਨਾਲ ਸੂਬੇ ਨੂੰ ਬਰਬਾਦ ਕਰ ਦਿੱਤਾ, ਜਿਸ ਕਾਰਨ ਇਨ੍ਹਾਂ ਨੂੰ ਸੱਤਾ ਤੋਂ ਲਾਂਭੇ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਖ਼ਾਸ ਕਰਕੇ ਕਾਂਗਰਸ ਅਤੇ ਅਕਾਲੀਆਂ ਨੇ ਲੋਕਾਂ ਦਾ ਪੂਰਾ ਸਮਰਥਨ ਗੁਆ ਲਿਆ ਹੈ।

ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਲੋਕ ਸਭਾ ਚੋਣਾਂ ਵਿੱਚ 'ਆਪ' ਨੂੰ ਪੂਰਨ ਸਮਰਥਨ ਅਤੇ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਇਹ ਲੋਕਾਂ ਅਤੇ ਸੂਬੇ ਦੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਵਿੱਚ ਮਦਦ ਕਰੇਗਾ। ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਮੁੱਖ ਮੰਤਰੀ ਨੇ ਕਿਸਾਨਾਂ ਵੱਲੋਂ ਦਿੱਤੇ 'ਦਿੱਲੀ ਚਲੋ' ਦੇ ਸੱਦੇ ਦੇ ਹਵਾਲੇ ਨਾਲ ਅਫਸੋਸ ਪ੍ਰਗਟਾਇਆ ਕਿ ਹਰਿਆਣਾ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਰੋਕਣ ਲਈ ਕੰਡਿਆਲੀ ਤਾਰ ਲਗਾ ਰਹੀ ਹੈ।

### ਅੰਮ੍ਰਿਤਸਰ ਲੋਕ ਸਭਾ ਸੀਟ 'ਤੇ ਚਰਚਾ ਤੇਜ਼

# ਅਨਿਲ ਜੋਸ਼ੀ ਤੇ ਤਰਨਜੀਤ ਸਿੰਘ ਸੰਧੂ ਦਾ ਨਾਂ ਚਰਚਾ 'ਚ



ਅੰਮ੍ਰਿਤਸਰ : ਭਾਜਪਾ ਦੇ ਸੀਨੀਅਰ ਆਗੂ ਰਹਿ ਚੁੱਕੇ ਅਤੇ ਹੁਣ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸਾਬਕਾ ਮੰਤਰੀ ਅਨਿਲ ਜੋਸ਼ੀ ਦੇ ਸਿਆਸੀ ਭਵਿੱਖ ਨੂੰ ਲੈ ਕੇ ਕਿਆਸਅਰਾਈਆਂ ਤੇਜ਼ ਹੋ ਗਈਆਂ ਹਨ। ਸਵਾਲ ਇਹ ਖੜ੍ਹੇ ਹੋ ਰਹੇ ਹਨ ਕਿ ਕੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਜੋਸ਼ੀ ਨੂੰ ਚੋਣ ਮੈਦਾਨ ਵਿਚ ਉਤਾਰੇਗਾ ਜਾਂ ਸੀਟ ਦੇ ਇਤਿਹਾਸ ਮੁਤਾਬਕ ਜੋ ਕਿ ਰਵਾਇਤੀ ਤੌਰ 'ਤੇ ਭਾਜਪਾ ਦੇ ਕੋਟੇ ਦੀ ਰਹੀ ਹੈ, ਨੂੰ ਦੇਖਦੇ ਹੋਏ ਆਪਣੇ ਉਮੀਦਵਾਰ ਨੂੰ ਚੋਣ ਮੈਦਾਨ ਵਿਚ ਉਤਾਰਨ ਦੀ ਸਹਿਮਤੀ ਲਈ ਭਾਜਪਾ ਨਾਲ ਗੱਲਬਾਤ ਕਰੇਗਾ। ਹਾਲਾਂਕਿ ਨਾ ਤਾਂ ਅਜੇ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਗਠਜੋੜ ਹੋਇਆ ਹੈ ਅਤੇ ਨਾ ਹੀ ਅਕਾਲੀ ਦਲ ਤੇ ਭਾਜਪਾ ਨੇ ਅਜੇ ਤਕ ਅੰਮ੍ਰਿਤਸਰ ਸੰਸਦੀ ਸੀਟ 'ਤੇ ਆਪਣੇ ਉਮੀਦਵਾਰ ਦਾ ਐਲਾਨ ਕੀਤਾ ਹੈ ਪਰ ਰਸਮੀ ਤੌਰ 'ਤੇ ਜ਼ਿਆਦਾਤਰ ਅਕਾਲੀ ਦਲ ਆਪਣੇ ਹਲਕਾ ਇੰਚਾਰਜਾਂ ਨੂੰ ਹੀ ਆਪਣੇ ਉਮੀਦਵਾਰ ਵਜੋਂ ਨਾਮਜ਼ਦ ਕਰਦਾ ਹੈ। ਹਾਲਾਂਕਿ ਚਰਚਾ ਇਹ ਹੈ ਕਿ ਜੇ ਦੋਵਾਂ ਪਾਰਟੀਆਂ ਵਿਚਾਲੇ ਗਠਜੋੜ ਹੋ ਜਾਂਦਾ ਹੈ ਤਾਂ ਦੋਵੇਂ ਧਿਰਾਂ ਅਨਿਲ ਜੋਸ਼ੀ ਦੇ ਨਾਂ 'ਤੇ ਚਰਚਾ ਕਰ ਸਕਦੀਆਂ ਹਨ।

ਦੂਜੇ ਪਾਸੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਦਾ ਨਾਂ ਵੀ ਚਰਚਾ ਵਿਚ ਹੈ, ਜਿਸ ਨੂੰ ਭਾਜਪਾ ਇਥੋਂ ਮੈਦਾਨ ਵਿਚ ਉਤਾਰ ਸਕਦੀ ਹੈ। ਸੰਧੂ ਗੁਰਦੁਆਰਾ ਸੁਧਾਰ ਲਹਿਰ ਵਿਚ ਸਰਗਰਮੀ ਨਾਲ ਹਿੱਸਾ ਲੈਣ ਵਾਲੇ ਸਿੱਖ ਆਗੂ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਬਿਸ਼ਨ ਸਿੰਘ ਸਮੁੰਦਰੀ ਦੇ ਪੁੱਤਰ ਹਨ। ਜਿਨ੍ਹਾਂ ਨੂੰ ਅੰਮ੍ਰਿਤਸਰ ਤੋਂ ਸੰਭਾਵੀ ਸਾਂਝੇ ਉਮੀਦਵਾਰ ਵਜੋਂ ਦੇਖਿਆ ਜਾ ਰਿਹਾ ਹੈ। ਭਾਜਪਾ ਆਗੂ ਅਤੇ ਸਿਆਸੀ ਵਿਸ਼ਲੇਸ਼ਕ ਸੋਮਦੇਵ ਸ਼ਰਮਾ ਮੁਤਾਬਕ ਅੰਮ੍ਰਿਤਸਰ ਦੀ ਆਮ ਜਨਤਾ ਲਈ ਸੰਧੂ ਮੁਕਾਬਲਤਨ ਅਣਜਾਣ ਹੈ ਜਦਕਿ ਭਾਜਪਾ ਨੂੰ ਉਸ ਸਮੇਂ ਵੀ ਝਟਕਾ ਲੱਗਾ ਸੀ ਜਦੋਂ ਇਸ ਨੇ ਰਾਸ਼ਟਰੀ ਪੱਧਰ ਦੇ ਉੱਘੇ ਆਗੂ ਮਰਹੂਮ ਅਰੁਣ ਜੇਤਲੀ ਨੂੰ ਮੈਦਾਨ ਵਿਚ ਉਤਾਰਿਆ, ਜੋ ਚੋਣਾਂ ਹਾਰ ਗਏ ਸਨ। ਇਸੇ ਤਰ੍ਹਾਂ ਨੌਕਰਸ਼ਾਹ ਹਰਦੀਪ ਸਿੰਘ ਪੁਰੀ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ ਨਵਜੋਤ ਸਿੰਘ ਸਿੱਧੂ ਇਥੋਂ ਜਿੱਤ ਗਏ ਸਨ। ਉਨ੍ਹਾਂ ਕਿਹਾ ਕਿ ਨੌਕਰਸ਼ਾਹਾਂ ਦੀ ਜੀਵਨ ਸ਼ੈਲੀ ਉਨ੍ਹਾਂ ਦੀ ਜਨਤਾ ਨਾਲ ਜੁੜਨ ਦੀ ਸਮਰੱਥਾ ਵਿਚ ਰੁਕਾਵਟ ਪਾਉਂਦੀ ਹੈ। ਦੂਜੇ ਪਾਸੇ ਸੂਤਰਾਂ ਨੇ ਦੱਸਿਆ ਕਿ ਗਠਜੋੜ ਦੀ ਸਥਿਤੀ ਵਿਚ ਅੰਮ੍ਰਿਤਸਰ ਦੇ ਉਮੀਦਵਾਰ ਬਾਰੇ ਵਿਚਾਰ ਕਰਨ ਲਈ ਵੀਰਵਾਰ ਰਾਤ ਨੂੰ ਭਾਜਪਾ ਦੇ ਇਕ ਆਗੂ ਦੇ ਘਰ ਇਸ ਸਬੰਧੀ ਮੀਟਿੰਗ ਵੀ ਕੀਤੀ ਗਈ ਹੈ।

# ਬੇਅਦਬੀ ਕੇਸ 'ਚ ਭਗੌੜਾ ਪ੍ਰਦੀਪ ਕਲੇਰ ਗੁਰੂਗ੍ਰਾਮ ਤੋਂ ਪੰਜਾਬ ਪੁਲਿਸ ਵਲੋਂ ਗ੍ਰਿਫ਼ਤਾਰ



ਚੰਡੀਗੜ੍ਹ : ਬਰਗਾੜੀ ਬੇਅਦਬੀ ਕੇਸ ਨਾਲ ਸੰਬੰਧਿਤ ਤਿੰਨ ਭਗੌੜਿਆਂ 'ਚੋਂ ਇਕ ਪ੍ਰਦੀਪ ਕਲੇਰ ਨੂੰ ਪੰਜਾਬ ਪੁਲਿਸ ਦੀ ਟੀਮ ਨੇ ਗਿ ?ਫ਼ਤਾਰ ਕਰ ਲਿਆ। ਕੁਝ ਦਿਨ ਪਹਿਲਾਂ ਯੂ.ਪੀ. ਵਿਚਲੀ ਯੋਗੀ ਸਰਕਾਰ ਦੇ ਇਕ ਮੰਤਰੀ ਵਲੋਂ ਪ੍ਰਦੀਪ ਕਲੇਰ ਦੀਆਂ ਅਯੁੱਧਿਆ ਵਿਖੇ ਲੰਗਰ ਵਰਤਾਉਣ ਦੀਆਂ ਫੋਟੋਆਂ ਫੇਸਬੁੱਕ 'ਤੇ ਪਾਉਣ ਤੋਂ ਬਾਅਦ ਪੰਜਾਬ ਪੁਲਿਸ ਦੀਆਂ ਟੀਮਾਂ ਅਯੁੱਧਿਆ ਗਈਆਂ ਸਨ ਤੇ ਸੂਚਨਾ ਦੇ ਆਧਾਰ 'ਤੇ ਉਸ ਦਾ ਪਿੱਛਾ ਕਰਦਿਆਂ ਉਸ ਨੂੰ ਗੁਰੂਗ੍ਰਾਮ ਤੋਂ ਗ੍ਰਿਫ਼ਤਾਰ ਕੀਤਾ ਗਿਆ। ਪਾਣੀਪਤ ਦੇ ਰਹਿਣ ਵਾਲੇ ਪ੍ਰਦੀਪ ਕਲੇਰ ਡੇਰਾ ਸਿਰਸਾ ਦੀ ਕੌਮੀ ਕਮੇਟੀ ਦੇ ਮੈਂਬਰ ਹਨ। ਇਸ ਕੇਸ ਵਿਚ ਐਲਾਨੇ ਦੋ ਹੋਰ ਭਗੌੜਿਆਂ ਹਰੀਸ਼ ਪੁਰੀ ਤੇ ਸੰਦੀਪ ਬਰੇਟਾ ਨੂੰ ਫੜਿਆ ਜਾਣਾ ਬਾਕੀ ਹੈ ਤੇ ਇਹ ਦੋਵੇਂ ਵੀ ਡੇਰੇ ਦੀ ਕੌਮੀ ਕਮੇਟੀ ਦੇ ਮੈਂਬਰ ਹਨ। ਸਮਝਿਆ ਜਾ ਰਿਹਾ ਹੈ ਕਿ ਬਰਗਾੜੀ ਬੇਅਦਬੀ ਕੇਸ ਦੀ ਚੱਲ ਰਹੀ ਜਾਂਚ ਅਤੇ ਵਿਸ਼ੇਸ਼ ਕਰ ਸਾਜ਼ਿਸ਼ ਸੰਬੰਧੀ ਹੁਣ ਅਹਿਮ ਖ਼ੁਲਾਸੇ ਸਾਹਮਣੇ ਆ ਸਕਦੇ ਹਨ। ਪੁਲਿਸ ਨੂੰ ਮਗਰਲੇ ਕਾਫ਼ੀ ਸਮੇਂ ਤੋਂ ਅਜਿਹੀਆਂ ਰਿਪੋਰਟਾਂ ਮਿਲਦੀਆਂ ਰਹੀਆਂ ਕਿ ਕੇਸ ਨਾਲ ਸੰਬੰਧਿਤ ਤਿੰਨੋਂ ਭਗੌੜੇ ਡੇਰਾ ਸਿਰਸਾ ਵਿਖੇ ਹੀ ਰਹਿੰਦੇ ਹਨ ਪਰ ਕਿਸੇ ਵੀ ਸਰਕਾਰ ਵਲੋਂ ਉਨ੍ਹਾਂ ਤੱਕ ਪਹੁੰਚਣ ਦਾ ਹੌਂਸਲਾ ਨਹੀਂ ਕੀਤਾ ਗਿਆ। ਇਸ ਬੇਅਦਬੀ ਮਾਮਲੇ ਦੀ ਜਾਂਚ ਲਈ ਵਧੀਕ ਡੀ.ਜੀ.ਪੀ. ਐਸ.ਪੀ. ਐਸ ਪਰਮਾਰ, ਜਲੰਧਰ ਦਿਹਾਤੀ ਦੇ ਪੁਲਿਸ ਮੁਖੀ ਮੁਖਵਿੰਦਰ ਸਿੰਘ ਭੁੱਲਰ ਤੇ ਫ਼ਰੀਦਕੋਟ ਦੇ ਜ਼ਿਲ੍ਹਾ ਪੁਲਿਸ ਮੁਖੀ ਹਰਜੀਤ ਸਿੰਘ 'ਤੇ ਆਧਾਰਿਤ ਵਿਸ਼ੇਸ਼ ਜਾਂਚ ਟੀਮ ਵਲੋਂ ਕਲੇਰ ਦੇ ਅਯੁੱਧਿਆ 'ਚ ਹੋਣ ਦੀ ਮਿਲੀ ਸੂਚਨਾ ਤੋਂ ਬਾਅਦ ਖ਼ੁਦ ਉਸ ਦੀ ਗ੍ਰਿਫ਼ਤਾਰੀ ਲਈ ਚਲਾਈ ਜਾ ਰਹੀ ਮੁਹਿੰਮ ਦੀ ਨਿਗਰਾਨੀ ਕੀਤੀ ਜਾ ਰਹੀ ਸੀ। ਪੰਜਾਬ ਪੁਲਿਸ ਦੀ ਟੀਮ ਕਲੇਰ ਨੂੰ ਲੈ ਕੇ ਅੱਜ ਸ਼ਾਮ ਪੰਜਾਬ ਪੁੱਜ ਗਈ ਤੇ ਉਸ ਨੂੰ ਕੱਲ੍ਹ ਸਵੇਰੇ ਫ਼ਰੀਦਕੋਟ ਦੀ ਅਦਾਲਤ 'ਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ, ਜਿਥੇ ਪੁਲਿਸ ਵਲੋਂ ਉਸ ਦੀ ਪੁੱਛਗਿੱਛ ਲਈ ਪੁਲਿਸ ਰਿਮਾਂਡ ਵੀ ਮੰਗਿਆ ਜਾਵੇਗਾ।

# ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਪੰਜਾਬ ਦੌਰਾ 21 ਨੂੰ



ਕੋਲਕਾਤਾ : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਸੁਪਰੀਮੋ ਮਮਤਾ ਬੈਨਰਜੀ 21 ਫਰਵਰੀ ਨੂੰ ਪੰਜਾਬ ਦਾ ਦੌਰਾ ਕਰੇਗੀ। ਪਾਰਟੀ ਦੇ ਸੂਤਰਾਂ ਨੇ ਦੱਸਿਆ ਕਿ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਤੋਂ ਇਲਾਵਾ ਮੁੱਖ ਮੰਤਰੀ ਵੱਲੋਂ ਪੰਜਾਬ ਦੇ ਆਪਣੇ ਹਮਰੁਤਬਾ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਮੌਜੂਦ ਹੋਣ ਦੀ ਸੰਭਾਵਨਾ ਹੈ।

# ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰਸਟ ਦੇ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਚੁਣੇ ਗਏ !



ਨਵਾਂ ਸ਼ਹਿਰ-ਪੇਂਡੂ ਇਲਾਕੇ ਵਿੱਚ ਮੈਡੀਕਲ ਅਤੇ ਮਿਆਰੀ ਵਿੱਦਿਆ ਪ੍ਰਦਾਨ ਕਰਨ ਲਈ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਦੁਆਬੇ ਦੀ ਸੰਸਥਾ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ (ਰਜਿ.) ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ ਪੰਜਾਬ) ਦੀ ਪ੍ਰਬੰਧਕੀ ਬਾਡੀ ਦੀ ਹੋਈ ਚੋਣ ਮੌਕੇ ਸਰਦਾਰ ਕੁਲਵਿੰਦਰ ਸਿੰਘ ਢਾਹਾਂ ਤਿੰਨ ਸਾਲਾਂ (2024-2027) ਲਈ ਪ੍ਰਧਾਨ ਚੁਣੇ ਗਏ। ਯਾਦ ਰਹੇ ਕਿ ਪ੍ਰਸਿੱਧ ਸਨਅਤਕਾਰ ਅਤੇ ਸਮਾਜ ਸੇਵਕ ਸਰਦਾਰ ਹਰਦੇਵ ਸਿੰਘ ਕਾਹਮਾ ਇਸ ਸੰਸਥਾ ਦੇ ਲਗਾਤਰ ਦੋ ਟਰਮਾਂ (ਛੇ ਸਾਲ) ਪ੍ਰਧਾਨ ਰਹੇ।

ਸਵਰਗੀ ਬੁੱਧ ਸਿੰਘ ਢਾਹਾਂ ਵਲੋਂ ਬਣਾਈ ਇਸ ਸੰਸਥਾ ਦੇ ਸੰਵਿਧਾਨ ਮੁਤਾਬਕ ਬੀਤੇ ਦਿਨੀਂ ਹੋਈ ਚੋਣ ਮੌਕੇ ਹੋਰ ਅਹੁਦੇਦਾਰਾਂ ਵਿੱਚ ਸ੍ਰੀ ਬਰਜਿੰਦਰ ਸਿੰਘ ਢਾਹਾਂ ਮੀਤ ਪ੍ਰਧਾਨ,ਸਰਦਾਰ ਅਮਰਜੀਤ ਸਿੰਘ ਕਲੇਰਾਂ ਸਕੱਤਰ, ਸਰਦਾਰ ਜਗਿੰਦਰ ਸਿੰਘ ਸਾਧੜਾ ਸੀਨੀਅਰ ਮੀਤ ਪ੍ਰਧਾਨ, ਬੀਬੀ ਬਲਵਿੰਦਰ ਕੌਰ 'ਕਲਸੀ' ਖਜ਼ਾਨਚੀ ਅਤੇ ਸਰਦਾਰ ਜਗਜੀਤ ਸਿੰਘ ਸੋਢੀ ਮੀਤ ਸਕੱਤਰ ਚੁਣੇ ਗਏ ! ਇਸ ਮੌਕੇ ਹੋਰ ਟਰੱਸਟੀਆਂ ਤੋਂ ਇਲਾਵਾ ਸਾਬਕਾ ਪ੍ਰਧਾਨ ਸਰਦਾਰ ਹਰਦੇਵ ਸਿੰਘ ਕਾਹਮਾ ਨੇ ਨਵੇਂ ਚੁਣੇ ਗਏ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੇਂਡੂ ਇਲਾਕੇ ਦੀ ਇਸ ਮਾਨਮੱਤੀ ਸੰਸਥਾ ਦਾ ਪ੍ਰਬੰਧ ਚਲਾਉਂਦਿਆਂ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਸਦਾ ਨਾਮ ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਤਿਕਾਰਤ ਨਾਂ 'ਤੇ ਰੱਖਿਆ ਹੋਇਆ ਹੈ। ਇਸ ਕਰਕੇ ਸਾਨੂੰ ਓਸ ਮਹਾਨ ਰਹਿਬਰ ਦੇ ਦਰਸਾਏ ਮਾਰਗ ਅਨੁਸਾਰ ਹੀ ਮਾਨਵਤਾ ਦੀ ਸੇਵਾ ਕਰਨ ਲਈ ਤਤਪਰ ਰਹਿਣਾ ਚਾਹੀਦਾ ਹੈ!

(ਫੋਟੋ ਅਤੇ ਵੇਰਵਾ-ਤਰਲੋਚਨ ਸਿੰਘ ਦੁਪਾਲਪੁਰ 78146-92724)

# ਚੀਫ ਖਾਲਸਾ ਦੀਵਾਨ ਚੋਣ: ਦੀਵਾਨ ਬਚਾਓ ਫਰੰਟ ਵੱਲੋਂ ਚੋਣ ਮੈਨੀਫੈਸਟੋ ਜਾਰੀ

### ਮੈਨੀਫੈਸਟੋ ਵਿੱਚ ਧਰਮ ਪ੍ਰਚਾਰ, ਸਿੱਖਿਆ, ਸਮਾਜ ਭਲਾਈ, ਸਿਹਤ ਸਹੂਲਤਾਂ ਦੀ ਲੋੜ 'ਤੇ ਜ਼ੋਰ




ਅੰਮ੍ਰਿਤਸਰ : ਚੀਫ ਖਾਲਸਾ ਦੀਵਾਨ ਦੀ 18 ਫਰਵਰੀ ਨੂੰ ਹੋਣ ਵਾਲੀ ਚੋਣ ਨੂੰ ਲੈ ਕੇ ਚੋਣ ਸਰਗਰਮੀਆਂ ਨੇ ਤੇਜ਼ੀ ਫੜ ਲਈ ਹੈ। ਇਸੇ ਤਹਿਤ ਅੱਜ ਦੀਵਾਨ ਬਚਾਓ ਫਰੰਟ ਧੜੇ ਵੱਲੋਂ ਚੋਣ ਮੈਨੀਫੈਸਟੋ ਜਾਰੀ ਕੀਤਾ ਗਿਆ। ਪ੍ਰਧਾਨ ਦੇ ਅਹੁਦੇ ਲਈ ਉਮੀਦਵਾਰ ਸੁਰਿੰਦਰਜੀਤ ਸਿੰਘ ਪਾਲ ਨੇ ਆਪਣੇ ਹੋਰ ਉਮੀਦਵਾਰ ਸਾਥੀਆਂ ਦੇ ਨਾਲ ਇਹ ਚੋਣ ਮੈਨੀਫੈਸਟੋ ਜਾਰੀ ਕੀਤਾ। ਸਾਬਕਾ ਆਮਦਨ ਕਰ ਕਮਿਸ਼ਨਰ ਸ੍ਰੀ ਪਾਲ ਨੇ ਆਖਿਆ ਕਿ ਦੀਵਾਨ ਵਿੱਚ ਧਰਮ ਪ੍ਰਚਾਰ, ਵਿਦਿਆ ਦੇ ਖੇਤਰ ਵਿੱਚ, ਸਮਾਜ ਭਲਾਈ, ਸਿਹਤ ਸਹੂਲਤਾਂ ਅਤੇ ਹੋਰ ਵੱਡੇ ਪੱਧਰ 'ਤੇ ਸੁਧਾਰਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਟੀਮ ਸਾਰੇ ਮੈਂਬਰਾਂ ਨੂੰ ਨਾਲ ਲੈ ਕੇ ਚੱਲਣ ਵਿੱਚ ਵਿਸ਼ਵਾਸ ਰੱਖਦੀ ਹੈ, ਜਿਸ ਤਹਿਤ ਭਵਿਖ ਵਿੱਚ ਫੈਸਲੇ ਲੈਣ ਸਮੇਂ ਬਾਹਰਲੇ ਸੂਬਿਆਂ ਦੇ ਮੈਂਬਰਾਂ ਦੀ ਜ਼ੂਮ ਮੀਟਿੰਗ ਰਾਹੀਂ ਸ਼ਮੂਲੀਅਤ ਕੀਤੀ ਜਾਵੇਗੀ। ਸੰਸਥਾ ਦੇ ਸੰਵਿਧਾਨ ਦੀ ਪਾਲਣਾ ਕੀਤੀ ਜਾਵੇਗੀ । ਵਿਦਿਆਰਥੀਆਂ ਦੀ ਸ਼ਖਸੀਅਤ ਉਸਾਰੀ ਅਤੇ ਦੀਵਾਨ ਦੇ ਦਫਤਰ ਦੀ ਬਿਹਤਰ ਕਾਰਗੁਜ਼ਾਰੀ ਵਾਸਤੇ ਆਧੁਨਿਕ ਤਕਨੀਕ ਦਾ ਇਸਤੇਮਾਲ ਕੀਤ ਜਾਵੇਗਾ। ਉਨ੍ਹਾਂ ਕਿਹਾ ਪੰਜਾਬ ਦਾ ਆਰਥਿਕ ਵਿਕਾਸ ਅਤੇ ਰੁਜ਼ਗਾਰ ਮੁਹੱਈਆ ਕਰਨ ਲਈ ਕੋਆਪ੍ਰੇਟਿਵ ਬੈਂਕ ਦੀ ਸ਼ੁਰੂਆਤ ਕੀਤੀ ਜਾਵੇਗੀ। ਮਨੁੱਖਤਾ ਦੀ ਸੇਵਾ ਲਈ ਕੈਂਸਰ ਹਸਪਤਾਲ ਖੋਲ੍ਹਣ ਦਾ ਉਪਰਾਲਾ ਕੀਤਾ ਜਾਵੇਗਾ। ਇਸ ਮੌਕੇ ਇੰਦਰਪ੍ਰੀਤ ਸਿੰਘ ਆਨੰਦ ਵੱਲੋਂ ਰੱਖੀ ਚੋਣ ਮੀਟਿੰਗ ਦੌਰਾਨ 'ਆਪ' ਵਿਧਾਇਕ ਜੀਵਨਜੋਤ ਕੌਰ ਵੀ ਪੁੱਜੇ ਜਿਨ੍ਹਾਂ ਦਾ ਉਮੀਦਵਾਰਾਂ ਵਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਆਨਰੇਰੀ ਸਕੱਤਰ ਦੇ ਅਹੁਦੇ ਲਈ ਉਮੀਦਵਾਰ ਡਾ. ਜਸਵਿੰਦਰ ਸਿੰਘ ਢਿੱਲੋਂ ਨੇ ਸੰਬੋਧਨ ਕੀਤਾ।

# ਕਿਲ੍ਹਾ ਰਾਏਪੁਰ ਦੀਆਂ ਪੇਂਡੂ ਓਲੰਪਿਕ ਖੇਡਾਂ ਦਾ ਆਗਾਜ਼



ਲੁਧਿਆਣਾ/ਮੰਡੀ ਅਹਿਮਦਗੜ੍ਹ : ਵਿਸ਼ਵ ਵਿੱਚ ਪੇਂਡੂ ਓਲੰਪਿਕ ਦੇ ਨਾਂ ਨਾਲ ਮਸ਼ਹੂਰ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਦੀ ਅੱਜ ਤੋਂ ਰਸਮੀ ਸ਼ੁਰੂਆਤ ਵਿਧਾਨ ਸਭਾ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਅਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਕੀਤੀ ਗਈ। ਇਸ ਵਾਰ ਭਾਵੇਂ ਕਿ ਸੂਬਾ ਸਰਕਾਰ ਨੇ ਇਨ੍ਹਾਂ ਖੇਡਾਂ ਨੂੰ ਜਿਊਂਦੀਆਂ ਰੱਖਣ ਲਈ ਆਪਣੇ ਵੱਲੋਂ ਉਪਰਾਲਾ ਕੀਤਾ ਹੈ ਪਰ ਇਹ ਕਿਲ੍ਹਾ ਰਾਏਪੁਰ ਖੇਡਾਂ ਦੀ ਅਸਲ ਦਿੱਖ ਦੇ ਪਏ ਖੱਪੇ ਨੂੰ ਪੂਰਨ ਵਿੱਚ ਸਫਲ ਨਹੀਂ ਹੋਇਆ। ਪਹਿਲਾਂ ਇਹ ਖੇਡਾਂ ਸ਼ੁੱਕਰਵਾਰ, ਸ਼ਨਿਚਰਵਾਰ ਅਤੇ ਐਤਵਾਰ ਨੂੰ ਕਰਵਾਈਆਂ ਜਾਂਦੀਆਂ ਸਨ। ਇਸ ਵਾਰ ਇਹ ਮੇਲਾ ਸੋਮਵਾਰ, ਮੰਗਲਵਾਰ ਅਤੇ ਬੁੱਧਵਾਰ ਦਾ ਰੱਖਿਆ ਗਿਆ ਹੈ। ਤਿੰਨੋਂ ਦਿਨ ਕੰਮਕਾਜ ਵਾਲੇ ਹੋਣ ਕਰ ਕੇ ਦਰਸ਼ਕਾਂ ਦੀ ਗਿਣਤੀ ਘੱਟ ਰਹਿਣ ਦਾ ਖ਼ਦਸ਼ਾ ਹੈ। ਇਨ੍ਹਾਂ ਖੇਡਾਂ ਦੇ ਪਹਿਲੇ ਦਿਨ ਹੋਏ ਹਾਕੀ ਲੜਕੀਆਂ ਦੇ ਮੁਕਾਬਲਿਆਂ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕੋਚਿੰਗ ਸੈਂਟਰ ਨਾਗਪੁਰ ਨੂੰ 9-0 ਨਾਲ, ਕੋਚਿੰਗ ਸੈਂਟਰ ਹਿਸਾਰ ਨੇ ਸ਼ਾਹਬਾਦ ਮਾਰਕੰਡਾ ਨੂੰ 1-0, ਹਾਕੀ ਲੜਕੇ ਵਿੱਚ ਸ਼ਾਹਬਾਦ ਮਾਰਕੰਡਾ ਨੇ ਜਰਖੜ ਅਕੈਡਮੀ ਨੂੰ 3-1, ਕਿਲ੍ਹਾ ਰਾਏਪੁਰ ਨੇ ਨਾਗਪੁਰ ਕੋਚਿੰਗ ਸੈਂਟਰ ਨੂੰ 4-0, ਕਰੂਕਸ਼ੇਤਰਾ ਹਾਕੀ ਅਕੈਡਮੀ ਨੇ ਸਪੋਰਟਸ ਸੈਂਟਰ ਅਮਰਗੜ੍ਹ ਸੈਂਟਰ ਨੂੰ 8-7 ਨਾਲ ਹਰਾਇਆ। 70 ਸਾਲਾਂ ਦੇ ਬਜ਼ੁਰਗਾਂ ਦੀ 100 ਮੀਟਰ ਦੌੜ ਵਿੱਚ ਮੁਹਾਲੀ ਦੇ ਰਘਵੀਰ ਸਿੰਘ, ਲੁਧਿਆਣਾ ਦੇ ਅਜੈਬ ਸਿੰਘ ਅਤੇ ਲੁਧਿਆਣਾ ਦੇ ਹੀ ਨਛੱਤਰ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। 65 ਸਾਲ ਦੇ ਪੁਰਸ਼ਾਂ ਦੀ 100 ਮੀਟਰ ਦੌੜ ਵਿੱਚ ਰੋਪੜ ਦੇ ਲਖਵੀਰ ਸਿੰਘ ਨੇ ਪਹਿਲਾ, ਲੁਧਿਆਣਾ ਦੇ ਜਰਨੈਲ ਗਰਚਾ ਨੇ ਦੂਜਾ ਅਤੇ ਹੁਸ਼ਿਆਰਪੁਰ ਦੇ ਰਾਮ ਤੀਰਥ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੜਕਿਆਂ ਦੀ 400 ਮੀਟਰ ਦੌੜ ਵਿੱਚ ਮੋਗਾ ਦਾ ਹਰਪ੍ਰੀਤ ਸਿੰਘ, ਜਲੰਧਰ ਦਾ ਜਗਮੀਤ ਸਿੰਘ ਅਤੇ ਸੰਗਰੂਰ ਦਾ ਲਵਪ੍ਰੀਤ ਸਿੰਘ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ।

**ਬਲਦਾਂ ਦੀਆਂ ਦੌੜਾਂ ਵਾਲੇ ਫਿਰ ਹੋਏ ਨਿਰਾਸ਼**

ਬਲਦ ਦੌੜਾਂ ਲਈ ਮਸ਼ਹੂਰ ਕਿਲ੍ਹਾ ਰਾਏਪੁਰ ਦੇ ਪੇਂਡੂ ਮਿਨੀ ਓਲੰਪਿਕ ਖੇਡ ਮੇਲੇ ਵਿੱਚ ਇਸ ਵਾਰ ਵੀ ਬਲਦਾਂ ਦੀਆਂ ਦੌੜਾਂ ਕਰਵਾਉਣ ਵਾਲੇ ਤੇ ਇਹ ਦੌੜਾਂ ਦੇਖਣ ਵਾਲੇ ਮੇਲੇ ਵਿੱਚ ਪੁੱਜੇ ਲੋਕ ਨਿਰਾਸ਼ ਹੀ ਦਿਖੇ। ਬਲਦਾਂ ਤੇ ਕੁੱਤਿਆਂ ਦੀਆਂ ਦੌੜਾਂ ਨਾ ਹੋਣ ਕਾਰਨ ਵੀ ਦਰਸ਼ਕਾਂ ਦੀ ਗਿਣਤੀ ਘੱਟ ਰਹੀ। ਪਹਿਲੀ ਵਾਰ ਇਸ ਮੇਲੇ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਕੋਲ ਹੈ। ਉਧਰ, ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਵਾਰ ਖੇਡ ਮੇਲੇ ਦਾ ਸੱਦਾ ਨਹੀਂ ਮਿਲਿਆ ਤੇ ਤਿਆਰੀਆਂ 'ਚ ਪੁੱਛਿਆ ਤੱਕ ਨਹੀਂ ਗਿਆ ਜਿਸ ਕਾਰਨ ਉਹ ਮੇਲੇ 'ਚ ਨਹੀਂ ਪੁੱਜੇ। ਪਿੰਡ ਵਾਲਿਆਂ ਨੂੰ ਤਾਂ ਛੱਡੋ ਕਮੇਟੀ ਦੇ ਕਈ ਮੈਂਬਰ ਉਦਘਾਟਨੀ ਸਮਾਗਮ 'ਚੋਂ ਵੀ ਗਾਇਬ ਰਹੇ। ਪਿੰਡ ਵਾਲੇ ਆਖ ਰਹੇ ਸਨ ਕਿ ਜੇਕਰ ਬਲਦਾਂ ਦੀਆਂ ਦੌੜਾਂ ਆਉਣ ਵਾਲੇ ਸਮੇਂ 'ਚ ਸ਼ੁਰੂ ਨਾ ਹੋਈਆਂ ਤਾਂ ਇੱਕ ਦਿਨ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਦਾ ਨਾਮ ਵੀ ਖਤਮ ਹੋ ਜਾਵੇਗਾ। ਇਸ ਪਿੰਡ ਦੇ ਵਸਨੀਕ ਆਤਮਾ ਸਿੰਘ ਨੇ ਦੱਸਿਆ ਕਿ ਪਹਿਲਾਂ ਉਹ ਆਪਣੇ ਪਿਤਾ ਮੱਖਾ ਸਿੰਘ ਨਾਲ ਮੇਲੇ ਆਉਂਦੇ ਸਨ ਤੇ ਹੁਣ ਆਪਣੇ ਪੋਤੇ ਜੁਗਰਾਜ ਨਾਲ ਆਉਂਦੇ ਹਨ। ਬਲਦਾਂ ਦੀਆਂ ਦੌੜਾਂ ਨਾ ਹੋਣ ਕਾਰਨ ਹੁਣ ਮੈਦਾਨ 'ਚ ਆਉਣ ਦਾ ਚਿੱਤ ਨਹੀਂ ਕਰਦਾ। ਇਹੀ ਗੱਲ ਪਿੰਡ ਦੇ ਸਤਨਾਮ ਸਿੰਘ ਨੇ ਵੀ ਆਖੀ।

# ਗੁ: ਮੱਲ ਅਖਾੜਾ ਸਾਹਿਬ ਪਾ: ਛੇਵੀਂ ਵਿਖੇ ਦਸਮ ਪਾਤਸ਼ਾਹ ਦੀਆਂ ਬਾਣੀਆਂ ਦਾ ਪਾਠ ਜਾਪ ਅਰੰਭ

### ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਵੱਲੋਂ ਗੁਰਬਾਣੀ ਕੀਰਤਨ ਨਿਰੰਤਰ ਜਾਰੀ



ਅੰਮ੍ਰਿਤਸਰ : ਗੁਰੂ ਨਾਨਕ ਨਾਮ ਲੇਵਾ ਸੰਗਤਾਂ ਲਈ ਬੇਅੰਤ ਖੁਸ਼ੀ ਵਾਲੀ ਗੱਲ ਹੈ ਕਿ ਗੁ: ਮੱਲ ਅਖਾੜਾ ਪਾ: ਛੇਵੀਂ ਵਿਖੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬੀਬੀ ਪਰਮਜੀਤ ਕੌਰ ਪਿੰਕੀ ਚਰਨ ਕੰਵਲ ਸੁਸਾਇਟੀ ਬੀਬੀਆਂ ਸ੍ਰੀ ਦਰਬਾਰ ਸਾਹਿਬ, ਬੀਬੀ ਗੁਰਚਰਨ ਕੌਰ, ਬੀਬੀ ਤੇਜ ਕੌਰ ਦੀ ਪ੍ਰੇਰਨਾ ਸਦਕਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਦੂਜੀ ਸ਼ਹੀਦੀ ਸ਼ਤਾਬਦੀ ਦੇ ਸੰਪੂਰਨਤਾ ਸਮਾਗਮਾਂ ਨੂੰ ਸਮਰਪਿਤ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਬਾਣੀਆਂ ਦੇ ਪਾਠ ਜਾਪ ਅਰੰਭ ਕੀਤੇ ਗਏ ਹਨ, ਸੰਗਤਾਂ ਵਿੱਚ ਇਸ ਸਬੰਧੀ ਭਾਰੀ ਉਤਸ਼ਾਹ ਸ਼ਰਧਾ ਤੇ ਚਾਅ ਹੈ। ਅੰਮ੍ਰਿਤਸਰ ਦੀਆਂ ਸਮੂਹ ਨਾਮ ਸਿਮਰਨ ਸੇਵਾ ਸੁਸਾਇਟੀਆਂ ਵੱਲੋਂ ਲਗਾਤਾਰ ਸੁਖਮਨੀ ਸਾਹਿਬ ਦੇ ਪਾਠ ਤੇ ਕੀਰਤਨ ਨਿਰੰਤਰ ਚਲ ਰਹੇ ਹਨ। ਮਾਤਾ ਸੁੰਦਰ ਕੌਰ ਜੀ ਸੁਖਮਨੀ ਸੇਵਾ ਸੁਸਾਇਟੀ ਦੀ ਮੁਖੀ ਬੀਬੀ ਗੁਰਮੀਤ ਕੌਰ ਅਤੇ ਇਸਤਰੀ ਸਤਿਸੰਗ ਸਭਾ ਅਤੇ ਸੁਖਮਨੀ ਸੇਵਾ ਸੁਸਾਇਟੀ ਗੁ: ਗੁਰੂ ਤੇਗ਼ ਬਹਾਦਰ ਜੀ ਈਸਟ ਮੋਹਨ ਨਗਰ ਦੀ ਮੁਖੀ ਬੀਬੀ ਸੁਖਜੀਤ ਕੌਰ ਦੀ ਅਗਵਾਈ ਵਿੱਚ ਬੀਬੀਆਂ ਨੇ ਵੱਡੀ ਗਿਣਤੀ ਵਿੱਚ ਸਮੂਲੀਅਤ ਕੀਤੀ ਅਤੇ ਸੁਖਮਨੀ ਸਾਹਿਬ ਦੇ ਪਾਠ ਅਤੇ ਗੁਰਬਾਣੀ ਸ਼ਬਦਾਂ ਨਾਲ ਗੁਰੂਮਹਿਮਾ ਗਾਇਨ ਕੀਤੀ।

ਬੁੱਢਾ ਦਲ ਦੇ ਸਕੱਤਰ ਸ: ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਗੁ: ਮੱਲ ਅਖਾੜਾ ਸਾਹਿਬ ਪਾ: ਛੇਵੀਂ, ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਸੰਗਤਾਂ ਵੱਲੋਂ ਸਰਧਾ ਭਾਵਨਾ ਨਾਲ ਕੀਤੀ ਅਰਦਾਸ ਬੇਨਤੀ ਇਨ ਬਿਨ ਰੂਪ ਵਿੱਚ ਪੂਰੀ ਹੁੰਦੀ ਹੈ। ਸੰਗਤਾਂ ਸ੍ਰੀ ਅਖੰਡ ਪਾਠ ਕਰਵਾ ਕੇ ਅਤੇ ਸ਼ਹੀਦੀ ਦੇਗਾਂ ਦੀਆਂ ਰਸਦਾਂ ਅਰਪਿਤ ਕਰਕੇ ਸ਼ੁਕਰਾਨਾ ਅਰਦਾਸਾਂ ਕਰਦੀਆਂ ਹਨ। ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ 201 ਸ੍ਰੀ ਅਖੰਡ ਪਾਠਾਂ ਦੀ ਲੜੀ ਨਿਰਵਿਘਨ ਚੱਲ ਰਹੀ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਨੇ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣੇ ਹੋਣ ਉਹ ਬੁੱਕ ਕਰਵਾ ਸਕਦੇ ਹਨ। ਉਨ੍ਹਾਂ ਦਸਿਆ ਕਿ ਸਮੂਹ ਸੁਖਮਨੀ ਸੇਵਾ ਸੁਸਾਇਟੀਆਂ ਵੱਲੋਂ ਇਸ ਪਾਵਨ ਇਤਿਹਾਸਕ ਅਸਥਾਨ ਵਿਖੇ ਗੁਰਬਾਣੀ ਕੀਰਤਨ ਤੇ ਸੁਖਮਨੀ ਸਾਹਿਬ ਅਤੇ ਦਸਮ ਪਾਤਸ਼ਾਹ ਦੀਆਂ ਬਾਣੀਆਂ ਦੇ ਪਾਠਾਂ ਦੀ ਸੇਵਾ ਲਗਾਤਾਰ ਚੱਲ ਰਹੀ ਹੈ। ਅੱਜ ਮਾਤਾ ਸੁੰਦਰ ਕੌਰ ਜੀ ਸੁਖਮਨੀ ਸੇਵਾ ਸੁਸਾਇਟੀ ਦੀ ਮੁਖੀ ਬੀਬੀ ਗੁਰਮੀਤ ਕੌਰ ਅਤੇ ਇਸਤਰੀ ਸਤਿਸੰਗ ਸਭਾ ਸੁਖਮਨੀ ਸੇਵਾ ਸੁਸਾਇਟੀ ਦੀ ਮੁਖੀ ਬੀਬੀ ਸੁਖਜੀਤ ਕੌਰ ਦੀ ਅਗਵਾਈ ਵਿੱਚ ਸੰਗਤੀ ਰੂਪ ਵਿੱਚ ਬੀਬੀਆਂ ਨੇ ਗੁਰੂ ਜਸ ਗਾਇਨ ਕੀਤਾ। ਸੁਖਮਨੀ ਸਾਹਿਬ ਦੇ ਸ਼ਬਦ ਕੀਰਤਨ ਉਪਰੰਤ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਗੁਰਲਾਲ ਸਿੰਘ ਤੇ ਭਾਈ ਅਮਰੀਕ ਸਿੰਘ ਵੱਲੋਂ ਬੀਬੀ ਸੁਖਜੀਤ ਕੌਰ ਤੇ ਬੀਬੀ ਗੁਰਮੀਤ ਕੌਰ ਨੂੰ ਸਿਰਪਾਓ ਦੀ ਬਖਸ਼ਿਸ਼ ਕੀਤੀ ਗਈ।ਇਸ ਸਮੇਂ ਬਾਬਾ ਭਗਤ ਸਿੰਘ, ਸ. ਪਰਮਜੀਤ ਸਿੰਘ ਬਾਜਵਾ ਆਦਿ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਕੌਮਾਂਤਰੀ ਫਾਊਂਡੇਸ਼ਨ ਵੱਲੋਂ ਸਮਾਗਮ



ਲੁਧਿਆਣਾ : ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵੱਲੋਂ ਇੱਥੇ ਇੱਕ ਸਮਾਗਮ ਕੀਤਾ ਗਿਆ ਜਿਸ ਵਿੱਚ ਫਾਊਂਡੇਸ਼ਨ ਵੱਲੋਂ ਜਥੇਦਾਰ ਰਣਜੀਤ ਸਿੰਘ, ਸ਼ਾਹੀ ਇਮਾਮ ਮੁਹੰਮਦ ਉਸਮਾਨ ਰਹਿਮਾਨੀ, ਲੇਖਕ ਅਲੀ ਰਾਜਪੁਰਾ ਅਤੇ ਪ੍ਰਿਤਪਾਲ ਸਿੰਘ ਪ੍ਰਧਾਨ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਸਰਬੱਤ ਦਾ ਭਲਾ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਛਾਪਾ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ, ਸ਼ਾਹੀ ਇਮਾਮ ਮੁਹੰਮਦ ਉਸਮਾਨ ਰਹਿਮਾਨੀ, ਲੇਖਕ ਅਲੀ ਰਾਜਪੁਰਾ ਅਤੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਨੂੰ ਇਲਾਹੀ ਗਿਆਨ ਦਾ ਸਾਗਰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਪੁਸਤਕ ਭੇਟ ਕੀਤੀ। ਇਸ ਸਮੇਂ ਸ਼ਾਹੀ ਇਮਾਮ ਨੇ ਕਿਹਾ ਕਿ ਅਨੁਰਾਗ ਸਿੰਘ ਅਤੇ ਚਿੱਤਰਕਾਰ ਆਰਐੱਮ ਸਿੰਘ ਵੱਲੋਂ ਤਿਆਰ ਕੀਤੀ 'ਇਲਾਹੀ ਗਿਆਨ ਦਾ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ' ਸੱਚਮੁੱਚ ਸਮੁੱਚੀ ਮਨੁੱਖਤਾ ਨੂੰ ਇੱਕ ਲੜੀ ਵਿੱਚ ਪਰੋਣ ਦਾ ਉਪਦੇਸ਼ ਦਿੰਦੀ ਹੈ।

# ਚੰਗਿਆੜਾ ਦੀ ਕਿਤਾਬ "ਢਾਡੀ ਪਰੰਪਰਾ ਦੇ ਪ੍ਰਚਾਰਕ ਸਿਤਾਰੇ" ਢਾਡੀਆਂ ਨੂੰ ਲੋਕ ਅਰਪਿਤ ਹੋਈ



"ਢਾਡੀ ਪਰੰਪਰਾ ਦੇ ਪ੍ਰਚਾਰਕ ਸਿਤਾਰੇ" ਕਿਤਾਬ ਲੋਕ ਅਰਪਿਤ ਕਰਦੇ ਹੋਏ ਸ. ਬਲਵੰਤ ਸਿੰਘ ਰਾਮੂੰਵਾਲੀਆ, ਦਿਲਜੀਤ ਸਿੰਘ ਬੇਦੀ, ਡਾ. ਜੰਗਬਹਾਦਰ ਸਿੰਘ, ਗਿ. ਜੋਗਿੰਦਰ ਸਿੰਘ, ਬਲਬੀਰ ਸਿੰਘ ਚੰਗਿਆੜਾ, ਸੰਤ ਚਰਨਜੀਤ ਸਿੰਘ ਜੱਸੋਵਾਲ।

ਸ੍ਰੀ ਅਨੰਦਪੁਰ ਸਾਹਿਬ : ਗੜ੍ਹਸ਼ੰਕਰ ਨਜ਼ਦੀਕ ਪਿੰਡ ਦਾਰਾਪੁਰ ਚੰਗਿਆੜਾ ਫਾਰਮ ਵਿੱਚ "ਢਾਡੀ ਪਰੰਪਰਾ ਦੇ ਪ੍ਰਚਾਰਕ ਸਿਤਾਰੇ" ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਗਿ. ਬਲਬੀਰ ਸਿੰਘ ਚੰਗਿਆੜਾ ਦੀ ਲਿਖੀ ਤੇ ਸ. ਦਿਲਜੀਤ ਸਿੰਘ ਬੇਦੀ ਦੀ ਸੰਪਾਦਕ ਕੀਤੀ ਕਿਤਾਬ ਪੰਥਕ ਢਾਡੀ ਸਿੰਘਾਂ ਨੂੰ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿ. ਜੋਗਿੰਦਰ ਸਿੰਘ ਅਤੇ ਸਾਬਕਾ ਕੇਂਦਰੀ ਮੰਤਰੀ ਸ. ਬਲਵੰਤ ਸਿੰਘ ਰਾਮੂੰਵਾਲੀਆ ਨੇ ਸਾਂਝੇ ਤੌਰ ਤੇ ਬਖ਼ਸ਼ਿਸ਼ ਕੀਤੀ। ਇਸ ਮੌਕੇ ਸਾਬਕਾ ਮੰਤਰੀ ਭਾਰਤ ਸਰਕਾਰ ਸ. ਬਲਵੰਤ ਸਿੰਘ ਰਾਮੂੰਵਾਲੀਆ ਨੇ ਕਿਹਾ ਸ. ਬਲਬੀਰ ਸਿੰਘ ਚੰਗਿਆੜਾ ਨੇ ਇਸ ਕਿਤਾਬ ਰਾਹੀਂ ਢਾਡੀਆਂ ਨੂੰ ਮਾਨ ਸਨਮਾਨ ਦਿਤਾ ਹੈ ਅਤੇ ਇਹ ਚੰਗੀ ਪਿਰਤ ਹੈ। ਸਿੱਖ ਕੌਮ ਦੇ ਪ੍ਰਚਾਰਕਾਂ ਬਾਰੇ ਇਸ ਤਰ੍ਹਾਂ ਦੀਆਂ ਕਿਤਾਬਾਂ ਘੱਟ ਹੀ ਸਾਹਮਣੇ ਆਈਆਂ ਹਨ। ਸ. ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਢਾਡੀਆਂ ਬਾਰੇ ਇਸ ਕਿਤਾਬ ਨੂੰ ਸੰਪਾਦਕ ਕਰਨ ਸਮੇਂ ਮੈਨੂੰ ਅੰਦਰੂਨੀ ਖੁਸ਼ੀ ਹਾਸਲ ਹੋਈ ਹੈ ਇਹ ਯਾਦਗਾਰੀ ਕੰਮ ਹੈ।

ਇਸ ਸਮੇਂ ਵਿਸ਼ੇਸ਼ ਤੌਰ 'ਤੇ ਢਾਡੀ ਦਰਬਾਰ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਢਾਡੀਆਂ ਨੇ ਵਾਰਾਂ ਰਾਹੀਂ ਸਿੱਖ ਇਤਿਹਾਸ ਸਾਂਝਾ ਕੀਤਾ। ਲੈਫਟੀਨੈਂਟ ਜਨਰਲ ਜਸਬੀਰ ਸਿੰਘ ਢਿੱਲੋਂ, ਕਰਨਲ ਕੁਲਦੀਪ ਸਿੰਘ ਦੁਸਾਂਝ, ਡਾ. ਜੰਗਬਹਾਦਰ ਸਿੰਘ ਰਾਏ, ਸੰਤ ਚਰਨਜੀਤ ਸਿੰਘ ਜੱਸੋਵਾਲ, ਸ. ਮੋਹਨ ਸਿੰਘ ਸਾਬਕਾ ਐਮ.ਐਲ.ਏ ਨੇ ਇਸ ਉਪਰਾਲੇ ਦੀ ਭਰਵੀਂ ਪ੍ਰਸ਼ੰਸਾ ਕੀਤੀ। ਢਾਡੀ ਗੁਰਦਿਆਲ ਸਿੰਘ ਜਾਚਕ, ਕਸ਼ਮੀਰ ਸਿੰਘ ਕਾਦਿਰ, ਹਰਦੀਪ ਸਿੰਘ ਸਾਧੜਾ, ਜਗਦੀਪ ਸਿੰਘ ਨਾਗਰਾ, ਗੁਰਦੀਪ ਸਿੰਘ ਉੜਾਪੜ, ਅਮਰਜੀਤ ਸਿੰਘ ਭਰੋਲੀ, ਸਤਨਾਮ ਸਿੰਘ ਭਾਰਾਪੁਰ, ਜਸਵੰਤ ਸਿੰਘ ਬੈਂਸ ਨੇ ਢਾਡੀ ਰਾਗਾਂ ਬੰਦਸ਼ਾਂ ਰਾਹੀਂ ਹਾਜ਼ਰੀ ਭਰੀ। ਸੰਤ ਬਾਬਾ ਹਰਚਰਨ ਸਿੰਘ ਖਾਲਸਾ ਰਮਦਾਸਪੁਰ ਵਾਲਿਆਂ ਵੱਲੋਂ ਜਸਵਿੰਦਰ ਸਿੰਘ ਧੁੱਗਾ ਸ਼ਾਮਲ ਸਨ। ਗਿ. ਪਰਮਿੰਦਰ ਸਿੰਘ ਪ੍ਰਸਿੱਧ ਕਲਾਕਾਰ, ਬਜੁਰਗ ਗਾਇਕ ਸਰੂਪ ਸਿੰਘ ਸਰੂਪ ਨੇ ਸਰਸਾ ਨਦੀ ਦੇ ਖੂਨੀ ਪਾਣੀਆਂ, ਨਾਨਕ ਦੀਆਂ ਗੁਜੀਆ ਰਮਜ਼ਾਂ, ਚਰਨ ਸਿੰਘ ਸਫ਼ਰੀ ਦੇ ਲਿਖੇ ਗੀਤਾਂ ਨੂੰ ਗਾ ਕੇ ਸੰਗਤ ਨਾਲ ਸਾਂਝ ਕੀਤੀ। ਸ. ਤਰਲੋਚਨ ਸਿੰਘ ਦੁਪਾਲਪੁਰੀ ਨੇ ਭਾਵਪੂਰਤ ਤਰੀਕੇ ਨਾਲ ਸਟੇਜ ਸਕੱਤਰੀ ਦੀ ਸੇਵਾ ਨਿਭਾਈ।

ਇਸ ਮੌਕੇ ਤੇ ਸ. ਜੋਗਿੰਦਰਪਾਲ ਸਿੰਘ ਕੁੰਦਰਾ, ਸ. ਲਖਬੀਰ ਸਿੰਘ ਛੱਜਲਵੱਡੀ, ਮਨਮੋਹਨ ਸਿੰਘ ਬਜਾਜ, ਬਲਦੀਪ ਸਿੰਘ ਗਿੱਲ, ਨਰਿੰਦਰ ਸਿੰਘ ਅਕਾਲਗੜ, ਕਾਬਲ ਸਿੰਘ ਡੋਗਰਪੁਰ, ਨਿਰਮਲ ਸਿੰਘ, ਬਗੀਚਾ ਸਿੰਘ, ਜਸਵੀਰ ਸਿੰਘ, ਅਵਤਾਰ ਸਿੰਘ, ਅਮਨਦੀਪ ਸਿੰਘ ਬੈਂਸ, ਰਣਜੀਤ ਸਿੰਘ ਖੱਖ, ਭੁਪਿੰਦਰ ਸਿੰਘ ਦੇਹਲ, ਮੇਹਰ ਸਿੰਘ ਢਿਲੋਂ, ਸ. ਹਰਭਜਨ ਸਿੰਘ ਸਰਪੰਚ ਹਿਯਾਤਪੁਰ, ਸਤਿਨਾਮ ਸਿੰਘ ਸੰਘਾ ਨਿਊਜੀਲੈਂਡ, ਤਰਲੋਕ ਸਿੰਘ ਅਰੋੜਾ, ਬੀਬੀ ਕੰਵਲਜੀਤ ਕੌਰ ਬੈਂਸ, ਬੀਬੀ ਅਵਤਾਰ ਕੌਰ ਚੰਗਿਆੜਾ, ਸਤਪਾਲ ਸਿੰਘ ਸੱਤੀ, ਗੁਰਪ੍ਰੀਤ ਸਿੰਘ ਅਰੋੜਾ, ਕੁਲਵੀਰ ਸਿੰਘ ਸੂਦ ਅਤੇ ਪੰਥ ਦੇ ਪ੍ਰਸਿੱਧ ਢਾਡੀ ਕਵੀਸ਼ਰ ਅਤੇ ਪ੍ਰਤਿਸ਼ਟ ਸ਼ਖਸੀਅਤਾਂ ਹਾਜ਼ਰ ਹੋਈਆਂ।

# ਕਦੇ ਅਕਾਲੀਆਂ ਦੇ ਦੁਸ਼ਮਣ ਰਹੇ 3 ਬੀਜੇਪੀ ਆਗੂ ਗਠਜੋੜ ਲਈ ਲਾ ਰਹੇ ਪੂਰਾ ਜ਼ੋਰ



ਚੰਡੀਗੜ੍ਹ : ਇਕ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਖ਼ਾਸ ਕਰਕੇ ਬਾਦਲ ਪਰਿਵਾਰ ਦੇ ਕੱਟੜ ਦੁਸ਼ਮਣ ਰਹਿ ਚੁੱਕੇ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ ਅਤੇ ਮਨਪ੍ਰੀਤ ਬਾਦਲ ਹੁਣ ਭਾਜਪਾ ਅਤੇ ਅਕਾਲੀ ਦਲ ਵਿਚਾਲੇ ਦੁਬਾਰਾ ਗਠਜੋੜ ਕਰਾਉਣ ਨੂੰ ਲੈ ਕੇ ਅਹਿਮ ਭੂਮਿਕਾ ਨਿਭਾਅ ਰਹੇ ਹਨ। ਦੋਹਾਂ ਪਾਰਟੀਆਂ ਦੇ ਆਗੂ ਹਿੰਦੂ-ਸਿੱਖ ਭਾਈਚਾਰਾ ਮਜ਼ਬੂਤ ਕਰਨ 'ਤੇ ਜ਼ੋਰ ਦੇ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਆਉਣ ਵਾਲੇ ਦਿਨਾਂ ਦੌਰਾਨ ਕੀਤੇ ਜਾਣ ਵਾਲਾ ਗਠਜੋੜ ਦਾ ਐਲਾਨ ਇਸ 'ਤੇ ਹੀ ਆਧਾਰਿਤ ਹੋਵੇਗਾ। ਗਠਜੋੜ ਦੌਰਾਨ ਕੈਪਟਨ ਅਮਰਿੰਦਰ ਸਿੰਘ ਜੋ ਕਿ ਇਸ ਵੇਲੇ ਭਾਜਪਾ 'ਚ ਹਨ, ਅਕਾਲੀ ਦਲ ਦੇ ਸੁਖਬੀਰ ਬਾਦਲ ਨਾਲ ਮੰਚ ਸਾਂਝਾ ਕਰਦੇ ਦਿਖਣਗੇ। ਸੁਖਬੀਰ ਬਾਦਲ ਦੇ ਚਚੇਰੇ ਭਰਾ ਮਨਪ੍ਰੀਤ ਬਾਦਲ ਨੇ ਅਕਾਲੀ ਦਲ ਨੂੰ ਛੱਡ ਕੇ ਪੀਪਲਜ਼ ਪਾਰਟੀ ਆਫ ਪੰਜਾਬ (ਪੀਪੀਪੀ) ਬਣਾਈ ਸੀ ਅਤੇ ਬਾਅਦ 'ਚ ਉਹ ਕਾਂਗਰਸ 'ਚ ਸ਼ਾਮਲ ਹੋ ਗਏ ਹਨ। ਪਿਛਲੇ ਸਾਲ ਮਨਪ੍ਰੀਤ ਬਾਦਲ ਭਾਜਪਾ 'ਚ ਸ਼ਾਮਲ ਹੋ ਗਏ ਅਤੇ ਗਠਜੋੜ ਤੋਂ ਬਾਅਦ ਉਨ੍ਹਾਂ ਦਾ ਵੀ ਅਕਾਲੀਆਂ ਨਾਲ ਦੁਬਾਰਾ ਮੇਲ ਹੋ ਜਾਵੇਗਾ। ਸੂਤਰਾਂ ਦਾ ਕਹਿਣਾ ਹੈ ਕਿ ਮਨਪ੍ਰੀਤ ਬਾਦਲ ਨੇ ਕੈਪਟਨ ਅਤੇ ਸੁਨੀਲ ਜਾਖੜ ਦੀ ਹਮਾਇਤ ਨਾਲ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਮਤਭੇਦ ਦੂਰ ਕਰ ਦਿੱਤੇ ਹਨ।

ਪਿਛਲੇ 10 ਦਿਨਾਂ ਦੌਰਾਨ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਅਤੇ ਅਕਾਲੀ ਦਲ ਦੇ ਆਗੂਆਂ ਸਮੇਤ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਪ੍ਰੇਮ ਸਿੰਘ ਚੰਦੂਮਾਜਰਾ, ਬੀ. ਐੱਸ. ਭੂੰਦੜ ਅਤੇ ਸਿਕੰਦਰ ਸਿੰਘ ਮਲੂਕਾ ਨੇ ਕਈ ਦੌਰ ਦੀਆਂ ਮੀਟਿੰਗਾਂ ਕੀਤੀਆਂ ਹਨ। ਹਾਲਾਂਕਿ ਇਸ ਬਾਰੇ ਅਕਾਲੀਆਂ ਦੀ ਨਾਂਹ-ਨੁੱਕਰ ਸੀ ਪਰ ਭਾਜਪਾ ਦੇ ਸੂਤਰਾਂ ਨੇ ਮੀਟਿੰਗਾਂ ਅਤੇ ਸਮਝੌਤੇ ਦੀਆਂ ਉੱਚ ਸੰਭਾਵਨਾਵਾਂ ਦੀ ਪੁਸ਼ਟੀ ਕੀਤੀ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਅਕਾਲੀ ਦਲ ਪੰਜਾਬ 'ਚ ਭਾਜਪਾ ਦੀ ਇੱਛਾ ਮੁਤਾਬਕ ਸੀਟ ਸ਼ੇਅਰਿੰਗ ਲਈ ਤਿਆਰ ਹੈ। ਸੂਤਰਾਂ ਦੇ ਮੁਤਾਬਕ ਇਸ ਦੇ ਨਾਲ ਹੀ ਪੰਜਾਬ ਦੇ ਰਵਾਇਤੀ ਭਾਜਪਾ ਆਗੂ ਅਤੇ ਆਰ. ਐੱਸ. ਐੱਸ. ਇਸ ਗਠਜੋੜ ਦੇ ਖ਼ਿਲਾਫ਼ ਹੈ। ਉਕਤ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਦੇ ਆਪਣੇ ਦਮ 'ਤੇ ਕੁੱਝ ਸੀਟਾਂ ਜਿੱਤਣ ਦੀਆਂ ਸੰਭਾਵਨਾਵਾਂ ਹਨ ਅਤੇ ਪਾਰਟੀ ਨੂੰ ਇਕ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸੂਤਰਾਂ ਦੇ ਮੁਤਾਬਕ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਭਾਜਪਾ 'ਚ ਸ਼ਾਮਲ ਹੋਏ ਕਾਂਗਰਸੀ ਆਗੂਆਂ ਦੇ ਇਕ ਧੜੇ ਦਾ ਇਹ ਮੰਨਣਾ ਹੈ ਕਿ ਅਕਾਲੀ ਦਲ ਨਾਲ ਗਠਜੋੜ ਕਰਕੇ ਹੀ ਆਮ ਆਦਮੀ ਪਾਰਟੀ ਲਈ ਚੁਣੌਤੀ ਪੈਦਾ ਕੀਤੀ ਜਾ ਸਕਦੀ ਹੈ, ਜੋ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੱਡੇ ਫ਼ਤਵੇ ਨਾਲ ਸੱਤਾ 'ਚ ਆਈ ਹੈ। ਇਹ ਵੀ ਪਤਾ ਲੱਗਿਆ ਹੈ ਕਿ ਭਾਜਪਾ ਪੰਜਾਬ 'ਚ 6 ਜਾਂ ਇਸ ਤੋਂ ਜ਼ਿਆਦਾ ਲੋਕ ਸਭਾ ਸੀਟਾਂ 'ਤੇ ਚੋਣ ਲੜ ਸਕਦੀ ਹੈ।

# ਮੀਤ ਹੇਅਰ ਨੂੰ ਹਾਈ ਕੋਰਟ ਤੋਂ ਫੌਰੀ ਨਾ ਮਿਲੀ ਰਾਹਤ



ਚੰਡੀਗੜ੍ਹ : ਪੰਜਾਬ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਚੰਡੀਗੜ੍ਹ ਪੁਲੀਸ ਵੱਲੋਂ ਕਰੋਨਾ ਸਮੇਂ ਦਰਜ ਕੀਤੇ ਗਏ ਕੇਸ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ ਫੌਰੀ ਰਾਹਤ ਨਹੀਂ ਮਿਲੀ। ਅਦਾਲਤ ਨੇ ਕਿਹਾ ਕਿ ਕਰੋਨਾ ਮਹਾਂਮਾਰੀ ਸਮੇਂ ਦਰਜ ਮਾਮਲਿਆਂ 'ਤੇ ਸੁਣਵਾਈ ਕਰਨ ਤੋਂ ਅਦਾਲਤ ਦੇ ਇਕ ਬੈਂਚ ਨੇ ਰੋਕ ਲਾਈ ਹੋਈ ਹੈ। ਇਸ ਲਈ ਜਦੋਂ ਤੱਕ ਬੈਂਚ ਵੱਲੋਂ ਕੋਈ ਫੈਸਲਾ ਨਹੀਂ ਲਿਆ ਜਾਂਦਾ, ਉਸ ਸਮੇਂ ਤੱਕ ਮੀਤ ਹੇਅਰ ਵਿਰੁੱਧ ਕਰੋਨਾ ਮਹਾਮਾਰੀ ਦੌਰਾਨ ਚੰਡੀਗੜ੍ਹ ਵਿੱਚ ਦਰਜ ਕੀਤੇ ਗਏ ਕੇਸ 'ਤੇ ਕੋਈ ਸੁਣਵਾਈ ਨਹੀਂ ਹੋਵੇਗੀ। ਅਦਾਲਤ ਨੇ ਸਪਸ਼ਟ ਕੀਤਾ ਬੈਂਚ ਦਾ ਫੈਸਲਾ ਆਉਣ ਤੋਂ ਬਾਅਦ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕੈਬਨਿਟ ਮੰਤਰੀ ਮੀਤ ਹੇਅਰ ਵਿਰੁੱਧ ਚੰਡੀਗੜ੍ਹ ਪੁਲੀਸ ਨੇ 24 ਅਕਤੂਬਰ 2020 ਨੂੰ ਕੇਸ ਦਰਜ ਕੀਤਾ ਸੀ।

# ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਸ੍ਰੀ ਟਾਹਲਾ ਸਾਹਿਬ ਵਿਖੇ ਬਾਬਾ ਦਰਸ਼ਨ ਸਿੰਘ ਜੀ ਦੀ ਅਗਵਾਈ ਵਿੱਚ ਸ਼ਰਧਾ ਨਾਲ ਮਨਾਇਆ

## ਤਖ਼ਤ ਹਜ਼ੂਰ ਸਾਹਿਬ ਦੇ ਪ੍ਰਬੰਧ 'ਚ ਸਰਕਾਰੀ ਦਖਲ ਅੰਦਾਜ਼ੀ ਨੂੰ ਕਿਸੇ ਤਰਾਂ ਵੀ ਬਰਦਾਸ਼ਤ ਨਹੀਂ ਕੀਤਾਂ ਜਾਵੇਗਾ: ਸ੍ਰ ਹਰਜਿੰਦਰ ਸਿੰਘ ਧਾਮੀ







ਅੰਮ੍ਰਿਤਸਰ : ਅਨੋਖੇ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਟਾਹਲਾ ਸਾਹਿਬ, ਤਰਨ ਤਾਰਨ ਰੋਡ, ਪਿੰਡ ਚੱਬਾ ਵਿਖੇ ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ ਜੀ ਦੀ ਅਗਵਾਈ ਵਿੱਚ ਬੜੀ ਧੂਮ ਧਾਮ, ਸ਼ਰਧਾ ਅਤੇ ਖਾਲਸਾਈ ਚੜ੍ਹਦੀਕਲਾ ਦੇ ਵਿਚ ਮਨਾਇਆ ਗਿਆ। ਸਿੰਘ ਸਾਹਿਬਾਨ, ਤਰਨਾ ਦਲ, ਨਿਹੰਗ ਸਿੰਘ ਜਥੇਬੰਦੀਆਂ, ਦਮਦਮੀ ਟਕਸਾਲ, ਸ਼੍ਰੋਮਣੀ ਕਮੇਟੀ ਅਤੇ ਭਾਰੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਅਤੇ ਸਮੂਹ ਸ਼ਹੀਦਾਂ ਮੁਰੀਦਾਂ ਨੂੰ ਸਿਜਦਾ ਕੀਤਾ।

ਇਸ ਮੌਕੇ ਸਿੱਖ ਆਗੂਆਂ ਤੇ ਜਥੇਬੰਦੀਆਂ ਨੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਗੁਰਦੁਆਰਾ ਬੋਰਡ ਵਿਚ ਮਹਾਰਾਸ਼ਟਰ ਸਰਕਾਰ ਵੱਲੋਂ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਗਿਣਤੀ ਘਟਾਉਣ ਦੀ ਕਾਰਵਾਈ ਦਾ ਸਖ਼ਤ ਨੋਟਿਸ ਲਿਆ ਅਤੇ ਸਿੱਖ ਕੌਮ ਨੂੰ ਆਪਸੀ ਮਤਭੇਦ ਭੁਲਾ ਕੇ ਇਕਜੁੱਟ ਹੋਣ ਦੀ ਅਪੀਲ ਕੀਤੀ। ਸਮਾਗਮ ਬਾਰੇ ਪ੍ਰੋ. ਸਰਚਾਂਦ ਸਿੰਘ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਸਿੱਖ ਨੌਜਵਾਨਾਂ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਅਤੇ ਕੌਮੀ ਸਰੋਕਾਰਾਂ ਪ੍ਰਤੀ ਜਾਗਰੂਕ ਹੋਣ ਦੀ ਅਪੀਲ ਕੀਤੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ੍ਰ ਹਰਜਿੰਦਰ ਸਿੰਘ ਧਾਮੀ ਨੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਤ ਬਾਬਾ ਦਰਸ਼ਨ ਸਿੰਘ ਜੀ ਟਾਹਲਾ ਸਾਹਿਬ ਵੱਲੋ ਪੰਥ ਦੀ ਚੜ੍ਹਦੀਕਲਾ ਲਈ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਸ. ਧਾਮੀ ਨੇ ਸੰਸਾਰ ਅਤੇ ਸਿੱਖ ਇਤਹਾਸ ਵਿੱਚ ਬਾਬਾ ਦੀਪ ਸਿੰਘ ਜੀ ਸ਼ਹੀਦ ਦੀ ਭੂਮਿਕਾ ਅਤੇ ਯੋਗਦਾਨ 'ਤੇ ਰੌਸ਼ਨੀ ਪਾਉਂਦਿਆਂ ਕਿਹਾ ਕਿ ਸੀਸ ਤਲੀ ਉਤੇ ਰੱਖ ਕੇ ਜਾਲਮਾਂ ਦੇ ਛੱਕੇ ਛੁਡਾਉਣ ਦਾ ਮਹਾਨ ਕਾਰਜ ਕੇਵਲ ਬਾਬਾ ਦੀਪ ਸਿੰਘ ਜੀ ਦੇ ਹਿੱਸੇ ਆਇਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਿੱਖੀ ਚ ਸਭ ਦਾ ਸਤਿਕਾਰ ਹੈ, ਪਰ ਸਿੱਖੀ ਸਿਧਾਂਤਾਂ ਨਾਲ ਖਿਲਵਾੜ ਨੂੰ ਬਰਦਾਸ਼ਤ ਨਹੀ ਕੀਤਾ ਜਾ ਸਕਦਾ। ਉਹਨਾਂ ਕਹਾ ਕਿ ਪਹਿਲਾਂ ਗੁਰਦਵਾਰਿਆਂ ਉਤੇ ਸਿੱਧੇ ਹਮਲੇ ਹੁੰਦੇ ਸਨ, ਜਿਨ੍ਹਾਂ ਦਾ ਬਹਾਦਰੀ ਨਾਲ ਟਾਕਰਾ ਕੀਤਾ ਜਾਂਦਾ ਸੀ। ਪਰ ਹੁਣ ਸਿੱਖੀ ਸਿਧਾਂਤਾਂ ਉਤੇ ਅਸਿੱਧੇ ਤੌਰ 'ਤੇ ਸੱਟਾਂ ਮਾਰੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਦੇ ਐਕਟ ਵਿੱਚ ਮਹਾਰਾਸ਼ਟਰ ਸਰਕਾਰ ਵੱਲੋਂ ਮਨਮਰਜ਼ੀ ਨਾਲ ਸੋਧ ਕਰਕੇ ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਰਕਾਰ ਵੱਲੋਂ ਕੀਤੀ ਜਾ ਰਹੀ ਸਿੱਧੀ ਅਸਿੱਧੀ ਦਖਲ ਅੰਦਾਜੀ ਨੂੰ ਕਿਸੇ ਤਰਾਂ ਵੀ ਬਰਦਾਸ਼ਤ ਨਹੀਂ ਕੀਤਾਂ ਜਾਵੇਗਾ। ਉਹਨਾਂ ਕੌਮ ਨੂੰ ਇਸ ਮੁੱਦੇ 'ਤੇ ਇਕਜੁੱਟ ਹੋਣ ਦਾ ਹੋਕਾ ਦਿੰਦਿਆਂ ਕਿਹਾ ਕਿ ਅੱਜ ਇਸ ਲੁਕਵੇਂ ਏਜੰਡੇ ਪ੍ਰਤੀ ਕੌਮ ਨਾ ਜਾਗਿਆ ਤਾਂ ਭਵਿੱਖ ਵਿਚ ਵੱਡਾ ਨੁਕਸਾਨ ਹੋਵੇਗਾ।

ਮਿਸਲ ਸ਼ਹੀਦਾਂ ਤਰਨਾ ਦਲ ਦੇ ਮੁਖੀ ਜਥੇਦਾਰ ਬਾਬਾ ਜੋਗਾ ਸਿੰਘ ਨੇ ਕਿਹਾ ਕਿ ਹਜ਼ੂਰ ਸਾਹਿਬ ਬੋਰਡ ਬਾਰੇ ਸਰਕਾਰ ਦੇ ਫੈਸਲੇ ਨਾਲ ਸਿੱਖਾਂ ਵਿਚ ਭਾਰੀ ਰੋਸ ਹੈ। ਸਰਕਾਰ ਨੂੰ ਆਪਣਾ ਫੈਸਲਾ ਵਾਪਸ ਲੈਣਾ ਚਾਹੀਦਾ ਹੈ। ਭਾਈ ਰਾਜਿੰਦਰ ਸਿੰਘ ਮਹਿਤਾ ਅਤੇ ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ ਨੇ ਕਹਾ ਕਿ ਜੋ ਵੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਦਾ ਫੈਸਲਾ ਹੋਵੇਗਾ, ਉਸ ਦੀ ਤਾਮੀਲ ਹੋਵੇਗੀ।

ਇਸ ਮੌਕੇ ਸ਼ਹੀਦੀ ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਜਥੇਬੰਦੀਆਂ ਦੇ ਆਗੂਆਂ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ। ਉਹਨਾਂ ਦੱਸਿਆ ਕਿ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ 65 ਪ੍ਰਾਣੀ ਗੁਰੂ ਵਾਲੇ ਬਣੇ ਹਨ। ਭਾਈ ਸੂਰਤਾ ਸਿੰਘ ਨੇ ਸਟੇਜ ਸੈਕਟਰੀ ਵਜੋਂ ਬਾਖ਼ੂਬੀ ਸੇਵਾ ਨਿਭਾਈ। ਇਸ ਮੌਕੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ, ਗਿਆਨੀ ਰਾਜਦੀਪ ਸਿੰਘ ਸ੍ਰੀ ਦਰਬਾਰ ਸਾਹਿਬ, ਗਿਆਨੀ ਅਮਰਜੀਤ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਗਿਆਨੀ ਬਲਜੀਤ ਸਿੰਘ ਸ੍ਰੀ ਦਰਬਾਰ ਸਾਹਿਬ, ਗਿਆਨੀ ਮਲਕੀਤ ਸਿੰਘ ਹੈਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਬਾਬਾ ਬਲਬੀਰ ਸਿੰਘ ਦਲ ਪੰਥ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਜਿੰਦਰ ਸਿੰਘ ਮਹਿਤਾ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਗਿਆਨੀ ਸਾਹਿਬ ਸਿੰਘ ਦਮਦਮੀ ਟਕਸਾਲ, ਬਾਬਾ ਬੰਤਾ ਸਿੰਘ ਦਲ ਬਿਧੀ ਚੰਦ, ਬਾਬਾ ਸੰਤ ਸਿੰਘ ਮੁੰਡਾ ਪਿੰਡ, ਬਾਬਾ ਗੁਰਭੇਜ ਸਿੰਘ ਖਜਾਲਾ ਬੁਲਾਰਾ ਸੰਤ ਸਮਾਜ, ਬਾਬਾ ਗੁਰਨਾਮ ਸਿੰਘ ਡਰੋਲੀ, ਗਿਆਨੀ ਵਿਸ਼ਾਲ ਸਿੰਘ ਕਥਾਵਾਚਕ, ਬਾਬਾ ਨਾਹਰ ਸਿੰਘ ਦਲ ਬਾਬਾ ਬਿਧੀ ਚੰਦ, ਬਲਬੀਰ ਸਿੰਘ ਪਾਰਸ, ਭਾਈ ਗੁਰਇਕਬਾਲ ਸਿੰਘ ਬੀਬੀ ਕੌਲਾਂ ਕੇਂਦਰ, ਬੀਬੀ ਡਾਲਰ ਕੌਰ ਖਾਲਸਾ, ਭਾਈ ਕੰਵਰ ਚੜਤ ਸਿੰਘ, ਬਾਬਾ ਸੱਜਣ ਸਿੰਘ ਬੇਰ ਸਾਹਿਬ, ਬਾਬਾ ਰਾਮ ਸਿੰਘ, ਬਲਜੀਤ ਸਿੰਘ ਸਰਪੰਚ, ਕੰਵਲਜੀਤ ਸਿੰਘ ਚੈਅਰਮੈਨ, ਬਾਬਾ ਬਲਦੇਵ ਸਿੰਘ ਬੁੱਢਾ ਦਲ ਘੋੜਿਆਂ ਵਾਲੇ, ਮਾਤਾ ਸਰਬਜੀਤ ਕੌਰ ਛਾਬੜੀ ਸਾਹਿਬ, ਬਾਬਾ ਬੁੱਧ ਸਿੰਘ ਘੁੰਮਣ, ਸਰਪੰਚ ਅਵਤਾਰ ਸਿੰਘ ਮਾਲਾ ਛੰਨਾ, ਭਾਈ ਸੁਖਦੇਵ ਸਿੰਘ ਫ਼ਰਾਸ, ਭਾਈ ਬਲਜੀਤ ਸਿੰਘ ਫਰਾਸ, ਭਾਈ ਕੁਲਵੰਤ ਸਿੰਘ, ਭਾਈ ਦਿਲਬਾਗ ਸਿੰਘ, ਭਾਈ ਕੁਲਵੰਤ ਸਿੰਘ, ਭਾਈ ਸੁਖਜੀਤ ਸਿੰਘ, ਭਾਈ ਸੁਖਵਿੰਦਰ ਸਿੰਘ, ਭਾਈ ਮੰਗਲ ਸਿੰਘ, ਭਾਈ ਪਰਮਜੀਤ ਸਿੰਘ, ( ਸਾਰੇ ਪੰਜ ਪਿਆਰੇ) ਭਾਈ ਤਰਸੇਮ ਸਿੰਘ ਪ੍ਰਚਾਰਕ, ਭਾਈ ਅਵਤਾਰ ਸਿੰਘ ਸਰਪੰਚ, ਹਰਪ੍ਰੀਤ ਸਿੰਘ ਬਹੋੜੂ , ਹਰਜੀਤ ਸਿੰਘ ਬੋਹੜੂ, ਭਾਈ ਹਰਦੇਵ ਸਿੰਘ ਸਰਪੰਚ, ਸ਼ਮਸ਼ੇਰ ਸਿੰਘ ਕੌਂਸਲਾਰ, ਗੋਸਬਾਦ, ਭਾਈ ਕੁਲਦੀਪ ਸਿੰਘ ਪੰਡੋਰੀ, ਭਾਈ ਅਮਰਜੀਤ ਸਿੰਘ, ਬਿਕਰਮਜੀਤ ਸਿੰਘ ਮੀਤ ਮੈਨੇਜਰ ਸ੍ਰੀ ਦਰਬਾਰ ਸਾਹਿਬ, ਭਾਈ ਅਵਤਾਰ ਸਿੰਘ, ਭਾਈ ਗੁਰਸਾਹਿਬ ਸਿੰਘ ਟਾਹਲਾ ਸਾਹਿਬ, ਭਾਈ ਕਸ਼ਮੀਰ ਸਿੰਘ ਪ੍ਰਧਾਨ ਬਾਬਾ ਦੀਪ ਸਿੰਘ ਸ਼ਹੀਦ ਟਰੱਸਟ ਗੁਰਦੁਆਰਾ ਟਾਹਲਾ ਸਾਹਿਬ, ਮੈਨੇਜਰ ਰਣਦੀਪ ਸਿੰਘ ਟਾਹਲਾ ਸਾਹਿਬ, ਮਹੰਤ ਭਾਈ ਅਮਰਦੀਪ ਸਿੰਘ ਆਦਿ ਮੌਜੂਦ ਸਨ। ਸਮਾਗਮ ਉਪਰੰਤ ਜ਼ਿਲ੍ਹਾ ਪੱਧਰੀ ਟੀਮਾਂ ਦਾ ਕੱਬਡੀ ਦਾ ਮੈਚ ਕਰਾਇਆ ਗਿਆ ਅਤੇ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ।

# ਵਿਕਰਮਜੀਤ ਸਾਹਨੀ ਨੇ ਸੰਸਦ 'ਚ ਚੁੱਕਿਆ ਡਰੱਗ ਦਾ ਮੁੱਦਾ, 10 ਹੋਰ ਸੰਸਦ ਮੈਂਬਰਾਂ ਨੇ ਕੀਤੀ ਹਮਾਇਤ



ਨਵੀਂ ਦਿੱਲੀ : ਸੰਸਦ ਦੇ ਜ਼ੀਰੋ ਕਾਲ ਦੌਰਾਨ ਇਕ ਭਾਵੁਕ ਸੰਬੋਧਨ ਵਿਚ ਪੰਜਾਬ ਤੋਂ ਸੰਸਦ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਪੰਜਾਬ ਅਤੇ ਭਾਰਤ ਦੇ ਹੋਰ ਹਿੱਸਿਆਂ ਵਿਚ ਫੈਲੀ ਨਸ਼ਿਆਂ ਦੀ ਬਿਮਾਰੀ ਦਾ ਚਿੰਤਾਜਨਕ ਮੁੱਦਾ ਉਠਾਇਆ। 1 ਫਰਵਰੀ ਨੂੰ ਭਾਰਤ-ਪਾਕਿਸਤਾਨ ਬਾਰਡਰ 'ਤੇ ਮੁੰਦਰਾ ਬੰਦਰਗਾਹ 'ਤੇ ਇੱਕ ਮਹੱਤਵਪੂਰਨ ਬਸਟ ਸਮੇਤ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਅਤੇ ਬੀ.ਐੱਸ.ਐੱਫ ਦੇ ਡਰੱਗ ਬਸਟ ਆਪਰੇਸ਼ਨ ਦੀਆਂ ਤਾਜ਼ਾ ਘਟਨਾਵਾਂ ਨੂੰ ਉਜਾਗਰ ਕਰਦੇ ਹੋਏ, ਸਾਹਨੀ ਨੇ ਨਸ਼ਿਆਂ ਦੇ ਵਪਾਰ ਨੂੰ ਵਧਾਉਣ ਵਾਲੇ ਬੇਈਮਾਨ ਗਠਜੋੜ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਨੇ ਪਾਕਿਸਤਾਨ ਤੋਂ ਡਰੱਗ ਸਪਲਾਇਰਾਂ, ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿਚ ਨੌਜਵਾਨਾਂ ਦੀ ਭਰਤੀ ਅਤੇ ਭਾਰਤ ਦੀਆਂ ਜੇਲ੍ਹਾਂ ਤੋਂ ਚੱਲ ਰਹੇ ਡਰੱਗ ਮਾਫੀਆ ਵਿਚਕਾਰ ਸਬੰਧਾਂ ਦਾ ਖੁਲਾਸਾ ਕੀਤਾ। ਸਾਹਨੀ ਨੇ ਕਿਹਾ ਕਿ ਭਾਰਤ-ਪਾਕਿਸਤਾਨ ਸਰਹੱਦ ਪਾਰੋਂ ਡਰੋਨਾਂ ਰਾਹੀਂ ਨਸ਼ਿਆਂ ਦੀ ਘੁਸਪੈਠ ਚਿੰਤਾ ਦਾ ਵਿਸ਼ਾ ਹੈ, ਸਾਨੂੰ ਅਜਿਹੀਆਂ ਗਤੀਵਿਧੀਆਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਹੈ।

ਸਾਹਨੀ ਨੇ ਨੌਜਵਾਨਾਂ ਨੂੰ ਨਸ਼ਿਆਂ ਦੇ ਸ਼ਿਕਾਰ ਹੋਣ ਤੋਂ ਬਚਾਉਣ ਲਈ ਸਰਕਾਰ ਨੂੰ ਐਂਟੀ ਡਰੋਨ ਤਕਨਾਲੋਜੀ ਦੇ ਵਿਕਾਸ ਨੂੰ ਤਰਜੀਹ ਦੇਣ ਦੀ ਵੀ ਅਪੀਲ ਕੀਤੀ। ਸਾਹਨੀ ਨੇ ਇਹ ਵੀ ਕਿਹਾ ਕਿ ਭਾਰਤ ਦੇ ਸ਼ਹਿਰਾਂ ਅਤੇ ਨਾਈਟ ਕਲੱਬਾਂ ਵਿਚ ਨਸ਼ੇ ਦੀ ਆਸਾਨੀ ਨਾਲ ਉਪਲੱਬਧਤਾ ਸਾਡੇ ਦੇਸ਼ ਦੇ ਨੌਜਵਾਨਾਂ ਨੂੰ ਘੁੰਣ ਵਾਂਗ ਖਾ ਰਹੀ ਹੈ। ਸਾਨੂੰ ਸਪਲਾਈ ਕਰਨ ਵਾਲਿਆਂ 'ਤੇ ਸ਼ਿਕੰਜਾ ਕੱਸ ਕੇ, ਨਸ਼ੇ ਦੀ ਆਸਾਨੀ ਨਾਲ ਹੋਣ ਵਾਲੀ ਉਪਲੱਬਧਤਾ 'ਤੇ ਸਖ਼ਤ ਕੰਟਰੋਲ ਕਰਨ ਚਾਹੀਦਾ ਹੈ ਅਤੇ ਨਸ਼ਾ ਮੁੜ ਵਸੇਬਾ ਕੇਂਦਰਾਂ ਦੀ ਸਹਾਇਤਾ ਨਾਲ ਨਸ਼ਿਆਂ ਰਾਹੀਂ ਪੈਦਾ ਹੋਏ ਖ਼ਤਰੇ ਦਾ ਮੁਕਾਬਲਾ ਕਰਨ ਲਈ ਜੰਗੀ ਪੱਧਰ 'ਤੇ ਮਜ਼ਬੂਤ ਅਤੇ ਠੋਸ ਕਾਰਵਾਈ ਕਰਨ ਦੀ ਲੋੜ ਹੈ। ਸਾਹਨੀ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਨਸ਼ਾ ਵਿਰੋਧੀ ਟਾਸਕ ਫੋਰਸ ਅਤੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਦੀ ਸਥਾਪਨਾ ਲਈ ਨਸ਼ਾ ਤਸਕਰੀ ਅਤੇ ਇਸ ਨਾਲ ਲੜਨ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

# ਕਾਂਗਰਸ ਤੇ 'ਆਪ' ਇੱਕ ਸਿੱਕੇ ਦੇ ਦੋ ਪਹਿਲੂ: ਸੁਖਬੀਰ ਬਾਦਲ

## ਦੋਵੇਂ ਪਾਰਟੀਆਂ ਮੌਕਾਪ੍ਰਸਤ ਕਰਾਰ; ਗੱਠਜੋੜ ਬਾਰੇ ਭਾਜਪਾ ਨਾਲ ਕੋਈ ਗੱਲ ਨਾ ਹੋਣ ਦਾ ਕੀਤਾ ਦਾਅਵਾ



ਐਸ.ਏ.ਐਸ. ਨਗਰ (ਮੁਹਾਲੀ) : ਦੇਸ਼ ਵਿੱਚ ਸੱਤਾ ਪਰਿਵਰਤਨ ਲਈ ਹੋ ਰਹੇ 'ਇੰਡੀਆ' ਗੱਠਜੋੜ ਦੇ ਮੁੱਦੇ 'ਤੇ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਅਤੇ ਵਿਰੋਧੀ ਧਿਰ ਕਾਂਗਰਸ ਵਿਚਾਲੇ ਚੋਣ ਸਮਝੌਤੇ ਬਾਰੇ ਸਾਬਕਾ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਇਹ ਦੋਵੇਂ ਪਾਰਟੀਆਂ ਇੱਕ ਸਿੱਕੇ ਦੇ ਦੋ ਪਹਿਲੂ ਹਨ। ਪਹਿਲਾਂ ਕਾਂਗਰਸ ਨੇ ਪੰਜਾਬ ਨੂੰ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ ਤੇ ਹੁਣ 'ਆਪ' ਦੇ ਰਾਜ ਵਿੱਚ ਵਿਕਾਸ ਪੱਖੋਂ ਪੰਜਾਬ ਕਾਫ਼ੀ ਪਿੱਛੇ ਚਲਾ ਗਿਆ ਹੈ।

ਇੱਥੇ ਮੀਡੀਆ ਨਾਲ ਗੱਲਬਾਤ ਦੌਰਾਨ ਸੁਖਬੀਰ ਬਾਦਲ ਨੇ 'ਆਪ' ਅਤੇ ਕਾਂਗਰਸ ਨੂੰ ਮੌਕਾਪ੍ਰਸਤ ਦੱਸਦਿਆਂ ਕਿਹਾ ਕਿ ਵਿਧਾਨ ਸਭਾ ਤੇ ਸਟੇਜਾਂ 'ਤੇ ਇੱਕ-ਦੂਜੇ ਨੂੰ ਗਾਲ੍ਹਾਂ ਕੱਢਣ ਵਾਲੇ ਪੰਜਾਬ ਦੇ ਆਗੂ ਚੋਣਾਂ ਵਿੱਚ ਜੱਫੀਆਂ ਪਾਉਣ ਨੂੰ ਫਿਰਦੇ ਹਨ ਅਤੇ ਇਨ੍ਹਾਂ ਮੌਕਾਪ੍ਰਸਤਾਂ ਦੇ ਗੱਠਜੋੜ ਨਾਲ ਸੂਬਾ ਹੋਰ ਤਬਾਹ ਹੋਵੇਗਾ। ਸੁਖਬੀਰ ਬਾਦਲ ਨੇ ਕਿਹਾ ਕਿ ਖੇਤਰੀ ਪਾਰਟੀਆਂ ਸੂਬੇ ਦੇ ਵਿਕਾਸ ਲਈ ਖ਼ੁਦ ਫ਼ੈਸਲੇ ਲੈਂਦੀਆਂ ਹਨ ਜਦਕਿ ਕਾਂਗਰਸ ਅਤੇ 'ਆਪ' ਨੂੰ ਦਿੱਲੀ ਵਾਲਿਆਂ ਦੇ ਹੁਕਮਾਂ ਮੁਤਾਬਕ ਚੱਲਣਾ ਪੈਂਦਾ ਹੈ।

ਭਾਜਪਾ ਨਾਲ ਗੱਠਜੋੜ ਬਾਰੇ ਸਿਆਸੀ ਹਲਕਿਆਂ ਵਿੱਚ ਉੱਠ ਰਹੀਆਂ ਕਿਆਸਅਰਾਈਆਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਸੁਖਬੀਰ ਬਾਦਲ ਨੇ ਸਪੱਸ਼ਟ ਕੀਤਾ ਕਿ ਉਹ ਪਿਛਲੇ 15 ਦਿਨਾਂ ਤੋਂ 'ਪੰਜਾਬ ਬਚਾਓ' ਯਾਤਰਾ 'ਤੇ ਹਨ ਅਤੇ ਇਸ ਬਾਰੇ ਹਾਲੇ ਤੱਕ ਉਨ੍ਹਾਂ ਦੀ ਕਿਸੇ ਨਾਲ ਕੋਈ ਗੱਲ ਨਹੀਂ ਹੋਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਅਕਾਲੀ ਦਲ ਨਾਲ ਗੱਠਜੋੜ ਬਾਰੇ ਗੱਲ ਚੱਲ ਰਹੀ ਹੈ। ਕਿਸਾਨੀ ਸੰਘਰਸ਼ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਸਟੈਂਡ ਬਾਰੇ ਪੁੱਛਣ 'ਤੇ ਸੁਖਬੀਰ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬ ਦੇ ਕਿਸਾਨਾਂ ਨਾਲ ਚੱਟਾਨ ਵਾਂਗ ਖੜ੍ਹਾ ਹੈ ਅਤੇ ਖੜ੍ਹਾ ਰਹੇਗਾ। ਉਨ੍ਹਾਂ ਕਿਹਾ ਕਿ ਕਿਸਾਨ ਸੂਬੇ ਦੀ ਰੀੜ੍ਹ ਦੀ ਹੱਡੀ ਹਨ। ਇਸ ਮੌਕੇ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਮੰਤਰੀ ਅਨਿਲ ਜੋਸ਼ੀ, ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ, ਹਲਕਾ ਖਰੜ ਦੇ ਇੰਚਾਰਜ ਰਣਜੀਤ ਸਿੰਘ ਗਿੱਲ ਤੇ ਸਾਬਕਾ ਮੰਤਰੀ ਹੀਰਾ ਸਿੰਘ ਗਾਬੜੀਆ ਹਾਜ਼ਰ ਸਨ।

## ਜਿਸ ਕਿਸਮ ਦੇ ਹਾਲਾਤ ਸ਼ੰਭੂ ਬਾਰਡਰ 'ਤੇ ਬਣੇ ਹੋਏ ਹਨ ਉਸ ਨੂੰ ਦੇਖ ਕੇ ਇੰਝ ਲਗਦਾ ਜਿਵੇਂ ਜੰਗ-ਹਿੰਦ ਪੰਜਾਬ ਦਾ ਹੋਣ ਲੱਗਾ ਹੋਵੇ : ਜਥੇਦਾਰ ਗਿਆਨੀ ਹਰਪ੍ਰੀਤ ਸਿੰਘ



ਤਲਵੰਡੀ ਸਾਬੋ : ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕਿਸਾਨੀ ਮੰਗਾਂ ਲਈ ਸ਼ਾਂਤਮਈ ਦਿੱਲੀ ਵੱਲ ਜਾ ਰਹੇ ਕਿਸਾਨਾਂ 'ਤੇ ਜਿਵੇਂ ਹਰਿਆਣਾ ਸਰਕਾਰ ਦੇ ਆਦੇਸ਼ਾਂ ਤੇ ਪੁਲਿਸ ਬਲਾਂ ਨੇ ਪੰਜਾਬ ਦੀ ਹੱਦ 'ਚ ਡਰੋਨ ਭੇਜ ਕੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਸੁੱਟ ਅਤੇ ਉਨ੍ਹਾਂ ਵੱਲ ਰਬੜ ਦੀਆਂ ਗੋਲੀਆਂ ਚਲਾ ਕੇ ਕਿਸਾਨਾਂ ਨੂੰ ਜ਼ਖ਼ਮੀ ਕੀਤਾ, ਉਸ ਸੰਬੰਧੀ ਪੰਜਾਬ ਸਰਕਾਰ ਨੂੰ ਨਾ ਕੇਵਲ ਹਰਿਆਣਾ ਸਰਕਾਰ ਕੋਲ ਵਿਰੋਧ ਦਰਜ ਕਰਵਾਉਣਾ ਚਾਹੀਦਾ ਹੈ, ਸਗੋਂ ਗੋਲੀਬਾਰੀ ਦੇ ਮਾਮਲੇ ਜਿਨ੍ਹਾਂ 'ਚ ਪਤਾ ਲੱਗਾ ਹੈ ਕਿ ਪੰਜਾਬ ਪੁਲਿਸ ਦੇ ਵੀ ਕੁਝ ਮੁਲਾਜ਼ਮ ਜ਼ਖ਼ਮੀ ਹੋਏ ਹਨ, ਸੰਬੰਧੀ ਪਰਚੇ ਦਰਜ਼ ਕਰਨੇ ਚਾਹੀਦੇ ਹਨ।

## ਕਿਸਾਨਾਂ ਨਾਲ ਡਟ ਕੇ ਖੜ੍ਹੀ ਪੰਜਾਬ ਸਰਕਾਰ, ਬਾਰਡਰ ਨੇੜੇ ਹਸਪਤਾਲਾਂ ਤੇ ਐਂਬੂਲੈਂਸਾਂ ਨੂੰ ਕੀਤਾ ਅਲਰਟ : ਭਗਵੰਤ ਮਾਨ

ਚੰਡੀਗੜ੍ਹ : ਕਿਸਾਨਾਂ ਵਲੋਂ ਇਕ ਵਾਰ ਮੁੜ ਦਿੱਲੀ ਨੂੰ ਘੇਰਨ ਲਈ ਤਿਆਰੀ ਕਰ ਲਈ ਹੈ। ਪੰਜਾਬ-ਹਰਿਆਣਾ ਤੋਂ ਇਲਾਵਾ ਕਈ ਹੋਰ ਸੂਬਿਆਂ ਦੇ ਕਿਸਾਨ ਵੀ ਦਿੱਲੀ ਲਈ ਕੂਚ ਕਰ ਚੁੱਕੇ ਹਨ। ਹਾਲਾਂਕਿ ਕਿਸਾਨਾਂ ਨੇ ਇਸ ਨੂੰ 'ਚਲੋ ਦਿੱਲੀ ਮਾਰਚ' ਦਾ ਨਾਂ ਦਿੱਤਾ ਹੈ ਪਰ ਇਸ ਨੂੰ ਕਿਸਾਨ ਅੰਦੋਲਨ 2.0 ਵੀ ਕਿਹਾ ਜਾ ਰਿਹਾ ਹੈ। ਉਥੇ ਹੀ ਕਿਸਾਨਾਂ ਨੂੰ ਇਸ ਵਾਰ ਮਾਨ ਸਰਕਾਰ ਦਾ ਪੂਰਾ ਸਾਥ ਮਿਲ ਰਿਹਾ ਹੈ। ਉਹ ਕਿਸਾਨਾਂ ਨਾਲ ਡੱਟ ਕੇ ਖੜ੍ਹੀ ਹੈ। ਮਾਨ ਸਰਕਾਰ ਨੇ ਹਰਿਆਣਾ ਬਾਰਡਰ ਨਾਲ ਲੱਗਦੇ ਹਸਪਤਾਲਾਂ ਨੂੰ ਅਲਰਟ ਕੀਤਾ ਹੈ ਅਤੇ ਨਾਲ ਹੀ ਡਾਕਟਰਾਂ ਨੂੰ ਹਸਪਤਾਲ 'ਚ ਹੀ ਰਹਿਣ ਲਈ ਆਖਿਆ ਹੈ। ਇਸ ਦੇ ਨਾਲ ਹੀ ਸਰਕਾਰ ਨੇ ਬਾਰਡਰ 'ਤੇ ਐਂਬੂਲੈਂਸਾਂ ਦੀ ਤਾਇਨਾਤੀ ਵਧਾ ਦਿੱਤੀ ਹੈ। ਉਨ੍ਹਾਂ ਇਹ ਹਰਿਆਣਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਕਿਸਾਨਾਂ 'ਤੇ ਲਾਠੀਚਾਰਜ ਅਤੇ ਅੱਥਰੂ ਗੈਸ ਦੇ ਗੋਲੇ ਨਾ ਛੱਡਣ। ਦੱਸ ਦਈਏ ਕਿ ਪੁਲਸ ਵਲੋਂ ਪ੍ਰਦਰਸ਼ਨਕਾਰੀਆਂ ਨੂੰ ਦੌੜਾਉਣ ਲਈ ਡਰੋਨ ਦਾ ਇਸਤੇਮਾਲ ਕੀਤਾ ਗਿਆ। ਪੁਲਸ ਨੇ ਡਰੋਨ ਰਾਹੀਂ ਕਿਸਾਨਾਂ 'ਤੇ ਹੰਝੂ ਗੈਸ ਦਾਗ਼ੇ। ਅਧਿਕਾਰੀਆਂ ਨੇ ਕਿਹਾ ਕਿ ਹਰਿਆਣਾ ਪੁਲਸ ਵਲੋਂ ਬੈਰੀਕੇਡ ਤੋਂ ਦੂਰ ਰਹਿਣ ਦੀ



ਅਪੀਲ ਦੇ ਬਾਵਜੂਦ ਕਈ ਨੌਜਵਾਨ ਪਿੱਛੇ ਨਹੀਂ ਹਟੇ ਅਤੇ ਬੈਰੀਕੇਡ ਦੇ ਉੱਪਰ ਖੜ੍ਹੇ ਰਹੇ। ਉਨ੍ਹਾਂ ਦੱਸਿਆ ਕਿ ਪ੍ਰਦਰਸ਼ਨਕਾਰੀਆਂ ਨੇ ਲੋਹੇ ਦਾ ਬੈਰੀਕੇਡ ਤੋੜ ਦਿੱਤਾ ਅਤੇ ਉਸ ਨੂੰ ਘੱਗਰ ਨਦੀ ਦੇ ਪੁਲ ਤੋਂ ਹੇਠਾਂ ਸੁੱਟਣ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਨੇ ਹੰਝੂ ਗੈਸ ਦੇ ਕਈ ਗੋਲੇ ਛੱਡੇ। ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਅਤੇ ਕਿਸਾਨ ਮਜ਼ਦੂਰ ਮੋਰਚਾ ਨੇ ਐਲਾਨ ਕੀਤਾ ਹੈ ਕਿ ਕਿਸਾਨ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਗਾਰੰਟੀ ਲਈ ਕਾਨੂੰਨ ਬਣਾਉਣ ਸਮੇਤ ਆਪਣੀਆਂ ਮੰਗਾਂ ਨੂੰ ਲੈ ਕੇ ਕੇਂਦਰ 'ਤੇ ਦਬਾਅ ਬਣਾਉਣ ਲਈ ਦਿੱਲੀ ਕੂਚ ਕਰਨਗੇ।

## ਕੇਂਦਰੀ ਮੰਤਰੀਆਂ ਰਾਜਨਾਥ ਸਿੰਘ ਤੇ ਅਰਜੁਨ ਮੁੰਡਾ ਨੇ ਮੀਟਿੰਗ 'ਚ ਕਿਸਾਨ ਮੁੱਦਿਆਂ 'ਤੇ ਕੀਤੀ ਚਰਚਾ

ਨਵੀਂ ਦਿੱਲੀ : ਰਾਜਨਾਥ ਸਿੰਘ ਤੇ ਅਰਜੁਨ ਮੁੰਡਾ ਸਮੇਤ ਸੀਨੀਅਰ ਕੇਂਦਰੀ ਮੰਤਰੀਆਂ ਨੇ ਬੁੱਧਵਾਰ ਨੂੰ ਕਿਸਾਨਾਂ ਦੇ ਚੱਲ ਰਹੇ ਪ੍ਰਦਰਸ਼ਨਾਂ ਅਤੇ ਮੁੱਦਿਆਂ ਨੂੰ ਹੱਲ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਸੂਤਰਾਂ ਅਨੁਸਾਰ ਰਾਸ਼ਟਰੀ ਰਾਜਧਾਨੀ 'ਚ ਹੋਈ ਮੀਟਿੰਗ ਪੰਜਾਬ ਦੇ ਕਿਸਾਨਾਂ ਦੇ ਦਿੱਲੀ ਵੱਲ ਮਾਰਚ ਕਰਨ ਅਤੇ ਹਰਿਆਣਾ ਪੁਲਿਸ ਵਲੋਂ ਦੋਵਾਂ ਰਾਜਾਂ ਦਰਮਿਆਨ ਸ਼ੰਭੂ ਸਰਹੱਦ 'ਤੇ ਉਨ੍ਹਾਂ ਨੂੰ ਰੋਕਣ ਲਈ ਅੱਥਰੂ ਗੈਸ ਦੇ ਗੋਲੇ ਛੱਡਣ ਦੇ ਪਿਛੋਕੜ 'ਚ ਮਹੱਤਵਪੂਰਨ ਮੰਨੀ ਜਾ ਰਹੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ, ਜੋ ਸਾਬਕਾ ਖੇਤੀਬਾੜੀ ਮੰਤਰੀ ਵੀ ਹਨ, ਨੇ ਅਰਜੁਨ ਮੁੰਡਾ, ਜੋ ਇਸ



ਸਮੇਂ ਖੇਤੀਬਾੜੀ ਮੰਤਰੀ ਹਨ, ਨਾਲ ਵੱਖ-ਵੱਖ ਕਿਸਾਨ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ।

## ਕਿਸਾਨ ਅੰਦੋਲਨ 'ਚ ਹਿੱਸਾ ਲੈਣ ਲਈ ਰਾਹੁਲ ਗਾਂਧੀ ਨੇ ਝਾਰਖੰਡ 'ਚ ਭਾਰਤ ਜੋੜੋ ਨਿਆਏ ਯਾਤਰਾ ਕੀਤੀ ਰੱਦ

ਰਾਂਚੀ : ਰਾਹੁਲ ਗਾਂਧੀ ਦੀ 'ਭਾਰਤ ਜੋੜੋ ਨਿਆਏ ਯਾਤਰਾ' ਦਾ ਦੂਜਾ ਪੜਾਅ, ਜੋ ਬੁੱਧਵਾਰ ਨੂੰ ਝਾਰਖੰਡ ਵਿੱਚ ਸ਼ੁਰੂ ਹੋਣਾ ਸੀ, ਰੱਦ ਕਰ ਦਿੱਤਾ ਗਿਆ ਹੈ। ਸੂਤਰਾਂ ਨੇ ਦੱਸਿਆ ਕਿ ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਦੇ ਰਾਸ਼ਟਰੀ ਰਾਜਧਾਨੀ 'ਚ ਕਿਸਾਨ ਅੰਦੋਲਨ 'ਚ ਹਿੱਸਾ ਲੈਣ ਲਈ ਰਵਾਨਾ ਹੋਣ ਕਾਰਨ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ ਹੈ। ਗੜ੍ਹਵਾ ਜ਼ਿਲ੍ਹੇ ਦੇ ਰੰਕਾ ਵਿਖੇ ਮਨਰੇਗਾ ਵਰਕਰਾਂ ਨਾਲ ਤੈਅ ਗੱਲਬਾਤ ਹੁਣ ਸੀਨੀਅਰ ਕਾਂਗਰਸੀ ਆਗੂ ਜੈਰਾਮ ਰਮੇਸ਼ ਅਤੇ ਪਾਰਟੀ ਦੇ ਹੋਰ ਆਗੂ ਕਰਨਗੇ। ਗਾਂਧੀ ਨੇ ਆਪਣੇ ਰਾਜ ਦੇ ਦੌਰੇ ਦੇ ਦੂਜੇ ਪੜਾਅ ਲਈ ਛੱਤੀਸਗੜ੍ਹ ਤੋਂ ਅੱਗੇ



ਵਧਦੇ ਹੋਏ ਬੁੱਧਵਾਰ ਨੂੰ ਗੜ੍ਹਵਾ ਜ਼ਿਲ੍ਹੇ ਰਾਹੀਂ ਝਾਰਖੰਡ ਵਿੱਚ ਮੁੜ ਪ੍ਰਵੇਸ਼ ਕਰਨਾ ਸੀ।

## ਸ਼ੰਭੂ ਬਾਰਡਰ ਤਾਂ ਭਾਰਤ-ਪਾਕਿ ਦੇ ਬਾਰਡਰ ਵਰਗਾ ਹੋ ਗਿਆ : ਕੁਲਦੀਪ ਸਿੰਘ ਧਾਲੀਵਾਲ

ਚੰਡੀਗੜ੍ਹ : ਕਿਸਾਨ ਅੰਦੋਲਨ ਬਾਰੇ ਖੁੱਲ੍ਹ ਕੇ ਬੋਲਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣਾ ਬੇਹੱਦ ਮੰਦਭਾਗਾ ਹੈ ਕਿਉਂਕਿ ਦਿੱਲੀ ਸਾਡੇ ਦੇਸ਼ ਦੀ ਰਾਜਧਾਨੀ ਹੈ। ਧਾਲੀਵਾਲ ਨੇ ਕਿਹਾ ਕਿ ਪਿਛਲੀ ਵਾਰ ਜਦੋਂ ਕਿਸਾਨਾਂ ਨੇ ਅੰਦੋਲਨ ਲਈ ਦਿੱਲੀ ਵੱਲ ਕੂਚ ਕੀਤਾ ਸੀ ਤਾਂ ਰਾਹ 'ਚ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਸੀ ਕਿਉਂਕਿ ਕਿਸਾਨਾਂ ਦਾ ਮਕਸਦ ਕੋਈ ਗੁੰਡਾਗਰਦੀ ਕਰਨਾ ਨਹੀਂ, ਸਗੋਂ ਕੇਂਦਰ ਅੱਗੇ ਆਪਣੀਆਂ ਮੰਗਾਂ ਰੱਖਣਾ ਹੈ।

ਕੇਂਦਰ ਦੇ ਇਸ਼ਾਰੇ 'ਤੇ ਹੀ ਹਰਿਆਣਾ ਸਰਕਾਰ ਕਿਸਾਨਾਂ ਨਾਲ ਧੱਕਾ ਕਰ ਰਹੀ ਹੈ ਅਤੇ ਹਰਿਆਣਾ ਸਰਕਾਰ ਚਾਹੁੰਦੀ ਹੈ ਕਿ ਕਿਸਾਨ



ਦਿੱਲੀ ਤੱਕ ਨਾ ਪੁੱਜਣ ਅਤੇ ਇਹ ਬਹੁਤ ਹੀ ਗਲਤ ਹੋ ਰਿਹਾ ਹੈ। ਧਾਲੀਵਾਲ ਨੇ ਕਿਹਾ ਕਿ ਪਹਿਲਾਂ ਕਿਸਾਨਾਂ ਨਾਲ ਜੋ ਵਾਅਦਾ ਕੀਤਾ ਗਿਆ ਸੀ, ਉਸ ਨੂੰ ਲਾਗੂ ਨਹੀਂ ਕੀਤਾ ਗਿਆ ਹੈ ਅਤੇ ਹੁਣ ਕਿਸਾਨ ਇਸ ਨੂੰ ਲਾਗੂ ਕਰਵਾਉਣ ਲਈ ਹੀ ਮੁੜ ਸੰਘਰਸ਼ ਕਰ ਰਹੇ ਹਨ।

ਕਿਸਾਨਾਂ ਨੂੰ ਦਿੱਲੀ ਜਾਣ ਦੇਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਉੱਥੇ ਕਿਸਾਨਾਂ ਨੂੰ ਇਕ ਥਾਂ ਅਲਾਟ ਕਰ ਦੇਣੀ ਚਾਹੀਦੀ ਹੈ, ਜਿੱਥੇ ਬੈਠ ਕੇ ਉਹ ਆਪਣਾ ਪ੍ਰਦਰਸ਼ਨ ਕਰ ਸਕਣ। ਮੰਤਰੀ ਧਾਲੀਵਾਲ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਖ਼ੁਦ ਕਿਸਾਨਾਂ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ 3 ਮੁੱਖ ਮੰਗਾਂ-ਐੱਮ. ਐੱਸ. ਪੀ., ਸਵਾਮੀਨਾਥਨ ਰਿਪੋਰਟ ਅਤੇ ਕਰਜ਼ਾ ਮੁਆਫ਼ੀ ਹਨ ਅਤੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਸਣੇ ਖੇਤੀਬਾੜੀ ਮੰਤਰੀ ਨੂੰ ਬੈਠ ਕੇ ਕਿਸਾਨਾਂ ਦੀਆਂ ਇਨ੍ਹਾਂ ਮੰਗਾਂ ਦਾ ਹੱਲ ਕਰਨਾ ਚਾਹੀਦਾ ਹੈ।

## ਭਾਜਪਾ ਸਰਕਾਰਾਂ ਦਾ ਵਤੀਰਾ ਪੰਜਾਬ ਦੇ ਲੋਕਾਂ 'ਚ ਬੇਗਾਨਗੀ ਦੀ ਭਾਵਨਾ ਪੈਦਾ ਕਰੇਗਾ : ਜਗਜੀਤ ਸਿੰਘ ਡੱਲੇਵਾਲ

ਚੰਡੀਗੜ੍ਹ: ਕਿਸਾਨਾਂ ਦੇ ਵੱਲੋਂ ਦਿੱਲੀ ਨੂੰ ਕੂਚ ਕਰਨ ਦੇ ਦੌਰਾਨ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਸਰਵਣ ਸਿੰਘ ਪੰਧੇਰ ਨੇ ਪ੍ਰੈੱਸ ਕਾਨਫਰੰਸ ਕੀਤੀ। ਕਿਸਾਨੀ ਅੰਦੋਲਨ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਇਕ ਵਾਰ ਫਿਰ ਤੋਂ ਮੀਟਿੰਗ ਦਾ ਸੱਦਾ ਆ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਕੇਂਦਰ ਨੂੰ ਕਿਹਾ ਕਿ ਜੋ ਇਹ ਤਣਾਅਪੂਰਨ ਮਾਹੌਲ ਬਣਿਆ ਹੋਇਆ ਹੈ, ਉਸ ਨੂੰ ਪਹਿਲਾਂ ਕਾਬੂ ਕੀਤਾ ਜਾਵੇ।

ਇਸ ਦੌਰਾਨ ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਅੰਦੋਲਨ 'ਚ ਸ਼ਾਂਤੀ ਵਿਵਸਥਾ ਬਣਾ ਕੇ ਰੱਖਣ ਤਾਂ ਜੋ ਅੰਦੋਲਨ 'ਤੇ ਕੋਈ ਅਸਰ ਨਾ ਪਵੇ। ਇਸ ਦੇ ਨਾਲ ਹੀ ਕਿਸਾਨ ਆਗੂਆਂ ਨੇ ਝੜਪ ਦੌਰਾਨ ਜ਼ਖ਼ਮੀ ਹੋਏ ਪੱਤਰਕਾਰ ਬਾਰੇ ਗੱਲ ਕਰਦੇ ਹੋਏ ਪੱਤਰਕਾਰਾਂ ਕੋਲੋਂ ਮੁਆਫੀ ਮੰਗਦਿਆਂ ਕਿਹਾ ਕਿ ਕਿਸਾਨ ਅੰਦੋਲਨ ਨੂੰ ਨੇਪਰੇ ਚੜ੍ਹਾਉਣ



'ਚ ਪੱਤਰਕਾਰ ਤੇ ਮੀਡੀਆ ਦਾ ਬਹੁਤ ਵੱਡਾ ਹੱਥ ਹੈ। ਇਸ ਕਾਰਨ ਉਹ ਪੱਤਰਕਾਰਾਂ ਨੂੰ ਭਰੋਸਾ ਦਿਵਾਉਂਦੇ ਹਨ ਕਿ ਕਿਸਾਨੀ ਅੰਦੋਲਨ ਦੌਰਾਨ ਪੱਤਰਕਾਰਾਂ ਨਾਲ ਕਿਸੇ ਤਰ੍ਹਾਂ ਦਾ ਮਾੜਾ ਵਿਵਹਾਰ ਨਹੀਂ ਕੀਤਾ ਜਾਵੇਗਾ।

## ਕਿਸਾਨ ਅੰਦੋਲਨ ਦੇ ਚੱਲਦੇ ਅਕਾਲੀ ਦਲ ਵੱਲੋਂ ਪੰਜਾਬ ਬਚਾਓ ਯਾਤਰਾ ਮੁਲਤਵੀ

ਚੰਡੀਗੜ੍ਹ/ਅੰਮ੍ਰਿਤਸਰ- ਇਕ ਵਾਰ ਫਿਰ ਤੋਂ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਐੱਮ. ਐੱਸ. ਪੀ. ਸਮੇਤ ਹੋਰ ਮੰਗਾਂ ਨੂੰ ਲੈ ਕੇ ਦਿੱਲੀ ਦੀਆਂ ਬਰੂਹਾਂ 'ਤੇ ਡਟ ਗਏ ਹਨ। ਅੱਜ ਕਿਸਾਨਾਂ ਦਾ 'ਦਿੱਲੀ ਚੱਲੋ' ਅੰਦੋਲਨ ਦਾ ਦੂਜਾ ਦਿਨ ਹੈ। ਕਿਸਾਨ ਅੰਦੋਲਨ 2.0 ਦੇ ਹੱਕ ਵਿਚ ਕਈ ਸਿਆਸੀ ਪਾਰਟੀਆਂ ਵੀ ਆ ਰਹੀਆਂ ਹਨ। ਕਿਸਾਨ ਅੰਦੋਲਨ ਨੂੰ ਧਿਆਨ ਵਿਚ ਰੱਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਨੇ 'ਪੰਜਾਬ ਬਚਾਓ ਯਾਤਰਾ' ਨੂੰ ਮੁਲਤਵੀ ਕਰਨ ਦਾ ਵੱਡਾ ਫ਼ੈਸਲਾ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ



ਸੁਖਬੀਰ ਸਿੰਘ ਬਾਦਲ ਨੇ 'ਐਕਸ' 'ਤੇ ਪੋਸਟ ਪਾ ਕੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਹੱਕਾਂ ਲਈ ਅੰਦੋਲਨ ਕਰ ਰਹੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨਾਲ ਇਕਜੁੱਟਤਾ ਵਜੋਂ ਪਾਰਟੀ ਦੀ ਚੱਲ ਰਹੀ ÷ਪੰਜਾਬ ਬਚਾਓ ਯਾਤਰਾ÷ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਭਲਾਈ ਲਈ ਅਣਥਕ ਕੰਮ ਕੀਤਾ ਹੈ ਅਤੇ ਹਮੇਸ਼ਾ ਉਨ੍ਹਾਂ ਦੇ ਨਾਲ ਖੜ੍ਹਾ ਹੈ। ਮੌਜੂਦਾ ਸਥਿਤੀ 'ਤੇ ਵਿਚਾਰ ਕਰਨ ਲਈ ਪਾਰਟੀ ਦੀ ਕੋਰ ਕਮੇਟੀ ਦੀ ਇਕ ਹੰਗਾਮੀ ਮੀਟਿੰਗ 15 ਫਰਵਰੀ 2024 (ਵੀਰਵਾਰ) ਨੂੰ ਦੁਪਹਿਰ 2 ਵਜੇ ਚੰਡੀਗੜ੍ਹ ਸਥਿਤ ਮੁੱਖ ਦਫ਼ਤਰ ਵਿਖੇ ਬੁਲਾਈ ਗਈ ਹੈ।

## ਕਿਸਾਨਾਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਪ੍ਰਧਾਨ ਮੰਤਰੀ ਨੂੰ ਤਿੰਨਾਂ ਮੰਤਰੀਆਂ ਨਾਲ ਗੱਲ ਕਰਨੀ ਚਾਹੀਦੀ ਹੈ: ਪੰਧੇਰ

ਚੰਡੀਗੜ੍ਹ : ਕੇਂਦਰ ਸਰਕਾਰ ਦੀ ਕਮੇਟੀ ਨਾਲ ਮੀਟਿੰਗ ਤੋਂ ਪਹਿਲਾਂ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਅੱਜ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕਿਸਾਨਾਂ ਦੇ ਮਸਲੇ ਹੱਲ ਕਰਨ ਲਈ ਕਮੇਟੀ ਵਿੱਚ ਸ਼ਾਮਲ ਤਿੰਨ ਕੇਂਦਰੀ ਮੰਤਰੀਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ। ਖੇਤੀ ਅਤੇ ਕਿਸਾਨ ਭਲਾਈ ਮੰਤਰੀ ਅਰਜੁਨ ਮੁੰਡਾ, ਵਣਜ ਅਤੇ ਉਦਯੋਗ ਮੰਤਰੀ ਪੀਯੂਸ਼



ਗੋਇਲ ਅਤੇ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਗਾਰੰਟੀ ਵਾਲਾ ਕਾਨੂੰਨ ਬਣਾਉਣ ਸਮੇਤ ਕਿਸਾਨਾਂ ਦੀਆਂ ਵੱਖ-ਵੱਖ ਮੰਗਾਂ ਬਾਰੇ ਸ਼ਾਮ 5 ਵਜੇ ਇੱਥੇ ਕਿਸਾਨ ਆਗੂਆਂ ਨਾਲ ਮੁਲਾਕਾਤ ਕਰਨਗੇ। ਸ਼ੰਭੂ ਸਰਹੱਦ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਪੰਧੇਰ ਨੇ ਕਿਹਾ ਕਿ ਧਰਨਾਕਾਰੀ ਕਿਸਾਨਾਂ ਦੀਆਂ ਮੰਗਾਂ ਮੰਨੀਆਂ ਜਾਣ।

## ਕਿਸਾਨਾਂ ਦੇ ਹੱਕ 'ਚ ਉਤਰੇ ਸਪੀਕਰ ਕੁਲਤਾਰ ਸਿੰਘ ਸੰਧਵਾਂ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਸਾਨਾਂ 'ਤੇ ਪੁਲਸ ਦੀ ਧੱਕੇਸ਼ਾਹੀ ਨੂੰ ਜਮਹੂਰੀ ਹੱਕਾਂ ਦੀ ਘੋਰ ਉਲੰਘਣਾ ਕਰਾਰ ਦਿੰਦਿਆਂ ਕਿਹਾ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਪੂਰੀਆਂ ਕੀਤੀਆਂ ਜਾਣ ਅਤੇ ਉਨ੍ਹਾਂ ਨੂੰ ਖੁੱਲ੍ਹੀ ਵਿਚਾਰਚਰਚਾ ਲਈ ਸੱਦਿਆ ਜਾਵੇ। ਕੌਮੀ ਰਾਜਧਾਨੀ ਦੇ ਰਾਹ 'ਚ ਬੈਰੀਕੇਡਿੰਗ ਅਤੇ ਹੋਰ ਰੋਕਾਂ ਲਾਉਣ ਦੀ ਨਿਖੇਧੀ ਕਰਦਿਆਂ ਸੰਧਵਾਂ ਨੇ ਇਸ ਨੂੰ ਲੋਕਤੰਤਰ 'ਤੇ ਵੱਡਾ ਹਮਲਾ ਕਰਾਰ ਦਿੱਤਾ, ਜਿਸ ਦੌਰਾਨ ਅਧਿਕਾਰੀਆਂ ਵੱਲੋਂ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਬੇਰਹਿਮੀ ਨਾਲ ਕੁਚਲਿਆ ਗਿਆ। ਉਨ੍ਹਾਂ ਕਿਹਾ ਕਿ ਇਹ ਅਫ਼ਸੋਸ ਦੀ ਗੱਲ ਹੈ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਕੀਤੇ



ਵਾਅਦਿਆਂ 'ਤੇ ਕੋਈ ਕਾਰਵਾਈ ਨਾ ਕਰਦਿਆਂ ਹਾਲਾਤ ਇਸ ਹੱਦ ਤੱਕ ਵਿਗਾੜਨ ਦਿੱਤੇ।

ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਮੋਦੀ ਸਰਕਾਰ ਪਿਛਲੇ 10 ਸਾਲਾਂ ਦੌਰਾਨ ਕਿਸਾਨਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ 'ਚ ਨਾਕਾਮ ਰਹਿਣ ਤੋਂ ਬਾਅਦ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਕੰਡਿਆਲੀ ਤਾਰ, ਡਰੋਨ ਜ਼ਰੀਏ ਅੱਥਰੂ ਗੈਸ, ਮੇਖਾਂ ਅਤੇ ਹੋਰ ਢੰਗ-ਤਰੀਕਿਆਂ ਨਾਲ ਸਾਡੇ ਆਪਣੇ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਦਿੱਲੀ ਵੱਲ ਵਧ ਰਹੇ ਕਿਸਾਨਾਂ ਨੂੰ ਹਰਿਆਣਾ ਪੁਲਿਸ ਨੇ ਸ਼ੰਭੂ ਸਰਹੱਦ 'ਤੇ ਰੋਕਿਆ

- ਸੈਂਕੜਿਆਂ ਦੀ ਤਾਦਾਦ 'ਚ ਦਾਗੇ ਅੱਥਰੂ ਗੈਸ ਦੇ ਗੋਲੇ ਤੇ ਮਾਰੀਆਂ ਰਬੜ ਦੀਆਂ ਗੋਲੀਆਂ, ਦਰਜਨਾਂ ਕਿਸਾਨ ਜ਼ਖ਼ਮੀ
- ਬੈਰੀਕੇਡਾਂ ਦੀਆਂ ਤਿੰਨ ਪਰਤਾਂ ਖਦੇੜਨ 'ਚ ਕਾਮਯਾਬ ਹੋਏ ਕਿਸਾਨ

















ਸ਼ੰਭੂ ਬਾਰਡਰ 'ਤੇ ਹਰਿਆਣਾ ਪੁਲਿਸ ਵਲੋਂ ਸੁੱਟੇ ਗਏ ਅੱਥਰੂ ਗੈਸ ਦੇ ਗੋਲਿਆਂ ਕਾਰਨ ਜ਼ਖ਼ਮੀ ਹੋਏ ਅਤੇ ਹਸਪਤਾਲ 'ਚ ਜ਼ੇਰੇ ਇਲਾਜ ਕਿਸਾਨ ਤੇ ਹੋਰ।

ਸ਼ੰਭੂ (ਰਾਜਪੁਰਾ) : ਪੰਜਾਬ ਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਵਲੋਂ ਦਿੱਲੀ ਚਲੋ ਦੇ ਦਿੱਤੇ ਗਏ ਸੱਦੇ ਤਹਿਤ ਤੜਕਸਾਰ ਹੀ ਕਿਸਾਨ ਪੰਜਾਬ-ਹਰਿਆਣਾ ਸਰਹੱਦ ਸ਼ੰਭੂ ਵਿਖੇ ਪੁੱਜਣੇ ਸ਼ੁਰੂ ਹੋ ਗਏ ਸਨ ਤੇ ਸਾਰਾ ਦਿਨ ਸ਼ੰਭੂ ਸਰਹੱਦ 'ਤੇ ਸਥਿਤੀ ਬੇਹੱਦ ਤਣਾਅਪੂਰਨ ਰਹੀ। ਕਿਸਾਨਾਂ ਦੇ ਸਰਹੱਦ ਨੇੜੇ ਪਹੁੰਚਣ ਤੋਂ ਪਹਿਲਾਂ ਹੀ ਹਰਿਆਣਾ ਪੁਲਿਸ ਨੇ ਤਾਬੜਤੋੜ ਅੱਥਰੂ ਗੈਸ ਦੇ ਗੋਲੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਕੁਝ ਸਮੇਂ ਬਾਅਦ ਰਾਜਪੁਰਾ ਨੇੜੇ ਇਕੱਤਰ ਹੋਏ ਕਿਸਾਨਾਂ ਦਾ ਵੱਡਾ ਕਾਫ਼ਲਾ ਜਿਉਂ ਹੀ ਸਰਹੱਦ ਨੇੜੇ ਪੁੱਜਾ ਤਾਂ ਹਰਿਆਣਾ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਦਾਗ਼ਣ ਦੀ ਕਾਰਵਾਈ ਹੋਰ ਤੇਜ਼ ਕਰ ਦਿੱਤੀ ਤੇ ਬੈਰੀਕੇਡਾਂ ਤੱਕ ਪਹੁੰਚਣ ਵਾਲੇ ਕਿਸਾਨਾਂ 'ਤੇ ਰਬੜ ਦੀਆਂ ਗੋਲੀਆਂ ਵੀ ਚਲਾਈਆਂ ਗਈਆਂ, ਜਿਸ ਦੌਰਾਨ ਦਰਜਨਾਂ ਦੀ ਗਿਣਤੀ 'ਚ ਕਿਸਾਨ ਜ਼ਖ਼ਮੀ ਹੋ ਗਏ। ਮੂੰਹ 'ਤੇ ਵਿਸ਼ੇਸ਼ ਤਰ੍ਹਾਂ ਦੇ ਮਾਸਕ ਪਾ ਕੇ ਟਰੈਕਟਰਾਂ ਰਾਹੀਂ ਬੈਰੀਕੇਡਾਂ ਤੱਕ ਪਹੁੰਚੇ ਨੌਜਵਾਨਾਂ ਨੇ ਕਰੜੀ ਮੁਸ਼ੱਕਤ ਉਪਰੰਤ ਹਰਿਆਣਾ ਪੁਲਿਸ ਵਲੋਂ ਲਗਾਏ ਬੈਰੀਕੇਡਾਂ ਦੀਆਂ 2-3 ਪਰਤਾਂ ਖਦੇੜ ਦਿੱਤੀਆਂ ਤੇ ਸੜਕ 'ਤੇ ਕੰਕਰੀਟ ਪਾ ਕੇ ਲਗਾਏ ਗਏ ਤਿੱਖੇ ਸਰੀਏ ਵੀ ਕਿਸਾਨਾਂ ਨੇ ਪੁੱਟ ਲਏ ਪਰ ਜਿਉਂ ਹੀ ਕਿਸਾਨ ਹਰਿਆਣਾ ਪੁਲਿਸ ਵਲੋਂ ਖੜ੍ਹੀਆਂ ਕੀਤੀਆਂ ਕੰਕਰੀਟ ਦੀਆਂ ਕੰਧਾਂ ਤੱਕ ਪਹੁੰਚੇ ਤਾਂ ਹਰਿਆਣਾ ਪੁਲਿਸ ਨੇ ਰਬੜ ਦੀਆਂ ਗੋਲੀਆਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ, ਜਿਸ ਦੌਰਾਨ ਕਈ ਕਿਸਾਨ ਜ਼ਖ਼ਮੀ ਹੋਏ। ਸ਼ੰਭੂ ਸਰਹੱਦ 'ਤੇ ਸਵੇਰ ਤੋਂ ਹੀ ਸੁੱਟੇ ਜਾ ਰਹੇ ਅੱਥਰੂ ਗੈਸ ਦੇ ਗੋਲਿਆਂ ਦੀਆਂ ਆਵਾਜ਼ਾਂ ਕਾਰਨ ਪੰਜਾਬ-ਹਰਿਆਣਾ ਦਾ ਇਹ ਬਾਰਡਰ ਜੰਗ ਦਾ ਮੈਦਾਨ ਬਣਿਆ ਦਿਖਾਈ ਦੇ ਰਿਹਾ ਸੀ। ਹੈਰਾਨੀਜਨਕ ਗੱਲ ਇਹ ਰਹੀ ਕਿ ਹਰਿਆਣਾ ਪੁਲਿਸ ਦੇ ਡਰੋਨ ਵਾਰ-ਵਾਰ ਪੰਜਾਬ ਦੀ ਹੱਦ ਅੰਦਰ ਦਾਖ਼ਲ ਹੋ ਕੇ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਸੁੱਟਦੇ ਰਹੇ। ਹਰਿਆਣਾ ਪੁਲਿਸ ਦੀ ਇਹ ਕਾਰਵਾਈ ਕਈ ਵਾਰ ਤਾਂ ਪੰਜਾਬ ਪੁਲਿਸ ਦੀ ਸਰਹੱਦ ਨੇੜੇ ਬੈਠੇ ਵੱਡੇ ਅਧਿਕਾਰੀਆਂ ਦੇ ਤੰਬੂਆਂ ਤੱਕ ਵੀ ਪਹੁੰਚ ਗਈ ਪਰ ਪੰਜਾਬ ਪੁਲਿਸ ਜਾਂ ਪ੍ਰਸ਼ਾਸਨ ਦੀ ਇਸ ਵਤੀਰੇ ਪ੍ਰਤੀ ਕੋਈ ਕਾਰਵਾਈ ਨਹੀਂ ਦਿਖਾਈ ਦਿੱਤੀ। ਬਾਅਦ ਦੁਪਹਿਰ ਤੱਕ ਵੱਖ-ਵੱਖ ਕਿਸਾਨ ਜਥੇਬੰਦੀਆਂ ਨਾਲ ਸੰਬੰਧਿਤ ਕਿਸਾਨਾਂ ਦੇ ਟਰੈਕਟਰ-ਟਰਾਲੀਆਂ ਦੀ ਕਰੀਬ 2-3 ਕਿੱਲੋਮੀਟਰ ਤੱਕ ਮੁੱਖ ਸੜਕ 'ਤੇ ਲੰਬੀ ਕਤਾਰ ਲੱਗ ਗਈ ਸੀ।



ਸ਼ੰਭੂ ਸਰਹੱਦ ਵਿਖੇ 'ਦਿੱਲੀ ਚਲੋ' ਮਾਰਚ ਦੌਰਾਨ ਇਕੱਤਰ ਹੋਏ ਕਿਸਾਨਾਂ ਦਾ ਇਕੱਠ ਅਤੇ ਪੁਲਿਸ ਵਲੋਂ ਦਾਗੇ ਅੱਥਰੂ ਗੈਸ ਦੇ ਗੋਲਿਆਂ ਕਾਰਨ ਉੱਠਦਾ ਧੂੰਆਂ।



# ਦਿੱਲੀ ਕੂਚ ਕਰਨ ਲਈ ਕਿਸਾਨਾਂ ਦੇ ਹੌਸਲੇ ਬੁਲੰਦ

## *ਮਹਿਲਾਂ ਚੌਕ ਮੰਡੀ ਵਿੱਚ ਪੁੱਜੀਆਂ ਸੈਂਕੜੇ ਟਰਾਲੀਆਂ*



ਸੰਗਰੂਰ/ਸੁਨਾਮ : ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਦੇ ਝੰਡੇ ਹੇਠ ਭਲਕੇ 13 ਫਰਵਰੀ ਨੂੰ ਦਿੱਲੀ ਕੂਚ ਕਰਨ ਲਈ ਜਿਥੇ ਪੰਜਾਬ ਦੇ ਕਿਸਾਨਾਂ ਦੇ ਹੌਸਲੇ ਬੁਲੰਦ ਹਨ ਉਥੇ ਹਰਿਆਣਾ ਦੇ ਕਿਸਾਨ ਵੀ ਪੰਜਾਬ ਦੇ ਕਿਸਾਨਾਂ ਨੂੰ ਲੈਣ ਲਈ ਸੰਗਰੂਰ ਪੁੱਜ ਗਏ ਹਨ। ਅੱਜ ਕੌਮੀ ਹਾਈਵੇਅ ’ਤੇ ਸਥਿਤ ਅਨਾਜ ਮੰਡੀ ਮਹਿਲਾਂ ਚੌਕ ’ਚ ਟਰੈਕਟਰ-ਟਰਾਲੀਆਂ ਪੁੱਜਣੀਆਂ ਸ਼ੁਰੂ ਹੋ ਚੁੱਕੀਆਂ ਸਨ ਅਤੇ ਕਰੀਬ ਚਾਰ ਸੌ ਟਰਾਲੀ ਪੁੱਜ ਚੁੱਕੀ ਹੈ। ਦੇਰ ਰਾਤ ਤੱਕ ਵੱਡੀ ਤਾਦਾਦ ’ਚ ਵੱਖ-ਵੱਖ ਜ਼ਿਲ੍ਹਿਆਂ ਤੋਂ ਕਿਸਾਨ ਟਰੈਕਟਰ-ਟਰਾਲੀਆਂ ਸਮੇਤ ਮਹਿਲਾਂ ਚੌਕ ਪੁੱਜ ਜਾਣਗੇ। ਕਿਸਾਨ ਆਗੂਆਂ ਦਾ ਦਾਅਵਾ ਹੈ ਕਿ ਭਲਕੇ 13 ਫਰਵਰੀ ਨੂੰ ਸਵੇਰੇ ਦੋ ਹਜ਼ਾਰ ਤੋਂ ਵੱਧ ਟਰਾਲੀਆਂ ਇਕੱਠੀਆਂ ਹੋ ਕੇ ਵਾਇਆ ਖਨੌਰੀ ਬਾਰਡਰ ਰਾਹੀਂ ਦਿੱਲੀ ਕੂਚ ਕਰਨਗੀਆਂ।

ਅੱਜ ਹਰਿਆਣਾ ਤੋਂ ਵੱਖ-ਵੱਖ ਕਿਸਾਨ ਜਥੇਬੰਦੀਆਂ ਸਬੰਧਤ 150 ਕਿਸਾਨ ਅਨਾਜ ਮੰਡੀ ਮਹਿਲਾਂ ਚੌਕ ਪੁੱਜ ਗਏ ਹਨ ਜੋ ਹਰਿਆਣਾ ਦੇ ‘ਵੱਡੇ ਭਰਾ’ ਪੰਜਾਬ ਦੇ ਕਿਸਾਨਾਂ ਨੂੰ ਲੈਣ ਪੁੱਜੇ ਹਨ। ਹਰਿਆਣਾ ਤੋਂ ਪੁੱਜੇ ਕਿਸਾਨ ਆਗੂ ਅਭਿਮਨਿਊ ਕੁਮਾਰ ਨੇ ਕਿਹਾ ਕਿ ਉਹ ਪੰਜਾਬ ਵਾਲੇ ਵੱਡੇ ਭਰਾਵਾਂ ਨੂੰ ਲੈਣ ਲਈ ਪੁੱਜੇ ਹਨ ਅਤੇ ਇਨ੍ਹਾਂ ਦੇ ਅੱਗੇ ਲੱਗ ਕੇ ਹਰਿਆਣਾ ’ਚ ਦਾਖਲ ਹੋਣਗੇ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਪਿੰਡ-ਪਿੰਡ ’ਚੋ ਟਰੈਕਟਰ ਟਰਾਲੀਆਂ ਤਿਆਰ ਹਨ ਅਤੇ ਇਹ ਜੰਗ ਉਸੇ ਤਰਾਂ ਇਕੱਠਿਆਂ ਲੜਨਗੇ, ਜਿਵੇਂ ਸੰਨ 2020 ਵਿੱਚ ਲੜੀ ਸੀ ਅਤੇ ਜਿੱਤੀ ਸੀ। ਉਨ੍ਹਾਂ ਕਿਹਾ ਕਿ ਪੰਜਾਬ-ਹਰਿਆਣਾ ਦੀਆਂ ਹੱਦਾਂ ਉਪਰ ਲਗਾਈਆਂ ਰੋਕਾਂ ਨੂੰ ਹਰਿਆਣਾ ਦੇ ਕਿਸਾਨ ਉਖਾੜ ਸੁੱਟਣਗੇ ਅਤੇ ਵੱਡੇ ਭਰਾ ਪੰਜਾਬ ਦੇ ਕਿਸਾਨਾਂ ਨੂੰ ਖੁਦ ਰਸਤਾ ਬਣਾ ਕੇ ਦੇਣਗੇ। ਇਸ ਤੋਂ ਇਲਾਵਾ ਹਰਿਆਣਾ ਦੇ ਕਿਸਾਨ ਆਪਣੇ ਖੇਤਾਂ ਵਿਚੋਂ ਦੀ ਰਸਤਾ ਖੋਲ੍ਹ ਦੇਣਗੇ।

ਹਰਿਆਣਾ ਦੇ ਕਿਸਾਨ ਆਗੂ ਮਨੋਜ ਕੁਮਾਰ ਨੇ ਕਿਹਾ ਕਿ ਜੇਕਰ ਸਰਕਾਰਾਂ ਦੀ ਨੀਅਤ ਸਾਫ਼ ਹੁੰਦੀ ਤਾਂ ਹੱਦਾਂ ਸੀਲ ਕਰਨ ਦੀ ਲੋੜ ਨਹੀਂ ਸੀ। ਉਨ੍ਹਾਂ ਦੋਸ਼ ਲਾਇਆ ਕਿ ਖੱਟਰ ਸਰਕਾਰ ਵੱਲੋਂ ਹਰਿਆਣਾ ਦੇ ਕਿਸਾਨਾਂ ਨੂੰ ਧਮਕਾਇਆ ਜਾ ਰਿਹਾ ਹੈ ਪਰ ਉਹ ਧਮਕੀਆਂ ਤੋਂ ਡਰਨ ਵਾਲੇ ਨਹੀਂ ਹਨ। ਭਾਵੇਂ ਹੱਦਾਂ ਸੀਲ ਕਰ ਦਿੱਤੀਆਂ ਹਨ ਪਰ ਉਧਰੋਂ ਹਰਿਆਣਾ ਦੇ ਕਿਸਾਨ ਮੋਰਚਾ ਸੰਭਾਲਣਗੇ ਅਤੇ ਇਧਰੋਂ ਪੰਜਾਬ ਦੇ ਕਿਸਾਨ। ਸੋਨੀਪਤ ਤੋਂ ਪੁੱਜੇ ਕਿਸਾਨ ਅਰਵਿੰਦ ਕੁਮਾਰ ਨੇ ਕਿਹਾ, ‘ਦਿੱਲੀ ਕਿਸੇ ਦੇ ਨਿੱਜੀ ਜਾਗੀਰ ਨਹੀਂ ਹੈ, ਦਿੱਲੀ ਸਾਡੀ ਵੀ ਹੈ। ਦਿੱਲੀ ਹਰ ਹਾਲ ’ਚ ਪੁੱਜਾਂਗੇ ਅਤੇ ਜਿੱਤ ਕੇ ਪਰਤਾਂਗੇ।’ ਉਨ੍ਹਾਂ ਕਿਹਾ ਕਿ ਜੇਕਰ ਭਾਜਪਾ ਹਕੂਮਤ ਵੱਡੇ ਭਰਾ ਪੰਜਾਬ ਦੇ ਕਿਸਾਨਾਂ ਉਪਰ ਕੋਈ ਜਬਰ ਕਰੇਗੀ ਤਾਂ ਛੋਟੇ ਭਰਾ ਹਰਿਆਣਾ ਦੇ ਕਿਸਾਨ ਅੱਗੇ ਹੋਣਗੇ। ਕਿਸਾਨ ਜਸਵਿੰਦਰ ਸਿੰਘ ਸ਼ੇਰਗੜ੍ਹ ਨੇ ਕਿਹਾ ਕਿ ਪੰਜਾਬ ਦੇ ਪੁੱਤਾਂ ਨੂੰ ਮੈਕਸੀਕੋ ਦੀਆਂ ਕੰਧਾਂ ਨਹੀਂ ਰੋਕ ਸਕੀਆਂ, ਇਹ ਸੀਲ ਕੀਤੇ ਬਾਰਡਰ ਕੁਝ ਵੀ ਨਹੀਂ ਹਨ। ਪੰਜਾਬ ਦੇ ਕਿਸਾਨ ਆਗੂ ਰਣ ਸਿੰਘ ਚੱਠਾ ਨੇ ਕਿਹਾ ਕਿ ਕਰੀਬ ਦੋ ਹਜ਼ਾਰ ਤੋਂ ਵੱਧ ਟਰੈਕਟਰ ਟਰਾਲੀ ਅੱਜ ਦੇਰ ਰਾਤ ਤੱਕ ਅਨਾਜ਼ ਮੰਡੀ ਮਹਿਲਾਂ ਚੌਕ ਪੁੱਜ ਜਾਵੇਗੀ ਅਤੇ ਭਲਕੇ ਸਵੇਰੇ ਦਿੱਲੀ ਰਵਾਨਾ ਹੋਵੇਗੀ।

# ਦਿੱਲੀ ਕੂਚ ਨੂੰ ਰੋਕਣ ਲਈ ਨੈਸ਼ਨਲ ਹਾਈਵੇਅ ’ਤੇ ਘੱਗਰ ਪੁਲ ਸੀਲ ਕਰਕੇ ਗੱਡੇ ਕਿੱਲ



ਸਿਰਸਾ : ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਵੱਲੋਂ ਦਿੱਤੇ ਦਿੱਲੀ ਕੂਚ ਦੇ ਮੱਦੇਨਜ਼ਰ ਜਿਥੇ ਹਰਿਆਣਾ-ਪੰਜਾਬ ਦੇ ਬਾਰਡਰਾਂ ਨੂੰ ਸੀਲ ਕਰ ਦਿੱਤਾ ਗਿਆ ਹੈ, ਉਥੇ ਘੱਗਰ ਦਰਿਆ ਦੇ ਪੁਲ ’ਤੇ ਵੱਡੇ ਪੱਧਰ ਰੱਖ ਕੇ ਸੜਕ ’ਤੇ ਕਿੱਲ ਗੱਡ ਦਿੱਤੇ ਗਏ ਹਨ। ਐੱਸਪੀ ਵਿਕਰਾਂਤ ਭੂਸ਼ਨ ਨੇ ਅੱਜ ਘੱਗਰ ਦਰਿਆ ਦੇ ਪੁਲ ਦਾ ਦੌਰਾ ਕਰਕੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਘੱਗਰ ਦਰਿਆ ਦੇ ਪੁਲ ਨੂੰ ਸੀਲ ਕਰਨ ਕਰਕੇ ਸੈਂਕੜੇ ਪਿੰਡਾਂ ਦਾ ਸੰਪਰਕ ਸਿਰਸਾ ਸ਼ਹਿਰ ਨਾਲੋਂ ਟੁੱਟ ਗਿਆ ਹੈ। ਪ੍ਰਸ਼ਾਸਨ ਵੱਲੋਂ ਨੈਸ਼ਨਲ ਹਾਈ ਵੇਅ ’ਤੇ ਲਾਈਆਂ ਰੋਕਾਂ ਕਾਰਨ ਸੜਕ ’ਤੇ ਵੱਡੇ ਵਾਹਨਾਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ। ਛੋਟੇ ਵਾਹਨ ਚਾਲਕ ਪਿੰਡਾਂ ਦੇ ਰਾਹਾਂ ਦੇ ਜ਼ਰੀਏ ਆਪਣੀ ਮੰਜ਼ਿਲ ਵੱਲ ਕਈ ਕਿਲੋਮੀਟਰ ਦੀ ਦੂਰੀ ਤੈਅ ਕਰਨ ਲਈ ਮਜਬੂਰ ਹੋ ਰਹੇ ਹਨ। ਸਿਰਸਾ ਜ਼ਿਲ੍ਹਾ ’ਚ ਧਾਰਾ 144 ਲਾਗੂ ਹੈ। ਇੰਟਰਨੈੱਟ ਸੇਵਾਵਾਂ ਬੰਦ ਹਨ।

# ਕਿਸਾਨਾਂ ਦੇ ਅੰਦੋਲਨ ਦਾ ਪਵੇਗਾ ਪੰਜਾਬ ਦੇ ਵਪਾਰ ਤੇ ਡੂੰਘਾ ਅਸਰ, ਹਾਲਾਤ ਬਣ ਸਕਦੇ ਨੇ ਬਦਤਰ



ਲੁਧਿਆਣਾ : ਕਿਸਾਨ ਸੰਗਠਨ ਇਕ ਵਾਰ ਫਿਰ ਤੋਂ ਦਿੱਲੀ ਵੱਲ ਕੂਚ ਕਰਨ ਦੀ ਤਿਆਰੀ ਵਿਚ ਹਨ ਅਤੇ ਇਸ ਨੂੰ ਰੋਕਣ ਲਈ ਹਰਿਆਣਾ ਅਤੇ ਕੇਂਦਰ ਸਰਕਾਰਾਂ ਕਮਰ ਕੱਸ ਰਹੀਆਂ ਹਨ। ਕਰੀਬ 2 ਸਾਲਾਂ ਬਾਅਦ ਮੁੜ ਉਹੀ ਸਥਿਤੀ ਪੈਦਾ ਹੋਣ ਵਾਲੀ ਹੈ, ਜੋ ਦੇਸ਼ ਨੇ 2021 ਵਿੱਚ ਵੇਖੀ ਸੀ। ਲੱਖਾਂ ਕਿਸਾਨ ਧਰਨੇ ’ਤੇ ਰਹੇ ਸਨ ਅਤੇ ਸੈਂਕੜੇ ਕਿਸਾਨ ਕੋਰੋਨਾ ਦਾ ਸ਼ਿਕਾਰ ਹੋ ਗਏ ਪਰ ਇਸ ਸਭ ਤੋਂ ਅੱਗੇ ਪੰਜਾਬ ਦੇ ਵਪਾਰੀਆਂ ਨੇ ਇਕ ਲੰਮਾ ਕਾਲਾ ਦੌਰ ਵੇਖਿਆ। ਕਾਰੋਬਾਰੀਆਂ ਦਾ ਕਹਿਣਾ ਹੈ ਕਿ ਕੀ ਉਹੀ ਹਾਲਾਤ ਫਿਰ ਤੋਂ ਬਣਨ ਜਾ ਰਹੇ ਹਨ। ਆਲ ਇੰਡਸਟਰੀ ਐਂਡ ਟਰੇਡ ਫੋਰਮ ਦੇ ਕੌਮੀ ਪ੍ਰਧਾਨ ਬਦੀਸ਼ ਜਿੰਦਲ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਕਿਸਾਨਾਂ ਨਾਲ ਗੱਲਬਾਤ ਕਰਕੇ ਇਸ ਮਸਲੇ ਦਾ ਹੱਲ ਕੱਢਿਆ ਜਾਵੇ ਨਹੀਂ ਤਾਂ ਇਸ ਦੀ ਅੱਗ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਨੂੰ ਹੋਵੇਗਾ। ਇਸ ਤੋਂ ਪਹਿਲਾਂ ਵੀ ਇਕ ਸਾਲ ਚਾਰ ਮਹੀਨੇ ਤੱਕ ਚੱਲੀ ਹੜਤਾਲ ਨੇ ਪੰਜਾਬ ਦੇ ਕਾਰੋਬਾਰ ਨੂੰ ਤਬਾਹ ਕਰ ਦਿੱਤਾ ਸੀ। ਪੰਜਾਬ ਵਿਚ ਕੱਚਾ ਮਾਲ ਨਾ ਤਾਂ ਆ ਰਿਹਾ ਸੀ ਅਤੇ ਨਾ ਬਣਿਆ ਹੋਇਆ ਮਾਲ ਇਥੋਂ ਜਾ ਰਿਹਾ ਸੀ। ਐਕਸਪੋਰਟ ਦੇ ਜ਼ਿਆਦਾਤਰ ਆਰਡਰ ਕੈਂਸਲ ਹੋ ਗਏ ਸਨ ਅਤੇ ਵਿਦੇਸ਼ੀ ਕੰਪਨੀਆਂ ਨੇ ਪੰਜਾਬ ਦੀ ਬਜਾਏ ਹਰਿਆਣਾ ਤੋਂ ਮਾਲ ਲੈਣਾ ਸ਼ੁਰੂ ਕਰ ਦਿੱਤਾ ਸੀ। ਸਰਕਾਰੀ ਟੈਂਡਰ ਅਤੇ ਵੱਡੀਆਂ ਕੰਪਨੀਆਂ ਨਾਲ ਪੰਜਾਬ ਦੇ ਵਪਾਰੀ ਬਾਹਰ ਹੋ ਗਏ ਸਨ ਅਤੇ ਇਹ ਇਕ ਬਹੁਤ ਹੀ ਦੁਖ਼ ਭਰਿਆ ਮੰਜ਼ਰ ਸੀ। ਪੰਜਾਬ ਦੇ ਵਪਾਰੀ ਪਹਿਲਾਂ ਹੀ ਮੰਦੀ ਦੇ ਕਾਰਨ ਪਿਛੜਦੇ ਜਾ ਰਹੇ ਹਨ ਅਤੇ ਅਜਿਹੇ ਵਿਚ ਹੜਤਾਲ ਨਾਲ ਚੱਲ ਰਹੇ ਥੋੜ੍ਹੇ ਬਹੁਤੇ ਕੰਮ ਵੀ ਬੰਦ ਹੋਰ ਸਕਦੇ ਹਨ। ਇਸ ਲਈ ਆਲ ਇੰਡੀਆ ਐਂਡ ਫੋਰਮ ਨੇ ਜਿੱਥੇ ਕੇਂਦਰ ਅਤੇ ਸੂਬਾ ਸਰਕਾਰਾਂ ਤੋਂ ਕਿਸਾਨਾਂ ਨਾਲ ਗੱਲਬਾਤ ਕਰਕੇ ਇਸ ਅੰਦੋਲਨ ਨੂੰ ਖ਼ਤਮ ਕਰਨ ਦੀ ਅਪੀਲ ਕੀਤੀ ਹੈ, ਉਥੇ ਹੀ ਕਿਸਾਨ ਸੰਗਠਨਾਂ ਪੱਤਰ ਲਿਖ ਕੇ ਮੰਗ ਕੀਤੀ ਗਈ ਹੈ ਕਿ ਉਹ ਆਪਣੀ ਹੜਤਾਲ ਦੌਰਾਨ ਇਸ ਗੱਲ ਦਾ ਧਿਆਨ ਰੱਖਣ ਕਿ ਪੰਜਾਬ ਦੇ ਉਦਯੋਗਾਂ ਦਾ ਕੋਈ ਨੁਕਸਾਨ ਨਾ ਹੋਵੇ। ਪੰਜਾਬ ਨੂੰ ਆਉਣ-ਜਾਣ ਵਾਲੇ ਟਰੱਕਾਂ ਨੂੰ ਵੀ ਰਸਤਿਆਂ ਵਿਚ ਰੋਕੇ ਅਤੇ ਜੇਕਰ ਅਜਿਹਾ ਕੁਝ ਵੀ ਹੋਇਆ ਤਾਂ ਇਸ ਦਾ ਅਸਰ ਪੰਜਾਬ ਦੇ ਆਰਥਿਕ ਹਾਲਾਤ ’ਤੇ ਪੈਣ ਦੀ ਪੂਰੀ ਸੰਭਾਵਨਾ ਹੈ।

# ਸ਼ੰਭੂ ਬੈਰੀਅਰ ’ਤੇ ਹਰਿਆਣਾ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਦਾਗੇ




ਪਟਿਆਲਾ : ‘ਦਿੱਲੀ ਚੱਲੋ’ ਦੇ ਸੱਦੇ ਤਹਿਤ ਕਿਸਾਨਾਂ ਨੂੰ ਦਿੱਲੀ ਵੱਲ ਵਧਣ ਤੋਂ ਰੋਕਣ ਲਈ ਹਰਿਆਣਾ ਪੁਲੀਸ ਵੱਲੋਂ ਸ਼ੰਭੂ ਬਾਰਡਰ ’ਤੇ ਲਗਾਈਆਂ ਗਈਆਂ ਰੋਕਾਂ ਨੂੰ ਅੱਜ ਜਦੋਂ ਨੌਜਵਾਨਾਂ ਨੇ ਹਟਾਉਣ ਦਾ ਯਤਨ ਕੀਤਾ ਤਾਂ ਹਰਿਆਣਾ ਪੁਲੀਸ ਨੇ ਉਨ੍ਹਾਂ ’ਤੇ ਅੱਥਰੂ ਗੈਸ ਦੇ ਗੋਲੇ ਦਾਗ ਦਿੱਤੇ। ਹਰਿਆਣਾ ਪੁਲੀਸ ਵੱਲੋਂ ਵਾਹਨਾਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਪੱਥਰ ਤੇ ਲੋਹੇ ਦੀਆਂ ਚਾਦਰਾਂ ਆਦਿ ਦੀਆਂ ਰੋਕਾਂ ਲਗਾਈਆਂ ਗਈਆਂ ਹਨ। ਸ਼ੰਭੂ ਬੈਰੀਅਰ ’ਤੇ ਹਰਿਆਣਾ ਵੱਲੋਂ ਭਾਰੀ ਪੁਲੀਸ ਬਲ ਤਾਇਨਾਤ ਕੀਤਾ ਗਿਆ ਹੈ। ਹਰਿਆਣਾ ਪੁਲੀਸ ਵੱਲੋਂ ਅੱਥਰੂ ਗੈਸ ਦੇ ਗੋਲੇ ਸੁੱਟੇ ਜਾਣ ਤੋਂ ਭੜਕੇ ਨੌਜਵਾਨਾਂ ਨੂੰ ਪੰਜਾਬ ਪੁਲੀਸ ਨੇ ਸ਼ਾਂਤ ਕੀਤਾ। ਜ਼ਿਕਰਯੋਗ ਹੈ ਕਿ ਪਟਿਆਲਾ ਜ਼ਿਲ੍ਹੇ ਦਾ ਵੱਡਾ ਹਿੱਸਾ ਹਰਿਆਣਾ ਨਾਲ ਲੱਗਦਾ ਹੈ ਜਿਸ ਕਰ ਕੇ ਹਰਿਆਣਾ ਪੁਲੀਸ ਵੱਲੋਂ ਸ਼ੰਭੂ, ਪਿਹੋਵਾ, ਰਾਮਨਗਰ ਤੇ ਢਾਬੀਗੁੱਜਰਾਂ ’ਤੇ ਆਧਾਰਤ ਚਾਰ ਪ੍ਰਮੁੱਖ ਮਾਰਗ ਬੰਦ ਕਰਨ ਮਗਰੋਂ ਅੱਜ ਛੋਟੇ ਮਾਰਗਾਂ ’ਤੇ ਵੀ ਰੋਕਾਂ ਲਗਾ ਦਿੱਤੀਆਂ ਗਈਆਂ ਹਨ। ਇਸ ਦੌਰਾਨ ਇਹ ਚਰਚਾ ਵੀ ਰਹੀ ਕਿ ਹਰਿਆਣਾ ਪੁਲੀਸ ਵੱਲੋਂ ਇਹ ਸਿਰਫ਼ ਇੱਕ ਮੌਕ ਡਰਿੱਲ ਕੀਤੀ ਗਈ ਸੀ। ਇਸੇ ਦੌਰਾਨ ‘ਦਿੱਲੀ ਚੱਲੋ’ ਦੇ ਦਿੱਤੇ ਗਏ ਸੱਦੇ ਤਹਿਤ ਅੱਜ ਦੇਰ ਸ਼ਾਮ ਤੱਕ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਪਟਿਆਲਾ ਜ਼ਿਲ੍ਹੇ ਅਤੇ ਹੋਰ ਆਲੇ-ਦੁਆਲੇ ਦੇ ਖੇਤਰਾਂ ’ਚ ਪਹੁੰਚ ਚੱਕੇ ਹਨ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਕਿਸਾਨਾਂ ਨੇ ਸਥਾਨਕ ਸੰਗਰੂਰ ਰੋਡ ’ਤੇ ਸਥਿਤ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਪ੍ਰਬੰਧ ਅਧੀਨ ਚੱਲਦੇ ‘ਗੁਰਦੁਆਰਾ ਪ੍ਰਮੇਸ਼ਰ ਦੁਆਰ ਸ਼ੇਖੂਪੁਰ’ ਵਿੱਚ ਠਹਿਰ ਕੀਤੀ ਹੈ। ਉਨ੍ਹਾਂ ਲਈ ਇੱਥੇ ਲੰਗਰ ਅਤੇ ਰਹਿਣ ਦੇ ਪ੍ਰਬੰਧ ਕੀਤੇ ਗਏ ਹਨ। ਇਸ ਤੋਂ ਇਲਾਵਾ ਸ਼ਹਿਰ ਵਿੱਚ ਇਤਿਹਾਸਕ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿੱਚ ਵੀ ਕਿਸਾਨਾਂ ਨੇ ਠਹਿਰ ਬਣਾਈ ਹੈ। ਇਸ ਦੇ ਨਾਲ ਹੀ ਕਈ ਸਥਾਨਕ ਕਿਸਾਨ ਆਗੂਆਂ ਨੇ ਵੀ ਇੱਥੇ ਪੁੱਜਣ ਵਾਲੇ ਕਿਸਾਨਾਂ ਦੇ ਠਹਿਰਣ ਲਈ ਪ੍ਰਬੰਧ ਕੀਤੇ ਹੋਏ ਹਨ। ਧਰਨਿਆਂ ਵਾਲੀ ਥਾਂ ਵਜੋਂ ਪ੍ਰਸਿੱਧ ਪਟਿਆਲਾ ਬਲਾਕ ਦੇ ਪਿੰਡ ਮਹਿਮਦਪੁਰ ਦੀ ਮੰਡੀ ’ਚ ਵੀ ਕਿਸਾਨਾਂ ਨੇ ਡੇਰੇ ਲਾ ਲਏ ਹਨ। ਇਸ ਦੌਰਾਨ ਪਟਿਆਲਾ ਦੇ ਦੱਖਣੀ ਬਾਈਪਾਸ ’ਤੇ ਵੀ ਵੱਡੀ ਗਿਣਤੀ ਟਰਾਲੀਆਂ ਦੇਖੀਆਂ ਗਈਆਂ। ਗੁਰਦੁਆਰਾ ਬਹਾਦਰਗੜ੍ਹ ਸਾਹਿਬ ਸਮੇਤ ਸ਼ੰਭੂ ਬੈਰੀਅਰ ਦੇ ਆਲੇ-ਦੁਆਲੇ ਪੈਂਦੇ ਰਾਜਪੁਰਾ, ਘਨੌਰ, ਬਨੂੜ ਸਮੇਤ ਕਈ ਪਿੰਡਾਂ ’ਚ ਵੀ ਕਿਸਾਨ ਆ ਕੇ ਰੁਕੇ ਹਨ। ਇਲਾਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਗੜ੍ਹੀ, ਜਸਮੇਰ ਲਾਛੜੂ ਤੇ ਜਰਨੈਲ ਕਰਤਾਰਪੁਰ ਦਾ ਕਹਿਣਾ ਹੈ ਕਿ ਲੋੜ ਮੁਤਾਬਕ ਲੰਗਰ ਸਮੇਤ ਹੋਰ ਪ੍ ?ਰਬੰਧ ਕੀਤੇ ਜਾ ਰਹੇ ਹਨ।

# ਦਿੱਲੀ ’ਚ ਸੁਰੱਖਿਆ ਬੰਦੋਬਸਤ ਮਜ਼ਬੂਤ ਕੀਤੇ, ਮੈਟਰੋ ਸਟੇਸ਼ਨਾਂ ਦੇ ਗੇਟ ਤੇ ਲਾਲ ਕਿਲਾ ਬੰਦ



ਨਵੀਂ ਦਿੱਲੀ : ਕਿਸਾਨ ਆਗੂਆਂ ਅਤੇ ਕੇਂਦਰ ਦਰਮਿਆਨ ਗੱਲਬਾਤ ਬੇਸਿੱਟਾ ਰਹਿਣ ਤੋਂ ਬਾਅਦ ਕਿਸਾਨਾਂ ਦੇ ‘ਦਿੱਲੀ ਚਲੋ’ ਮਾਰਚ ਨੂੰ ਕੌਮੀ ਰਾਜਧਾਨੀ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਅੱਜ ਦਿੱਲੀ ਦੀਆਂ ਸਰਹੱਦਾਂ ’ਤੇ ਬਹੁ-ਪੱਧਰੀ ਬੈਰੀਅਰ, ਕੰਕਰੀਟ ਬੈਰੀਅਰ ਅਤੇ ਲੋਹੇ ਦੀਆਂ ਕਿੱਲਾਂ ਲਾਈਆਂ ਗਈਆਂ। ਕੰਟੇਨਰ ਦੀਵਾਰਾਂ ਲਗਾ ਕੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਕੌਮੀ ਰਾਜਧਾਨੀ ਦੀਆਂ ਤਿੰਨ ਸਰਹੱਦਾਂ ਸਿੰਘੂ, ਟਿਕਰੀ ਅਤੇ ਗਾਜ਼ੀਪੁਰ ‘ਤੇ ਦੰਗਾ ਵਿਰੋਧੀ ਪੁਲੀਸ ਅਤੇ ਨੀਮ ਫ਼ੌਜੀ ਬਲਾਂ ਦੇ ਜਵਾਨ ਵੱਡੀ ਗਿਣਤੀ ਵਿੱਚ ਤਾਇਨਾਤ ਕੀਤੇ ਗਏ ਹਨ। ਮਾਰਚ ਦੇ ਮੱਦੇਨਜ਼ਰ ਕੁਝ ਥਾਵਾਂ ’ਤੇ ਆਰਜ਼ੀ ਜੇਲ੍ਹਾਂ ਵੀ ਬਣਾਈਆਂ ਗਈਆਂ ਹਨ। ਉਧਰ ਭਾਰਤੀ ਪੁਰਾਤੱਤਵ ਸਰਵੇਖਣ ਨੇ ਲਾਲ ਕਿਲੇ ਨੂੰ ਬੰਦ ਕਰ ਦਿੱਤਾ ਹੈ।

ਇਸ ਦੌਰਾਨ ਅੱਜ ਸਵੇਰੇ ਦਿੱਲੀ ਮੈਟਰੋ ਦੇ ਅੱਠ ਸਟੇਸ਼ਨਾਂ ਦੇ ਇੱਕ ਜਾਂ ਇੱਕ ਤੋਂ ਵੱਧ ਗੇਟ ਬੰਦ ਕਰ ਦਿੱਤੇ ਗਏ। ਹਾਲਾਂਕਿ ਇਹ ਸਟੇਸ਼ਨ ਬੰਦ ਨਹੀਂ ਹਨ ਅਤੇ ਯਾਤਰੀਆਂ ਨੂੰ ਦੂਜੇ ਗੇਟਾਂ ਰਾਹੀਂ ਦਾਖਲੇ ਅਤੇ ਬਾਹਰ ਜਾਣ ਦੀ ਆਗਿਆ ਦਿੱਤੀ ਗਈ। ਸੂਤਰਾਂ ਨੇ ਦੱਸਿਆ ਕਿ ਪੁਲੀਸ ਅਧਿਕਾਰੀਆਂ ਦੀਆਂ ਹਦਾਇਤਾਂ ‘ਤੇ ਸੁਰੱਖਿਆ ਪ੍ਰਬੰਧਾਂ ਲਈ ਗੇਟ ਬੰਦ ਕਰ ਦਿੱਤੇ ਗਏ ਹਨ। ਰਾਜੀਵ ਚੌਕ, ਮੰਡੀ ਹਾਊਸ, ਕੇਂਦਰੀ ਸਕੱਤਰੇਤ, ਪਟੇਲ ਚੌਕ, ਉਦਯੋਗ ਭਵਨ, ਜਨਪਥ ਅਤੇ ਬਾਰਾਖੰਬਾ ਰੋਡ ‘ਤੇ ਕਈ ਸਟੇਸ਼ਨਾਂ ‘ਤੇ ਕਈ ਗੇਟ ਬੰਦ ਕਰ ਦਿੱਤੇ ਗਏ ਹਨ। ਖਾਨ ਮਾਰਕੀਟ ਮੈਟਰੋ ਸਟੇਸ਼ਨ ਦਾ ਇੱਕ ਗੇਟ ਅੱਜ ਬੰਦ ਕਰ ਦਿੱਤਾ ਗਿਆ।

# ਕਿਸਾਨਾਂ ਦੇ ਦਿੱਲੀ ਕੂਚ ਕਾਰਨ ਸਿੰਘੂ, ਗਾਜ਼ੀਪੁਰ ਤੇ ਟਿੱਕਰੀ ਬਾਰਡਰ 'ਤੇ ਸੁਰੱਖਿਆ ਸਖ਼ਤ, ਸਮੁੱਚੀ ਰਾਜਧਾਨੀ 'ਚ ਦਫ਼ਾ 144 ਲਾਗੂ

ਨਵੀਂ ਦਿੱਲੀ : ਕੌਮੀ ਰਾਜਧਾਨੀ ਵਿੱਚ ਕਿਸਾਨਾਂ ਦੇ ਪ੍ਰਸਤਾਵਿਤ 'ਦਿੱਲੀ ਕੂਚ' ਦੇ ਮੱਦੇਨਜ਼ਰ ਸਿੰਘੂ, ਗਾਜ਼ੀਪੁਰ ਅਤੇ ਟਿੱਕਰੀ ਸਰਹੱਦਾਂ 'ਤੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ ਅਤੇ ਆਵਾਜਾਈ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ ਹਨ। ਵਾਹਨਾਂ ਨੂੰ ਸ਼ਹਿਰ ਵਿਚ ਦਾਖਲ ਹੋਣ ਤੋਂ ਰੋਕਣ ਲਈ ਦਿੱਲੀ ਦੀਆਂ ਸਰਹੱਦਾਂ ਨੂੰ ਸੀਮਿੰਟ ਦੇ ਬੈਰੀਅਰਾਂ ਅਤੇ ਸੜਕਾਂ 'ਤੇ ਕਿੱਲਾਂ ਗੱਡ ਕੇ ਮਜ਼ਬੂਤ ਕੀਤਾ ਗਿਆ ਹੈ। ਇਸ ਕਾਰਨ ਅੱਜ ਸਵੇਰੇ ਦਿੱਲੀ ਦੇ ਸਰਹੱਦੀ ਖੇਤਰਾਂ ਵਿੱਚ ਆਵਾਜਾਈ ਪ੍ਰਭਾਵਿਤ ਹੋਈ, ਜਿਸ ਨਾਲ ਯਾਤਰੀਆਂ ਨੂੰ ਅਸੁਵਿਧਾ ਹੋਈ। ਉੱਤਰ ਪ੍ਰਦੇਸ਼, ਹਰਿਆਣਾ ਅਤੇ ਪੰਜਾਬ ਦੀਆਂ ਜ਼ਿਆਦਾਤਰ ਕਿਸਾਨ ਯੂਨੀਅਨਾਂ ਨੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਗਾਰੰਟੀ ਦੇਣ ਲਈ ਕਾਨੂੰਨ ਬਣਾਉਣ ਸਮੇਤ ਆਪਣੀਆਂ ਮੰਗਾਂ ਮੰਨਣ ਲਈ ਕੇਂਦਰ 'ਤੇ ਦਬਾਅ ਬਣਾਉਣ ਲਈ 13 ਫਰਵਰੀ ਨੂੰ ਵਿਰੋਧ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਹੈ। ਇਸ ਦੌਰਾਨ ਅਗਲੇ 30 ਦਿਨਾਂ ਲਈ ਪੂਰੇ ਦਿੱਲੀ ਸ਼ਹਿਰ ਵਿੱਚ ਧਾਰਾ 144 ਲਾਗੂ ਕਰ ਦਿੱਤੀ ਗਈ ਹੈ। ਇਹ ਹੁਕਮ ਦਿੱਲੀ ਪੁਲੀਸ ਕਮਿਸ਼ਨਰ ਸੰਜੇ ਅਰੋੜਾ ਨੇ ਅੱਜ ਜਾਰੀ ਕੀਤਾ। ਪੁਲੀਸ ਨੇ ਕਿਹਾ ਕਿ ਜੋ ਵੀ ਵਿਅਕਤੀ ਹੁਕਮਾਂ ਦੀ ਉਲੰਘਣਾ ਕਰਦਾ ਪਾਇਆ ਗਿਆ ਉਸ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇਗਾ।






## ਹਰਿਆਣਾ ਨੇ ਪੰਜਾਬ ਨਾਲ ਲੱਗਦੀਆਂ ਸਾਰੀਆਂ ਸਰਹੱਦਾਂ ਸੀਲ ਕੀਤੀਆਂ




ਚੰਡੀਗੜ੍ਹ : ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਸਮੇਤ ਹੋਰ ਮੰਗਾਂ 'ਤੇ ਕੇਂਦਰ ਨਾਲ ਮੀਟਿੰਗ ਬੇਸਿੱਟਾ ਰਹਿਣ ਮਗਰੋਂ ਕਿਸਾਨ ਅੱਜ ਦਿੱਲੀ ਵੱਲ ਮਾਰਚ ਕਰ ਰਹੇ ਹਨ। ਹਰਿਆਣਾ ਦੇ ਅਧਿਕਾਰੀਆਂ ਨੇ ਅੰਬਾਲਾ, ਜੀਂਦ, ਫਤਿਹਾਬਾਦ, ਕੁਰੂਕਸ਼ੇਤਰ ਅਤੇ ਸਿਰਸਾ ਵਿੱਚ ਕਈ ਥਾਵਾਂ 'ਤੇ ਕੰਕਰੀਟ ਬੈਰੀਅਰਾਂ, ਲੋਹੇ ਦੀਆਂ ਮੇਖਾਂ ਅਤੇ ਕੰਡਿਆਲੀਆਂ ਤਾਰਾਂ ਦੀ ਵਰਤੋਂ ਕਰਕੇ ਪੰਜਾਬ ਨਾਲ ਲੱਗਦੀਆਂ ਰਾਜ ਦੀਆਂ ਸਰਹੱਦਾਂ 'ਤੇ ਸੁਰੱਖਿਆ ਸਖ਼ਤ ਕਰ ਦਿੱਤੀ ਹੈ। ਹਰਿਆਣਾ ਸਰਕਾਰ ਨੇ ਧਾਰਾ 144 ਤਹਿਤ 15 ਜ਼ਿਲ੍ਹਿਆਂ ਵਿੱਚ ਪਾਬੰਦੀਆਂ ਲਗਾਈਆਂ ਹਨ, ਜਿਸ ਤਹਿਤ ਪੰਜ ਜਾਂ ਪੰਜ ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ਅਤੇ ਟਰੈਕਟਰ-ਟਰਾਲੀਆਂ ਨਾਲ ਕਿਸੇ ਵੀ ਤਰ੍ਹਾਂ ਦੇ ਪ੍ਰਦਰਸ਼ਨ ਦੀ ਮਨਾਹੀ ਹੈ।

## ਸਰਕਾਰ ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਦੀ ਬਜਾਏ ਉਨ੍ਹਾਂ ਦੇ ਮਸਲੇ ਹੱਲ ਕਰੇ : ਹਰਜਿੰਦਰ ਸਿੰਘ ਧਾਮੀ



ਅੰਮ੍ਰਿਤਸਰ : ਆਪਣੀਆਂ ਮੰਗਾਂ ਲਈ ਸੰਘਰਸ਼ ਦੇ ਰਾਹ 'ਤੇ ਤੁਰੇ ਹੋਏ ਕਿਸਾਨਾਂ 'ਤੇ ਹਰਿਆਣਾ ਸਰਕਾਰ ਵਲੋਂ ਵੱਡੀ ਗਿਣਤੀ ਵਿਚ ਅੱਥਰੂ ਗੈਸ ਦੇ ਗੋਲੇ ਸੁੱਟਣੇ ਅਤੇ ਪੁਲਿਸ ਬਲ ਦੀ ਵਰਤੋਂ ਕਰਕੇ ਉਨ੍ਹਾਂ ਨੂੰ ਦਬਾਉਣਾ ਲੋਕਤੰਤਰੀ ਢਾਂਚੇ ਦੇ ਵਿਰੁੱਧ ਹੈ, ਜਿਸ ਪ੍ਰਤੀ ਕੇਂਦਰ ਸਰਕਾਰ ਨੂੰ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕੀਤਾ। ਉਨ੍ਹਾਂ ਕਿਹਾ ਕਿ ਕਿਸਾਨੀ ਦੇਸ਼ ਦੀ ਰੀੜ੍ਹ ਦੀ ਹੱਡੀ ਹੈ, ਜਿਸ ਦੀਆਂ ਮੰਗਾਂ ਨੂੰ ਨਜ਼ਰਅੰਦਾਜ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਸਾਨਾਂ ਨੂੰ ਰੋਕਣ ਲਈ ਪੁਲਿਸ ਸ਼ਕਤੀ ਦੀ ਵਰਤੋਂ ਦੀ ਨਿੰਦਾ ਕਰਦਿਆਂ ਕਿਹਾ ਕਿ ਲੋਕਤੰਤਰ ਅੰਦਰ ਹੱਕੀ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰਨਾ ਸਭ ਦਾ ਹੱਕ ਹੈ, ਇਸ ਲਈ ਸਰਕਾਰਾਂ ਨੂੰ ਕਿਸਾਨਾਂ ਦੇ ਮਸਲਿਆਂ ਦਾ ਤੁਰੰਤ ਹੱਲ ਕਰਨਾ ਚਾਹੀਦਾ ਹੈ।

## ਕੇਂਦਰ ਕਿਸਾਨਾਂ ਨੂੰ ਅੰਦੋਲਨ ਲਈ ਮਜਬੂਰ ਕਰਨ ਦੀ ਬਜਾਏ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰੇ : ਸੁਖਦੇਵ ਸਿੰਘ ਢੀਂਡਸਾ



ਮੋਹਾਲੀ : ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਕੇਂਦਰ ਸਰਕਾਰ ਤੇ ਕਿਸਾਨ ਜਥੇਬੰਦੀਆਂ ਦਰਮਿਆਨ ਮੰਗਾਂ ਨੂੰ ਲੈ ਕੇ ਬਣੀ ਟਕਰਾ ਦੀ ਸਥਿਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਕਿਸਾਨਾਂ ਨੂੰ ਅੰਦੋਲਨ ਲਈ ਮਜਬੂਰ ਕਰਨ ਦੀ ਬਜਾਏ ਗੱਲਬਾਤ ਰਾਹੀਂ ਉਨ੍ਹਾਂ ਦੀਆਂ ਵਾਜ਼ਬ ਮੰਗਾਂ ਨੂੰ ਪੂਰਾ ਕਰਨਾ ਚਾਹੀਦਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਮਸਲੇ ਦੇ ਹੱਲ ਲਈ ਤੁਰੰਤ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਅਕਾਲੀ ਦਲ (ਸੰਯੁਕਤ) ਨੇ ਹਮੇਸ਼ਾ ਹੀ ਕਿਸਾਨਾਂ ਅਤੇ ਮਜ਼ਦੂਰਾਂ ਦੇ ਅਧਿਕਾਰਾਂ ਲਈ ਆਵਾਜ਼ ਬੁਲੰਦ ਕੀਤੀ ਹੈ ਤੇ ਭਵਿੱਖ 'ਚ ਵੀ ਪਾਰਟੀ ਇਸੇ ਤਰ੍ਹਾਂ ਕਿਸਾਨਾਂ ਦੀ ਹਮਾਇਤ ਕਰਦੀ ਰਹੇਗੀ। ਉਨ੍ਹਾਂ ਕਿਹਾ ਕਿ ਆਪਣੀਆਂ ਮੰਗਾਂ ਨੂੰ ਲੈ ਕੇ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨਾ ਹਰੇਕ ਨਾਗਰਿਕ ਦਾ ਲੋਕਤੰਤਰਿਕ ਅਧਿਕਾਰ ਹੈ, ਲਿਹਾਜ਼ਾ ਕੇਂਦਰ ਤੇ ਕਿਸੇ ਵੀ ਰਾਜ ਨੂੰ ਆਪਣੇ ਨਾਗਰਿਕਾਂ ਤੋਂ ਇਹ ਅਧਿਕਾਰ ਨਹੀਂ ਖੋਹਣਾ ਚਾਹੀਦਾ।

## ਪੰਜਾਬ ਦੇ ਕਿਸਾਨਾਂ ਨੇ ਦਿੱਲੀ ਵੱਲ ਵਹੀਰਾਂ ਘੱਤੀਆਂ

### *ਰਾਸ਼ਨ, ਪਾਣੀ ਤੇ ਬਿਸਤਰਿਆਂ ਆਦਿ ਦਾ ਪੂਰਾ ਪ੍ਰਬੰਧ*

ਚੰਡੀਗੜ੍ਹ : ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਤੇ ਕਿਸਾਨ-ਮਜ਼ਦੂਰ ਮੋਰਚੇ ਦੇ ਸੱਦੇ 'ਤੇ ਪੰਜਾਬ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਟਰੈਕਟਰ-ਟਰਾਲੀਆਂ 'ਤੇ ਸਵਾਰ ਕਿਸਾਨਾਂ ਨੇ ਦਿੱਲੀ ਕੂਚ ਕਰਨ ਲਈ ਵਹੀਰਾਂ ਘੱਤ ਲਈਆਂ ਹਨ। ਇਸ ਸਬੰਧੀ ਅੱਜ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੀਨੀਅਰ ਆਗੂ ਤੇ ਕਿਸਾਨ ਮਜ਼ਦੂਰ ਮੋਰਚੇ ਦੇ ਕੋਆਰਡੀਨੇਟਰ ਸਰਵਣ ਸਿੰਘ ਪੰਧੇਰ ਦੀ ਅਗਵਾਈ ਹੇਠ ਇੱਕ ਹਜ਼ਾਰ ਟਰੈਕਟਰ-ਟਰਾਲੀਆਂ ਸਮੇਤ ਕਿਸਾਨਾਂ-ਮਜ਼ਦੂਰਾਂ ਦੇ ਕਾਫਲੇ ਅੰਮ੍ਰਿਤਸਰ ਤੋਂ ਦਿੱਲੀ ਵੱਲ ਰਵਾਨਾ ਹੋਏ।

ਕਿਸਾਨ ਜਥੇਬੰਦੀਆਂ ਵੱਲੋਂ ਦਿੱਲੀ ਵਿੱਚ ਪੱਕਾ ਮੋਰਚਾ ਲਗਾਉਣ ਲਈ ਰਾਸ਼ਨ-ਪਾਣੀ ਦਾ ਪੂਰਾ ਬੰਦੋਬਸਤ ਕੀਤਾ ਗਿਆ ਹੈ। ਟਰਾਲੀਆਂ ਵਿੱਚ ਬਿਸਤਰੇ, ਰਜਾਈਆਂ, ਗੱਦੇ, ਤਰਪਾਲਾਂ, ਬਾਲਣ, ਪਲਾਈਬੋਰਡ ਤੇ ਹੋਰ ਲੋੜੀਂਦਾ ਸਾਰਾ ਸਾਮਾਨ ਕਿਸਾਨਾਂ ਨੇ ਲੱਦਿਆ ਹੋਇਆ ਹੈ। ਦਿੱਲੀ ਵੱਲ ਵਧਣ ਵਾਲੇ ਇਸ ਕਾਫ਼ਲੇ ਵਿੱਚ ਨੌਜਵਾਨਾਂ ਤੋਂ ਲੈ ਕੇ ਵੱਡੀ ਉਮਰ ਦੇ ਬਾਬੇ ਤੇ ਬਿਰਧ ਔਰਤਾਂ ਵੀ ਸ਼ਾਮਲ ਹਨ। ਇਸ ਦੇ ਨਾਲ ਹੀ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ ਨੂੰ ਰੋਕਣ ਲਈ ਪੰਜਾਬ ਤੇ ਹਰਿਆਣਾ ਦੀ ਸਰਹੱਦ 'ਤੇ ਲਗਾਈਆਂ ਗਈਆਂ ਰੋਕਾਂ ਨੂੰ ਤੋੜਨ ਲਈ ਵੀ ਕਿਸਾਨ ਜਥੇਬੰਦੀਆਂ ਨੇ ਪੂਰੀ ਤਿਆਰੀਆਂ ਕੀਤੀਆਂ ਹੋਈਆਂ ਹਨ। ਕਿਸਾਨ ਜਥੇਬੰਦੀਆਂ ਦਿੱਲੀ ਕੂਚ ਲਈ ਕਰੇਨ, ਜੇਸੀਬੀ ਤੇ ਹੋਰ ਵਾਹਨ ਵੀ ਨਾਲ ਲੈ ਕੇ ਜਾ ਰਹੀਆਂ ਹਨ।



ਸ੍ਰੀ ਪੰਧੇਰ ਨੇ ਕਿਹਾ ਕਿ ਦੇਸ਼ ਦੇ ਕਿਸਾਨ-ਮਜ਼ਦੂਰ ਲੋਕਤੰਤਰਿਕ ਢੰਗ ਨਾਲ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਪ੍ਰਦਰਸ਼ਨ ਕਰਨ ਜਾ ਰਹੇ ਹਨ। ਜੇਕਰ ਰਾਹ ਵਿੱਚ ਕਿਸਾਨਾਂ ਨੂੰ ਰੋਕਿਆ ਜਾਂਦਾ ਹੈ ਤਾਂ ਉਹ ਸ਼ਾਂਤਮਈ ਢੰਗ ਨਾਲ ਅੱਗੇ ਵਧਣਗੇ। ਸਰਕਾਰ ਵੱਲੋਂ ਕੋਈ ਹਿੰਸਾ ਕੀਤੀ ਜਾਂਦੀ ਹੈ ਤਾਂ ਉਸ ਦਾ ਮੁਕਾਬਲਾ ਕੀਤਾ ਜਾਵੇਗਾ। ਇਸ ਦੌਰਾਨ ਕੋਈ ਜਾਨੀ-ਮਾਲੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰ ਸਰਕਾਰ ਹੋਵੇਗੀ।

ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਵੱਲੋਂ ਪੂਰੇ ਦੇਸ਼ ਵਿੱਚ ਸਾਰੀਆਂ ਫ਼ਸਲਾਂ ਦੀ ਖਰੀਦ ਐੱਮਐੱਸਪੀ 'ਤੇ ਕਰਨ ਦੀ ਗਾਰੰਟੀ ਵਾਲਾ ਕਾਨੂੰਨ ਲਿਆਉਣ ਅਤੇ ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਫ਼ਸਲਾਂ ਦੇ ਭਾਅ ਅਤੇ ਗੰਨੇ ਦਾ ਐੱਫ਼ਆਰਪੀ ਅਤੇ ਐੱਸਏਪੀ ਨਿਰਧਾਰਤ ਕਰਵਾਉਣ ਦੀ ਮੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਕਿਸਾਨਾਂ ਤੇ ਮਜ਼ਦੂਰਾਂ ਦੀ ਕਰਜ਼ਾ ਮੁਆਫੀ, ਕਿਸਾਨਾਂ ਤੇ ਖੇਤ ਮਜ਼ਦੂਰਾਂ ਲਈ ਪੈਨਸ਼ਨ, ਲਖੀਮਪੁਰ ਖੀਰੀ ਕਤਲਕਾਂਡ ਦਾ ਇਨਸਾਫ਼ ਲੈਣ, ਦਿੱਲੀ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ, ਬਿਜਲੀ ਸੋਧ ਬਿੱਲ 2020 ਨੂੰ ਰੱਦ ਕਰਵਾਉਣਾ, ਭਾਰਤ ਨੂੰ ਵਿਸ਼ਵ ਵਪਾਰ ਸੰਸਥਾ ਵਿੱਚੋਂ ਬਾਹਰ ਕੱਢਣ, ਫ਼ਸਲੀ ਬੀਮਾ ਯੋਜਨਾ ਲਾਗੂ ਕਰਵਾਉਣ, ਜ਼ਮੀਨ ਗ੍ਰਹਿਣ ਕਾਨੂੰਨ ਨੂੰ 2013 ਵਾਲੇ ਸਰੂਪ ਵਿੱਚ ਲਾਗੂ ਕਰਵਾਉਣ, ਮਨਰੇਗਾ ਤਹਿਤ ਪ੍ਰਤੀ ਸਾਲ 200 ਦਿਨ ਰੁਜ਼ਗਾਰ ਤੇ 700 ਰੁਪਏ ਮਿਹਨਤਾਨਾ ਲਾਗੂ ਕਰਨ ਦੀ ਮੰਗ ਕੀਤੀ ਜਾ ਰਹੀ ਹੈ।

## ਖਨੌਰੀ ਬਾਰਡਰ 'ਤੇ ਹਿੰਸਕ ਝੜਪ ਮਗਰੋਂ ਮਾਹੌਲ ਤਣਾਅਪੂਰਨ

ਖਨੌਰੀ : ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਦੇ ਸੱਦੇ 'ਤੇ ਦਿੱਲੀ ਕੂਚ ਕਰਨ ਦੀ ਕੋਸ਼ਿਸ਼ ਦੌਰਾਨ ਖਨੌਰੀ ਨੇੜੇ ਪੰਜਾਬ-ਹਰਿਆਣਾ ਬਾਰਡਰ 'ਤੇ ਕਿਸਾਨਾਂ ਅਤੇ ਹਰਿਆਣਾ ਪੁਲੀਸ ਵਿਚਕਾਰ ਹਿੰਸਕ ਝੜਪਾਂ ਹੋਈਆਂ ਜਿਸ ਦੌਰਾਨ ਬਾਅਦ ਦੁਪਹਿਰ ਤੋਂ ਹੀ ਮਾਹੌਲ ਤਣਾਅਪੂਰਨ ਬਣਿਆ ਹੋਇਆ ਹੈ। ਬਾਰਡਰ 'ਤੇ ਹਰਿਆਣਾ ਪੁਲੀਸ ਵੱਲੋਂ ਕਿਸਾਨਾਂ ਉਪਰ ਅੱਥਰੂ ਗੈਸ ਦੇ ਗੋਲੇ ਦਾਗੇ ਗਏ, ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ ਅਤੇ ਲਾਠੀਚਾਰਜ ਕੀਤਾ ਗਿਆ। ਦੋਵੇਂ ਧਿਰਾਂ ਵਲੋਂ ਇੱਕ ਦੂਜੇ ਉਪਰ ਪੱਥਰਬਾਜ਼ੀ ਵੀ ਕੀਤੀ ਗਈ। ਇਸ ਝੜਪ ਦੌਰਾਨ ਕਰੀਬ ਅੱਧੀ ਦਰਜਨ ਕਿਸਾਨ ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਅੱਧੀ ਦਰਜਨ ਕਿਸਾਨਾਂ ਨੂੰ ਹਰਿਆਣਾ ਪੁਲੀਸ ਨੇ ਹਿਰਾਸਤ 'ਚ ਵੀ ਲਿਆ ਹੈ।



ਭਾਵੇਂ ਮਹਿਲਾਂ ਚੌਕ ਅਨਾਜ ਮੰਡੀ ਤੋਂ ਸੈਂਕੜੇ ਟਰਾਲੀਆਂ ਦਾ ਕਾਫ਼ਲਾ ਖਨੌਰੀ ਬਾਰਡਰ ਲਈ ਰਵਾਨਾ ਹੋਇਆ ਸੀ ਪਰ ਉਸ ਤੋਂ ਪਹਿਲਾਂ ਹੀ ਖਨੌਰੀ ਇਲਾਕੇ ਦੇ ਸੈਂਕੜੇ ਕਿਸਾਨ ਪੰਜਾਬ-ਹਰਿਆਣਾ ਬਾਰਡਰ 'ਤੇ ਪੁੱਜ ਗਏ ਜਿਨ੍ਹਾਂ ਨੇ ਬਾਰਡਰ 'ਤੇ ਹਰਿਆਣਾ ਪੁਲੀਸ ਵੱਲੋਂ ਪੰਜਾਬ ਵੱਲ ਲਾਈਆਂ ਰੋਕਾਂ ਉਖਾੜ ਦਿੱਤੀਆਂ ਅਤੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਪੁਲੀਸ ਵੱਲੋਂ ਕਿਸਾਨਾਂ ਉਪਰ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ। ਕਰੀਬ 15 ਤੋਂ 20 ਵਾਰ ਹਰਿਆਣਾ ਪੁਲੀਸ ਵੱਲੋਂ ਕਿਸਾਨਾਂ ਉਪਰ ਹਮਲੇ ਕੀਤੇ ਗਏ। ਕਈ ਕਿਸਾਨਾਂ ਨੇ ਹਾਈਵੇਅ ਦੀ ਬਜਾਏ ਖੇਤਾਂ 'ਚੋਂ ਹੁੰਦਿਆਂ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਵਲੋਂ ਲਗਾਤਾਰ ਅੱਥਰੂ ਗੈਸ ਦੇ ਗੋਲੇ ਦਾਗੇ ਜਾਂਦੇ ਰਹੇ।

ਬਾਰਡਰ 'ਤੇ ਝੜਪ ਦੌਰਾਨ ਜ਼ਖ਼ਮੀ ਹੋਏ ਕਿਸਾਨਾਂ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ। ਸੰਗਰੂਰ ਦੇ ਐੱਸਐੱਸਪੀ ਸਰਤਾਜ ਸਿੰਘ ਚਹਿਲ ਕਈ ਪੁਲੀਸ ਅਧਿਕਾਰੀਆਂ ਅਤੇ ਫੋਰਸ ਸਮੇਤ ਮੌਕੇ 'ਤੇ ਪੁੱਜੇ ਹੋਏ ਸਨ। ਹਰਿਆਣਾ ਦੀ ਹੱਦ ਨਾਲ ਲੱਗਦੇ ਜ਼ਿਲ੍ਹਾ ਸੰਗਰੂਰ ਦੇ ਖਨੌਰੀ, ਮੂਨਕ ਅਤੇ ਲਹਿਰਾਗਾਗਾ 'ਚ ਇੰਟਰਨੈਟ ਸੇਵਾਵਾਂ ਬੰਦ ਹਨ।

# ਸ਼ੰਭੂ ਬਾਰਡਰ 'ਤੇ ਕਿਸਾਨਾਂ ਵਲੋਂ ਕੀਤੇ ਪ੍ਰਦਰਸ਼ਨ ਦੀਆਂ ਝਲਕੀਆਂ










































ਜ਼ਖ਼ਮੀ ਕਿਸਾਨਾਂ ਦਾ ਹਾਲ ਚਾਲ ਪੁੱਛਦੇ ਹੋਏ ਸਿਹਤ ਮੰਤਰੀ ਡਾ. ਬਲਬੀਰ ਸਿੰਘ

# ਡੇਰਾ ਬਾਬਾ ਜੀ ਗੁੱਤਾਂ ਵਾਲਿਆਂ ਦੇ ਜੋੜ ਮੇਲੇ ਤੇ ਕੁਸ਼ਤੀ ਮੁਕਾਬਲਿਆਂ ਦੇ 2024 ਗੋਲਡ ਕੱਪ ਜਸਪੂਰਨ ਸਿੰਘ ਮੁੱਲਾਂਪੁਰ ਦਾਖਾ ਤੇ ਕਾਜਲ ਸੋਨੀਪਤ ਨੇ ਜਿੱਤੇ

## ਪ੍ਰਸਿੱਧ ਪੰਜਾਬੀ ਗਾਇਕ ਕਨਵਰ ਗਰੇਵਾਲ ਨੇ ਆਪਣੇ ਮਿਆਰੀ ਤੇ ਸਾਫ਼ ਸੁਥਰੇ ਗੀਤਾਂ ਰਾਹੀਂ ਸੰਗਤਾਂ ਨੂੰ ਝੂਮਣ ਲਾ ਦਿੱਤਾ






**ਹੁਸ਼ਿਆਰਪੁਰ/ਦਲਜੀਤ ਅਜਨੋਹਾ**

ਜ਼ਿਲ੍ਹਾ ਹੁਸ਼ਿਆਰਪੁਰ ਦੇ ਮਾਹਿਲਪੁਰ ਨਜ਼ਦੀਕ ਪਿੰਡ ਭੁੱਲੇਵਾਲ ਗੁੱਜਰਾਂ ਦੀ ਪੂਜਨੀਕ ਧਰਤੀ ਡੇਰਾ ਬੈਕੁੰਠ ਧਾਮ ਜਿੱਥੇ ਪੂਰਨ ਬ੍ਰਹਮ ਗਿਆਨੀ ਧੰਨ ਧੰਨ ਬਾਬਾ ਜੀ ਦੋ ਗੁੱਤਾਂ ਵਾਲਿਆਂ ਨੇ ਆਪਣੇ ਸੰਸਾਰਕ ਜੀਵਨ ਦੇ ਆਖਰੀ ਕਈ ਵਰ੍ਹੇ ਗੁਜ਼ਾਰੇ ਸਨ ਤੇ ਮਨੁੱਖੀ ਚੋਲਾ ਤਿਆਗ ਕੇ ਬ੍ਰਹਮ ਵਿੱਚ ਲੀਨ ਹੋਏ ਸਨ ਤੇ ਉਨ੍ਹਾਂ ਦੀ ਯਾਦ ਵਿੱਚ ਡੇਰੇ ਦੇ ਮੁੱਖ ਸੇਵਾਦਾਰ ਬਾਲ ਕਿਸ਼ਨ ਆਨੰਦ ਜੀ ਦੀ ਰਹਿਨੁਮਾਈ ਹੇਠ 4 ਦਿਨਾਂ ਸਲਾਨਾ ਜੋੜ ਮੇਲਾ ਦੇਸ਼ ਵਿਦੇਸ਼ ਵਸਦੇ ਟਰੱਸਟ ਦੇ ਮੈਂਬਰਾਂ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਤੇ ਸਤਿਕਾਰ ਸਹਿਤ ਕਰਵਾਇਆ ਗਿਆ। ਜਿਸ ਵਿੱਚ ਹਰ ਸਾਲ ਦੀ ਤਰ੍ਹਾਂ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਸੰਭਾਲਣ ਤੇ ਉਤਸ਼ਾਹਿਤ ਕਰਨ ਲਈ ਰੁਸਤਮੇ ਹਿੰਦ ਕਲੱਬ ਕੈਨੇਡਾ ਦੇ ਮੁਖੀ ਪਹਿਲਵਾਨ ਹਰਜੀਤ ਸਿੰਘ ਬਿਲਨ ਨੇ ਆਪਣੇ ਸ਼ਾਗਿਰਦ ਬਲਤੇਜ ਸਿੰਘ ਮੁੰਡੀ ਤੇ ਸਪੁੱਤਰ ਉਦੈਪ੍ਰਤਾਪ ਸਿੰਘ ਬਿਲਨ ਸਮੇਤ ਪਹੁੰਚ ਕੇ ਸੀਨੀਅਰ ਕੁਸ਼ਤੀ ਕੋਚ ਪੀ ਆਰ ਸੌਂਧੀ, ਕੋਚ ਰਾਜਿੰਦਰ ਸਿੰਘ ਤੇ ਚੰਦ ਪਹਿਲਵਾਨ ਦੀ ਦੇਖਰੇਖ ਹੇਠ 10 ਵਾਂ ਗੋਲਡ ਕੱਪ ਕੁਸ਼ਤੀ ਮੁਕਾਬਲਾ ਬਹੁਤ ਹੀ ਜ਼ਿਆਦਾ ਯੋਜਨਾਬੱਧ ਤੇ ਪਾਰਦਰਸ਼ੀ ਢੰਗ ਨਾਲ ਕਰਵਾਇਆ ਗਿਆ। ਜਿਸ ਵਿੱਚ ਇਸ ਵਾਰ ਦਾ ਗੋਲਡ ਕੱਪ ਲੜਕਿਆਂ ਜਸਪੂਰਨ ਸਿੰਘ ਮੁੱਲਾਂਪੁਰ ਦਾਖਾ ਨੇ ਆਪਣੇ ਵਿਰੋਧੀ ਦੀਪਕ ਪਹਿਲਵਾਨ ਇੰਡੀਅਨ ਨੇਵੀ ਨੂੰ ਹਰਾ ਕੇ ਜਿੱਤਿਆ ਅਤੇ ਲੜਕੀਆਂ ਦਾ ਗੋਲਡ ਕੱਪ ਕਾਜਲ ਸੋਨੀਪਤ ਨੇ ਹਰਿਆਣਾ ਨੇ ਸੀਮਾ ਰੋਹਤਕ ਨੂੰ ਹਰਾ ਕੇ ਜਿੱਤਿਆ। ਇਨ੍ਹਾਂ ਤੋਂ ਇਲਾਵਾ ਰਜਤ ਹਰਿਆਣਾ, ਪੁਸ਼ਪਿੰਦਰ ਆਲਮਗੀਰ, ਨਿਕੀਤਾ ਕਿੰਨੌਰ, ਰਾਜਨਦੀਪ ਫਰੀਦਕੋਟ, ਸੰਦੀਪ ਦਿੱਲੀ, ਅਤੁਲ ਜਲੰਧਰ, ਕਰਨ ਪਟਿਆਲਾ, ਮੁਹੰਮਦ ਅੰਸ਼ ਮਲੇਰਕੋਟਲਾ, ਮਨਪ੍ਰੀਤ ਕੌਰ ਫਰੀਦਕੋਟ, ਗੁਰਸ਼ਰਨ ਕੌਰ ਫਰੀਦਕੋਟ, ਸਿਧਾਰਥ ਹਰਿਆਣਾ, ਰਿੰਕੂ ਲੁਧਿਆਣਾ, ਖੁਸ਼ਪ੍ਰੀਤ ਮੁੱਲਾਂਪੁਰ, ਪੂਰਵੀ ਸ਼ਰਮਾ ਮੁੱਲਾਂਪੁਰ ਨੇ ਵੀ ਵੱਖੋ ਵੱਖਰੇ ਭਾਰ ਵਰਗ ਮੁਕਾਬਲਿਆਂ ਵਿੱਚ ਖ਼ਿਤਾਬ ਜਿੱਤੇ ਤੇ ਨਕਦ ਇਨਾਮ ਪ੍ਰਾਪਤ ਕੀਤੇ। ਫਾਈਨਲ ਮੁਕਾਬਲਿਆਂ ਵਾਲੇ ਦਿਨ ਨਵੇਂ ਪਹਿਲਵਾਨਾਂ ਨੂੰ ਆਸ਼ੀਰਵਾਦ ਦੇਣ ਲਈ ਰੁਸਤਮੇ ਹਿੰਦ ਤੇ ਏਸ਼ੀਅਨ ਖੇਡਾਂ ਦੇ ਜੇਤੂ ਪਹਿਲਵਾਨ ਸਰਦਾਰ ਬੁੱਧ ਸਿੰਘ ਸੀਨੀਅਰ, ਪਹਿਲਵਾਨ ਕਰਤਾਰ ਸਿੰਘ ਰਿਟਾਇਰਡ ਆਈ ਜੀ, ਰਾਕੇਸ਼ ਪਹਿਲਵਾਨ ਇੰਦੌਰ, ਪਹਿਲਵਾਨ ਸਤੀਸ਼ ਕੁਮਾਰ ਡੀ ਐਸ ਪੀ ਗੜ੍ਹਸ਼ੰਕਰ, ਗੁਰਸ਼ਰਨ ਕੌਰ, ਪਰਮਿੰਦਰ ਸਿੰਘ ਡੂਮਛੇੜੀ, ਰੰਗਾ ਪਹਿਲਵਾਨ, ਚੌਂਤਾ ਪਹਿਲਵਾਨ, ਲਖਵਿੰਦਰ ਸਿੰਘ ਗਿੱਲ, ਲਹਿੰਬਰ ਪਹਿਲਵਾਨ ਵਿਸ਼ੇਸ਼ ਤੌਰ ’ਤੇ ਪਹੁੰਚੇ ਹੋਏ ਸਨ। ਮੇਲੇ ਦੇ ਤੀਜੇ ਦਿਨ 2 ਫਰਵਰੀ ਨੂੰ ਬਾਬਾ ਜੀ ਦੇ ਜਨਮ ਦਿਹਾੜੇ ਮੌਕੇ ਸੰਗਤਾਂ ਬਹੁਤ ਜ਼ਿਆਦਾ ਭਾਰੀ ਗਿਣਤੀ ਵਿੱਚ ਹੁੰਮ ਹੁੰਮਾ ਤੇ ਪੂਰਨ ਸਤਿਕਾਰ ਸਹਿਤ ਕੇ ਡੇਰੇ ਵਿਖੇ ਪਹੁੰਚੀਆਂ ਤੇ ਬਾਬਾ ਜੀ ਦੇ ਦਰਬਾਰ ਵਿਖੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਪੰਜਾਬੀ ਦੇ ਜਗਤ ਪ੍ਰਸਿੱਧ ਲੋਕ ਗਾਇਕ ਕਨਵਰ ਗਰੇਵਾਲ ਨੇ ਆਪਣੇ ਮਿਆਰੀ ਧਾਰਮਿਕ ਤੇ ਸਭਿਆਚਾਰਕ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੂੰ ਝੂਮਣ ਲਾ ਦਿੱਤਾ ਉਨ੍ਹਾਂ ਦੇਰ ਸ਼ਾਮ ਤੱਕ ਆਪਣੀ ਸ਼ਾਨਦਾਰ ਗਾਇਕੀ ਰਾਹੀਂ ਸੰਗਤਾਂ ਨੂੰ ਬਾਬਾ ਜੀ ਦੇ ਦਰਬਾਰ ਵਿੱਚ ਹਾਜ਼ਰੀਆਂ ਭਰਨ ਲਈ ਬਿਠਾਈ ਰੱਖਿਆ। ਪ੍ਰਤਾਪ ਰਾਣਾ,ਗੁਰਪ੍ਰੀਤ ਮਾਹਿਲਪੁਰੀ, ਮਕਬੂਲ, ਆਰ ਯੋਗੀ ਨੇ ਵੀ ਆਪਣੇ ਗੀਤਾਂ ਰਾਹੀਂ ਬਾਬਾ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ। ਮੇਲੇ ਦੇ ਚਾਰੋਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਦੂਰੋਂ ਆਏ ਪਹਿਲਵਾਨਾਂ ਤੇ ਸੰਗਤਾਂ ਦੇ ਰਾਤ



ਠਹਿਰਨ ਦਾ ਵੀ ਢੁਕਵਾਂ ਪ੍ਰਬੰਧ ਕੀਤਾ ਹੋਇਆ ਸੀ। ਇਸ ਮੌਕੇ ਤੇ ਕੈਨੇਡਾ ਵਿਚ ਆਪਣਾਂ ਰੇਡੀਓ ਸਟੇਸ਼ਨ ਚਲਾ ਰਹੇ ਜੁਗਿੰਦਰ ਬਾਸੀ, ਹਲਕਾ ਵਿਧਾਇਕ ਡਾਕਟਰ ਰਾਜ ਕੁਮਾਰ ਚੱਬੇਵਾਲ, ਸਾਬਕਾ ਮੈਂਬਰ ਪਾਰਲੀਮੈਂਟ ਵਿਜੇ ਸਾਂਪਲਾ ਨੇ ਵੀ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਬਾਬਾ ਜੀ ਦੇ ਦਰਬਾਰ ਵਿੱਚ ਹਾਜ਼ਰੀ ਲਗਵਾਈ। ਡਾਕਟਰ ਜੇ ਡੀ ਜੀ ਦੀ ਟੀਮ ਵਲੋਂ ਹਰ ਸਾਲ ਦੀ ਤਰ੍ਹਾਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਆਟੋ ਯੂਨੀਅਨ ਮਾਹਿਲਪੁਰ ਵਲੋਂ ਮਾਹਿਲਪੁਰ ਤੋਂ ਸੰਗਤਾਂ ਨੂੰ ਮੁਫ਼ਤ ਸਫ਼ਰ ਦੀ ਸਹੂਲਤ ਪ੍ਰਦਾਨ ਕੀਤੀ ਗਈ। ਇਹ ਸਾਰੀ ਵਿਸਥਾਰਪੂਰਵਕ ਜਾਣਕਾਰੀ ਡੇਰੇ ਦੇ ਸ਼ਰਧਾਲੂ ਤੇ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਬਾਲ ਕਿਸ਼ਨ ਆਨੰਦ ਜੀ ਤੇ ਹਰਜੀਤ ਬਿਲਨ ਹੋਰਾਂ ਦੇ ਸਹਿਯੋਗ ਨਾਲ ਸਾਂਝੀ ਕੀਤੀ। ਪਿੰਡ ਭੁੱਲੇਵਾਲ ਗੁੱਜਰਾਂ ਦੇ ਨੌਜਵਾਨਾਂ ਸਮੇਤ ਇਲਾਕੇ ਦੇ ਪਿੰਡਾਂ ਦੇ ਨੌਜਵਾਨਾਂ ਨੇ ਚਾਰੋਂ ਦਿਨ ਜੋੜ ਮੇਲੇ ਤੇ ਸ਼ਰਧਾਪੂਰਵਕ ਸੇਵਾ ਕਰਕੇ ਬਾਬਾ ਜੀ ਦੇ ਚਰਨਾਂ ਵਿੱਚ ਆਪਣੀ ਹਾਜ਼ਰੀ ਲਗਵਾਈ। ਚੌਥੇ ਦਿਨ ਸੋਲਵੇਂ ਬਰਸੀ ਸਮਾਗਮ ਮੌਕੇ ਕਬੀਰ ਪੰਥੀ ਸੰਤ ਬਾਬਾ ਭੋਲਾ ਦਾਸ ਜੀ, ਸੰਤ ਬਾਬਾ ਜਸਵੰਤ ਸਿੰਘ ਠੱਕਰਵਾਲ, ਸੰਤ ਸੋਢੀ ਸਿੰਘ ਠੱਕਰਵਾਲ, ਬੀਬੀ ਕਮਲਾ ਜੀ ਗੱਦੀਨਸ਼ੀਨ ਦਰਬਾਰ ਪੀਰ ਨਾਂਗੇਸ਼ਾਹ ਚੌਹਾਨ, ਸੰਤ ਮੱਖਣ ਸਿੰਘ ਟੂਟੋਮਜਾਰਾ ਸੰਤ ਬਲਵੀਰ ਸਿੰਘ, ਨੇ ਪਹੁੰਚ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਅਰਜਨਾ ਐਵਾਰਡੀ ਫੁੱਟਬਾਲਰ ਗੁਰਦੇਵ ਸਿੰਘ ਗਿੱਲ, ਗੁਰਮਿੰਦਰ ਕੈਂਡੋਵਾਲ, ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਜਸਵੰਤ ਮੈਹਤਾ ਫਰਾਲਾ, ਮਾਸਟਰ ਮੋਹਣ ਸਿੰਘ,ਕੁਲਦੀਪ ਕੌਰ, ਮਲਕੀਤ ਕਾਂਜੀ, ਪੰਮਾ ਆਲਮਗੀਰ,ਮੋਹਣ ਸਿੰਘ ਮੋਹਣੀ, ਬਘੇਲ ਸਿੰਘ ਲੱਲੀਆਂ, ਨਿਰਮਲ ਸਿੰਘ ਗਰਚਾ, ਪਰਮਜੀਤ ਸਿੰਘ ਵਾਲੀਆ, ਦਵਿੰਦਰ ਸਿੰਘ ਵਾਲੀਆ, ਮਨਜੀਤ ਸਿੰਘ ਵਾਲੀਆ, ਹਰਬੰਸ ਸਿੰਘ ਵਾਲੀਆ, ਗੁਰਮੀਤ ਸਿੰਘ ਲੁਧਿਆਣਾ, ਵਾਸੁਦੇਵ ਗੌਤਮ, ਮਦਨ ਲਾਲ, ਮਹਿੰਦਰ ਸਿੰਘ,ਮੱਖਣ ਸਿੰਘ ਗੋਹਗੜੋਂ, ਬਲਜੀਤ ਕੌਰ, ਪਰਮਜੀਤ ਕੌਰ ਦਾਤਾ, ਹਰਨੇਕ ਸਿੰਘ ਰਾਏ ਬੰਗਾ, ਰਾਣਾ ਬੇਕਰੀ ਕੋਟ, ਓਮ ਇਲੈਕਟ੍ਰਿਕ ਸਟੋਰ ਬੰਗਾ ਵਾਲੇ, ਰਾਕੇਸ਼ ਬਤਰਾ, ਬਾਬਾ ਸ਼ਰਨ ਦਾ ਢਾਬਾ, ਕਮਲ ਬਾਹੜੋਵਾਲ, ਜਿੰਦੋਂ ਫਰੂਟ ਵਾਲਾ, ਬੰਤ ਬਟੂਆ, ਜੱਸਾ ਹਲਵਾਈ, ਰਾਮਪਾਲ ਅਜਨੋਹਾ, ਹਰਬੰਸ ਕੌਰ, ਸਤਨਾਮ ਸਿੰਘ ਇੰਗਲੈਂਡ, ਸ਼ੰਕਰੀਆ ਪਹਿਲਵਾਨ, ਕੀਰਤੀ ਪਹਿਲਵਾਨ, ਗੋਲੂ ਪਹਿਲਵਾਨ, ਇਕਬਾਲ ਸਿੰਘ ਕਾਲੇਵਾਲ ਭਗਤਾਂ, ਜਸ਼ਨ, ਬਿੱਟੂ ਕਾਲੇਵਾਲ, ਸ਼ਿਵ ਕੁਮਾਰ, ਭਗਤਾਂ, ਲਿਆਕਤ ਹੁਸੈਨ, ਬੁੱਧ ਸਿੰਘ ਧੁਲੇਤਾ, ਬੀਰਾ ਪਹਿਲਵਾਨ, ਐਸ ਐਚ ਓ ਰਮਨ ਕੁਮਾਰ, ਥਾਣੇਦਾਰ ਕੁਲਵਿੰਦਰ ਸਿੰਘ ਬਿੱਟੂ, ਡਾਕਟਰ ਮਨਮੀਤ ਅਵਤਾਰ ਨਰਸਿੰਗ ਹੋਮ, ਜਸਵੀਰ ਸਿੰਘ ਬਿੱਲਾ, ਅਮਿਤ ਗੰਭੀਰ, ਸੱਤਾ ਕਲੇਰਾਂ, ਮਨਦੀਪ ਸਿੰਘ, ਰਾਮਜੀ ਭੂੰਨੋਂ ਸਮੇਤ ਵੱਡੀ ਗਿਣਤੀ ਵਿੱਚ ਸ਼ਰਧਾਲੂ ਡੇਰੇ ਵਿਖੇ ਬਾਬਾ ਜੀ ਦਾ ਆਸ਼ੀਰਵਾਦ ਲੈਣ ਪਹੁੰਚੇ ਹੋਏ ਸਨ।

# ਆਰਮੀ ਗਾਰਡ ਬਟਾਲੀਅਨ ਦੀ ਰਸਮੀ ਤਬਦੀਲੀ ਦੌਰਾਨ ਸਿੱਖ ਰੈਜੀਮੈਂਟ ਨਾਲ ਰਾਸ਼ਟਰਪਤੀ ਦ੍ਰੋਪਦੀ ਮੁਰਮੂ



ਨਵੀਂ ਦਿੱਲੀ : ਆਰਮੀ ਗਾਰਡ ਬਟਾਲੀਅਨ ਦੇ ਰਸਮੀ ਬਦਲਾਅ ਦੇ ਦੌਰਾਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸਿੱਖ ਰੈਜੀਮੈਂਟ ਨਾਲ ਇੱਕ ਸਮੂਹ ਤਸਵੀਰ ਲਈ, ਜਿਸ ਵਿੱਚ ਸਿੱਖ ਰੈਜੀਮੈਂਟ ਦੀ 6ਵੀਂ ਬਟਾਲੀਅਨ, ਰਸਮੀ ਫੌਜ ਵਜੋਂ ਆਪਣਾ ਕਾਰਜਕਾਲ ਪੂਰਾ ਹੋਣ ’ਤੇ ਗਾਰਡ ਬਟਾਲੀਅਨ ਨੇ ਨਵੀਂ ਦਿੱਲੀ ਦੇ ਰਾਸ਼ਟਰਪਤੀ ਭਵਨ ਵਿਖੇ 5ਵੀਂ ਗੋਰਖਾ ਰਾਈਫਲਜ਼ ਦੀ ਪਹਿਲੀ ਬਟਾਲੀਅਨ ਨੂੰ ਚਾਰਜ ਸੌਂਪਿਆ।

# ਅਮਰੀਕਾ 'ਚ ਸੁਪਰ ਬਾਊਲ ਪਰੇਡ ਦੌਰਾਨ ਹੋਈ ਗੋਲੀਬਾਰੀ 'ਚ ਇਕ ਦੀ ਮੌਤ, ਅੱਠ ਬੱਚਿਆਂ ਸਮੇਤ 22 ਲੋਕ ਜ਼ਖ਼ਮੀ






ਕੈਸਸ ਸਿਟੀ : ਅਮਰੀਕਾ ਦੇ ਕੰਸਾਸ ਸਿਟੀ ਚੀਫ ਦੀ 'ਸੁਪਰ ਬਾਊਲ' (ਫੁੱਟਬਾਲ ਚੈਂਪੀਅਨਸ਼ਿਪ) ਵਿਚ ਜਿੱਤ ਤੋਂ ਬਾਅਦ ਬੁੱਧਵਾਰ ਨੂੰ ਕੱਢੀ ਗਈ ਪਰੇਡ ਦੌਰਾਨ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ 22 ਲੋਕ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚ 8 ਬੱਚੇ ਵੀ ਸ਼ਾਮਲ ਹਨ। ਅਧਿਕਾਰੀਆਂ ਨੇ ਦੱਸਿਆ ਕਿ ਗੋਲੀਬਾਰੀ ਤੋਂ ਡਰੇ ਹੋਏ ਪ੍ਰਸ਼ੰਸਕ ਜਾਣ ਬਚਾਉਣ ਲਈ ਇੱਧਰ-ਉਧਰ ਦੌੜਨ ਲੱਗੇ। ਕੰਸਾਸ ਸਿਟੀ ਪੁਲਸ ਦੇ ਮੁਖੀ ਸਟੈਸੀ ਗ੍ਰੇਵਜ਼ ਨੇ ਇੱਕ ਪ੍ਰੈਸ ਕਾਨਫਰੰਸ ਵਿੱਚ ਗੋਲੀਬਾਰੀ ਦੀ ਘਟਨਾ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਤਿੰਨ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਇਹ ਪਤਾ ਲੱਗਾ ਹੈ ਕਿ ਫੁੱਟਬਾਲ ਪ੍ਰਸ਼ੰਸਕਾਂ ਨੇ ਇੱਕ ਸ਼ੱਕੀ ਨੂੰ ਫੜਨ ਵਿੱਚ ਮਦਦ ਕੀਤੀ ਪਰ ਉਹ ਅਜੇ ਇਸ ਦੀ ਪੁਸ਼ਟੀ ਨਹੀਂ ਕਰ ਸਕਦੀ ਹੈ। ਪੁਲਸ ਨੇ ਅਜੇ ਤੱਕ ਹਿਰਾਸਤ 'ਚ ਲਏ ਲੋਕਾਂ ਦੀ ਪਛਾਣ ਜਾਂ ਇਸ ਘਟਨਾ ਦੇ ਪਿੱਛੇ ਦੇ ਮਕਸਦ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਅਮਰੀਕਾ ਵਿੱਚ ਇੱਕ ਜਨਤਕ ਸਮਾਗਮ ਵਿੱਚ ਗੋਲੀਬਾਰੀ ਦੀ ਇਹ ਤਾਜ਼ਾ ਘਟਨਾ ਹੈ। ਪਿਛਲੇ ਸਾਲ, ਨੂਗੇਟਸ ਨੇ ਐੱਨ.ਬੀ.ਏ. ਚੈਂਪੀਅਨਸ਼ਿਪ ਜਿੱਤਣ ਤੋਂ ਬਾਅਦ ਡੇਨਵਰ ਵਿੱਚ ਹੋਈ ਗੋਲੀਬਾਰੀ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ ਸਨ। ਮਿਸੂਰੀ ਦੇ ਰਿਪਬਲਿਕਨ ਗਵਰਨਰ ਮਾਈਕ ਪਾਰਸਨ ਅਤੇ ਉਨ੍ਹਾਂ ਦੀ ਪਤਨੀ ਟੇਰੇਸਾ ਪਾਰਸਨ ਪਰੇਡ ਵਿਚ ਮੌਜੂਦ ਸਨ ਪਰ ਉਹ ਜ਼ਖ਼ਮੀ ਨਹੀਂ ਹੋਏ। ਵ੍ਹਾਈਟ ਹਾਊਸ ਦੇ ਬੁਲਾਰੇ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਕੰਸਾਸ ਸਿਟੀ ਵਿਚ ਗੋਲੀਬਾਰੀ ਦੀ ਘਟਨਾ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਉਹ ਮਾਮਲੇ 'ਤੇ ਨਜ਼ਰ ਰੱਖ ਰਹੇ ਹਨ।

## ਕੈਲੀਫੋਰਨੀਆ 'ਚ ਪੂਰੇ ਪੰਜਾਬੀ ਪਰਿਵਾਰ ਦੇ ਕਤਲ 'ਚ ਮਦਦ ਕਰਨ ਵਾਲੇ ਨੂੰ ਤਿੰਨ ਸਾਲ ਅਤੇ ਅੱਠ ਮਹੀਨਿਆਂ ਦੀ ਸਜ਼ਾ



ਕੈਲੀਫੋਰਨੀਆ : ਕੈਲੀਫੋਰਨੀਆ ਵਿੱਚ ਇੱਕ ਭਾਰਤੀ ਮੂਲ ਦੇ ਪਰਿਵਾਰ ਦੇ ਚਾਰ ਮੈਂਬਰਾਂ ਨੂੰ ਅਗਵਾ ਕਰਨ ਅਤੇ ਕਤਲ ਦੇ ਮੁੱਖ ਸ਼ੱਕੀ ਜੀਸਸ ਸਾਲਗਾਡੋ ਨੂੰ ਤਿੰਨ ਸਾਲ ਅਤੇ ਅੱਠ ਮਹੀਨਿਆਂ ਦੀ ਸਜ਼ਾ ਸੁਣਾਈ ਗਈ ਹੈ।



ਮਰਸਡ ਕਾਊਂਟੀ ਦੇ ਜ਼ਿਲ੍ਹਾ ਅਟਾਰਨੀ ਦਫ਼ਤਰ ਦੇ ਅਨੁਸਾਰ ਇੱਕ ਮਰਸਡ ਕਾਊਂਟੀ ਪਰਿਵਾਰ ਦੇ ਕਤਲ ਅਤੇ ਅਗਵਾ ਕਰਨ ਵਿੱਚ ਮਦਦ ਕੀਤੀ ਸੀ।

ਮਰਸਡ ਕਾਊਂਟੀ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਦੇ ਅਨੁਸਾਰ, ਅਲਬਰਟੋ ਸਲਗਾਡੋ 42, ਨੂੰ ਮਰਸਡ ਕਾਊਂਟੀ ਸੁਪੀਰੀਅਰ ਕੋਰਟ ਵਿੱਚ ਬੁੱਧਵਾਰ ਨੂੰ ਕਤਲ, ਚੋਰੀ ਦੀ ਸਾਜ਼ਿਸ਼ ਅਤੇ ਅਗਜ਼ਨੀ ਲਈ ਤਿੰਨ ਸਾਲ ਅਤੇ ਅੱਠ ਮਹੀਨਿਆਂ ਦੀ ਸਜ਼ਾ ਸੁਣਾਈ ਗਈ ਸੀ।

ਅਧਿਕਾਰੀਆਂ ਨੇ ਕਿਹਾ ਕਿ ਸਾਲਗਾਡੋ ਨੇ ਅਕਤੂਬਰ 2022 ਵਿੱਚ ਢੇਰੀ ਅਤੇ ਸਿੰਘ ਪਰਿਵਾਰ ਦੇ ਮੈਂਬਰਾਂ ਦੀ ਕਥਿਤ ਹੱਤਿਆ ਦੇ ਸਬੰਧ ਵਿੱਚ ਇਹ ਅਪਰਾਧ ਕੀਤੇ ਸਨ।

ਅਲਬਰਟੋ ਸਲਗਾਡੋ ਦੇ ਭਰਾ - ਜੀਸਸ ਮੈਨੁਅਲ ਸਲਗਾਡੋ 'ਤੇ ਵੀ ਕਤਲ ਅਤੇ ਅਗਵਾ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਪਰਿਵਾਰ ਦੇ ਚਾਰ ਮੈਂਬਰਾਂ - 8 ਮਹੀਨਿਆਂ ਦੀ ਆਰੋਹੀ ਢੇਰੀ, ਉਸਦੇ ਮਾਤਾ-ਪਿਤਾ, ਜਸਲੀਨ ਕੌਰ (27) ਅਤੇ ਜਸਦੀਪ ਸਿੰਘ (36) ਅਤੇ ਉਸਦੇ ਚਾਚਾ ਅਮਨਦੀਪ ਸਿੰਘ (39) ਨੂੰ 3 ਅਕਤੂਬਰ ਨੂੰ ਉਨ੍ਹਾਂ ਦੇ ਮਰਸਡ ਕਾਰੋਬਾਰ ਤੋਂ ਕਥਿਤ ਤੌਰ 'ਤੇ ਬੰਦੂਕ ਦੀ ਨੋਕ 'ਤੇ ਅਗਵਾ ਕਰ ਲਿਆ ਗਿਆ ਸੀ। ਦੋਸ ਪਾਲੋਸ ਦੇ ਉੱਤਰ-ਪੂਰਬ ਵਿੱਚ ਮਰਸਡ ਕਾਊਂਟੀ ਦੇ ਇੱਕ ਪੇਂਡੂ ਖੇਤਰ ਵਿੱਚ ਤਿੰਨ ਦਿਨ ਬਾਅਦ ਇੱਕ ਖੇਤ ਮਜ਼ਦੂਰ ਨੂੰ ਉਨ੍ਹਾਂ ਦੀਆਂ ਲਾਸ਼ਾਂ ਮਿਲੀਆਂ। ਜੀਸਸ ਸਲਗਾਡੋ ਨੇ ਵਿਸ਼ੇਸ਼ ਹਾਲਾਤਾਂ ਦੇ ਨਾਲ ਪਹਿਲੇ ਦਰਜੇ ਦੇ ਕਤਲ ਦੇ ਚਾਰ ਮਾਮਲਿਆਂ ਲਈ ਦੋਸ਼ੀ ਨਹੀਂ ਮੰਨਿਆ। ਦੋਸ਼ੀ ਸਾਬਤ ਹੋਣ 'ਤੇ ਉਸ ਨੂੰ ਪੈਰੋਲ ਜਾਂ ਮੌਤ ਦੀ ਸਜ਼ਾ ਦੀ ਸੰਭਾਵਨਾ ਤੋਂ ਬਿਨਾਂ ਉਮਰ ਕੈਦ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਮਰਸਡ ਕਾਊਂਟੀ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਦੇ ਅਨੁਸਾਰ, ਜੀਸਸ ਸਲਗਾਡੋ ਦਾ ਕੇਸ ਅਜੇ ਵੀ ਪ੍ਰੀ-ਟਰਾਇਲ ਪੜਾਅ ਵਿੱਚ ਹੈ।

## ਅਮਰੀਕਾ 'ਚ ਭਾਰਤੀ ਵਿਅਕਤੀ ਨੂੰ 51 ਮਹੀਨੇ ਦੀ ਜੇਲ੍ਹ

ਵਾਸ਼ਿੰਗਟਨ : ਅਮਰੀਕਾ ਦੇ ਸੂਬੇ ਮੋਂਟਾਨਾ ਵਿੱਚ ਭਾਰਤੀ ਮੂਲ ਦੇ 24 ਸਾਲਾ ਵਿਅਕਤੀ ਨੂੰ ਇੱਕ ਅਮਰੀਕੀ ਔਰਤ ਨਾਲ ਧੋਖਾਧੜੀ ਕਰਨ ਦੇ ਦੋਸ਼ ਵਿੱਚ 4 ਸਾਲ ਤੋਂ ਵੱਧ ਮਤਲਬ 51 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ। ਦਰਅਸਲ ਹਰਿਆਣਾ ਦੇ ਰਹਿਣ ਵਾਲੇ ਭਾਰਤੀ ਮੂਲ ਦੇ ਵਿਅਕਤੀ ਨੇ ਕੰਪਿਊਟਰ ਹੈਕਿੰਗ ਰਾਹੀਂ ਔਰਤ ਨਾਲ 150,000 ਅਮਰੀਕੀ ਡਾਲਰ ਦੀ ਠੱਗੀ ਮਾਰੀ ਸੀ। ਭਾਰਤੀ ਮੂਲ ਦੇ ਵਿਅਕਤੀ ਦੀ ਪਛਾਣ ਸੁਖਦੇਵ ਵੈਦਿਆ ਵਜੋਂ ਹੋਈ ਹੈ। ਉਸ ਨੂੰ ਪਿਛਲੇ ਸਾਲ ਦਸੰਬਰ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੇ ਅੰਤਰਰਾਸ਼ਟਰੀ ਕੰਪਿਊਟਰ ਹੈਕਿੰਗ ਰਾਹੀਂ ਔਰਤ ਨੂੰ ਨਿਸ਼ਾਨਾ ਬਣਾਇਆ ਅਤੇ ਉਸ ਨਾਲ 1.2 ਮਿਲੀਅਨ ਡਾਲਰ ਦੀ ਧੋਖਾਧੜੀ ਕੀਤੀ। ਬੁੱਧਵਾਰ ਨੂੰ ਅਦਾਲਤ ਨੇ ਕਿਹਾ ਕਿ ਉਸਦੀ ਹਿਰਾਸਤ ਤੋਂ ਰਿਹਾਈ ਤੋਂ ਬਾਅਦ, ਦੋਸ਼ੀ ਨੂੰ ਦੇਸ਼ ਨਿਕਾਲੇ ਲਈ ਕਸਟਮਜ਼ ਅਤੇ ਇਮੀਗ੍ਰੇਸ਼ਨ ਇਨਫੋਰਸਮੈਂਟ ਬਿਊਰੋ ਨੂੰ ਭੇਜਿਆ ਜਾਵੇਗਾ। ਅਦਾਲਤ ਨੇ ਦੋਸ਼ੀ ਨੂੰ 1,236,470 ਡਾਲਰ ਮੁਆਵਜ਼ੇ ਵਜੋਂ ਅਦਾ ਕਰਨ ਦਾ ਵੀ ਹੁਕਮ ਦਿੱਤਾ ਹੈ। ਅਮਰੀਕੀ ਸਰਕਾਰ ਨੇ ਦੋਸ਼ ਲਾਇਆ ਕਿ ਭਾਰਤ ਦਾ ਇੱਕ ਵੱਡਾ ਉੱਦਮ ਅਮਰੀਕੀ ਬਜ਼ੁਰਗਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਹੁਣ ਤੱਕ ਉਸ ਨਾਲ 1,236,470 ਅਮਰੀਕੀ ਡਾਲਰ ਦੀ ਧੋਖਾਧੜੀ ਕੀਤੀ ਜਾ ਚੁੱਕੀ ਹੈ। ਇਸ ਧੋਖਾਧੜੀ ਦਾ ਪਤਾ ਲੱਗਣ ਤੋਂ ਬਾਅਦ ਐਫ.ਬੀ.ਆਈ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਮੁਲਜ਼ਮ ਸੁਖਦੇਵ ਵੈਦਿਆ ਨੂੰ ਗ੍ਰਿਫ਼ਤਾਰ ਕਰ ਲਿਆ।

## ਅਮਰੀਕਾ ਦੇ ਸੂਬੇ ਕੈਲੀਫੋਰਨੀਆ 'ਚ ਭਾਰਤੀ ਜੋੜੇ ਤੇ ਉਨ੍ਹਾਂ ਦੇ ਜੁੜਵਾ ਬੱਚਿਆਂ ਦੀਆਂ ਲਾਸ਼ਾਂ ਮਿਲੀਆਂ, ਕਤਲ ਜਾਂ ਖ਼ੁਦਕੁਸ਼ੀ ?



ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਦੇ ਕੈਲੀਫੋਰਨੀਆ ਸੂਬੇ 'ਚ ਭਾਰਤੀ ਪਰਿਵਾਰ ਦੀ ਲਾਸ਼ਾਂ ਮਿਲੀਆ ਹਨ।ਕੈਲੀਫੋਰਨੀਆ 'ਚ ਸ਼ੱਕੀ ਹਾਲਾਤਾਂ 'ਚ ਭਾਰਤੀ ਮੂਲ ਦਾ ਇਕੋ ਹੀ ਪਰਿਵਾਰ ਹੈ। ਜਿਨ੍ਹਾਂ ਵਿੱਚ ਪਤੀ-ਪਤਨੀ ਅਤੇ ਦੋ ਮਾਸੂਮ ਬੱਚੇ ਸ਼ਾਮਲ ਹਨ। ਪੁਲਸ ਇਸ ਮਾਮਲੇ ਦੀ ਹੱਤਿਆ ਅਤੇ ਖੁਦਕੁਸ਼ੀ ਦੇ ਐਂਗਲ ਤੋਂ ਜਾਂਚ ਕਰ ਰਹੀ ਹੈ। ਹਾਲਾਂਕਿ ਮੌਤ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ।ਇਸ ਮਾਮਲੇ ਵਿੱਚ ਸੈਨ ਮਾਟੇ ਪੁਲਿਸ ਨੇ ਦੱਸਿਆ ਕਿ ਭਾਰਤੀ ਮੂਲ ਦੇ ਪਰਿਵਾਰ ਦੇ 4 ਮੈਂਬਰਾਂ ਦੀ ਸ਼ੱਕੀ ਢੰਗ ਨਾਲ ਮੌਤ ਹੋ ਗਈ ਹੈ। ਮ੍ਰਿਤਕ ਭਾਰਤ ਤੋ ਕੇਰਲਾ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ ਅਤੇ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਪਤੀ-ਪਤਨੀ ਦੀਆਂ ਲਾਸ਼ਾਂ 'ਤੇ ਗੋਲੀਆਂ ਦੇ ਨਿਸ਼ਾਨ ਵੀ ਮਿਲੇ ਹਨ। ਉਨ੍ਹਾਂ ਦੀਆਂ ਲਾਸ਼ਾਂ ਬਾਥਰੂਮ 'ਚ ਮਿਲੀਆਂ ਸਨ, ਜਦੋਂ ਕਿ ਬੱਚਿਆਂ ਦੀਆਂ ਲਾਸ਼ਾਂ ਬੈੱਡਰੂਮ 'ਚ ਸਨ। ਬੱਚਿਆਂ ਦੇ ਸਰੀਰ 'ਤੇ ਕੋਈ ਸੱਟ ਦੇ ਨਿਸ਼ਾਨ ਨਹੀਂ ਮਿਲੇ ਹਨ। ਇਸ ਤੋਂ ਇਲਾਵਾ ਮੌਕੇ ਤੋਂ ਇੱਕ ਨੌ ਐਮਐਮ ਦਾ ਪਿਸਤੌਲ ਅਤੇ ਇੱਕ ਮੈਗਜ਼ੀਨ ਵੀ ਪੁਲਿਸ ਨੂੰ ਬਰਾਮਦ ਹੋਇਆ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਮੌਤ ਏਅਰ ਕੰਡੀਸ਼ਨਰ ਜਾਂ ਹੀਟਰ ਤੋਂ ਕਾਰਬਨ ਮੋਨੋਆਕਸਾਈਡ ਗੈਸ ਲੀਕ ਹੋਣ ਕਾਰਨ ਹੋਈ ਹੈ। ਹਾਲਾਂਕਿ, ਪੁਲਿਸ ਨੂੰ ਘਰ ਵਿੱਚ ਗੈਸ ਲੀਕ ਹੋਣ ਜਾਂ ਨੁਕਸਦਾਰ ਉਪਕਰਨਾਂ ਦਾ ਕੋਈ ਵੀ ਸਬੂਤ ਨਹੀਂ ਮਿਲਿਆ।

## ਲੋਕ ਪਛਾਨਣ ਲੱਗ ਪਏ..ਦਸਤਾਰ ਨੂੰ ਸਲਾਮਾਂ ਹੁੰਦੀਆਂ..!



ਦੱਖਣੀ-ਅਫਰੀਕਾ ਵਿਚ ਹੋਏ ਜੂਨੀਅਰ ਵਿਸ਼ਵ ਕੱਪ ਦੌਰਾਨ ਇੰਡੀਆ ਖਿਲਾਫ ਆਸਟ੍ਰੇਲੀਆ ਵੱਲੋਂ ਖੇਡਦੇ ਹੋਏ ਇਸ ਪੰਜਾਬੀ ਮੂਲ ਦੇ ਖਿਡਾਰੀ ਹਰਜਸ ਸਿੰਘ ਨੂੰ ਇਸ ਗੱਲੋਂ ਟਰੋਲ ਕੀਤਾ ਜਾ ਰਿਹਾ ਕੇ ਇਹ ਭਲਾ ਉੱਨੀ ਸਾਲ ਦਾ ਕਿਹੜੇ ਪਾਸੇ ਤੋਂ ਲੱਗਦਾ..ਓਵਰ ਏਜ ਹੈ!

ਦੂਜਾ ਕਸੂਰ ਫਾਈਨਲ ਮੈਚ ਵਿਚ ਪੰਜਾਹ ਤੋਂ ਉੱਤੇ ਦੌੜਾ ਬਣਾ ਕੇ ਆਸਟ੍ਰੇਲੀਆ ਦੀ ਜਿੱਤ ਵਿਚ ਵੱਡਾ ਯੋਗਦਾਨ ਪਾਇਆ..!

ਤੀਜਾ ਜਿੱਤ ਮਗਰੋਂ ਸੱਜੇ ਪੱਟ ਤੇ ਥਾਪੀ ਮਾਰ ਹੱਥ ਉੱਪਰ ਆਸਮਾਨ ਵੱਲ ਕਰ ਮੂਸੇ ਵਾਲੇ ਵੱਲੋਂ ਸਥਾਪਿਤ ਕੀਤੇ ਚੜ੍ਹਦੀ ਕਲਾ ਦੇ ਇਕ ਅਦੁੱਤੀ ਅਤੇ ਵਿਚਿੱਤਰ ਮਾਪ ਢੰਡ ਨੂੰ ਅੰਤਰਰਾਸ਼ਟਰੀ ਮੀਡੀਏ ਸਾਮਣੇ ਉਭਾਰਿਆ..!

ਕਿੰਨੀ ਨਫਰਤ ਕੁੜੱਤਣ ਅਤੇ ਈਰਖਾ ਭਰੀ ਹੋਈ ਏ ਦਿਮਾਗਾਂ ਵਿਚ..ਸਰਬੱਤ ਦਾ ਭਲਾ ਮੰਗਣ ਵਾਲੀ ਇਹ ਕੌਮ ਜੇ ਅੱਜ ਆਪਣੇ ਬਲਬੂਤੇ ਤੇ ਦੁਨੀਆ ਦੇ ਵੱਖੋ ਵੱਖ ਮੁਲਖਾਂ ਖਿੱਤਿਆਂ ਵਿਚ ਸਿੱਖੀ ਸਿੱਖਿਆ ਗੁਰਵੀਚਾਰ ਅਤੇ ਸਿੱਖੀ ਸੋਚ ਸਿਧਾਂਤ ਤੇ ਪਹਿਰਾ ਦਿੰਦੀ ਹੋਈ ਬੁਲੰਦੀਆਂ ਛੋਹ ਰਹੀ ਏ ਤਾਂ ਜਰਾ ਜਿੰਨਾ ਵੀ ਜਰਿਆ ਨਹੀਂ ਜਾਂਦਾ..ਚਾਹੇ ਉਹ ਖੇਡ ਦਾ ਮੈਦਾਨ ਹੀ ਕਿਓਂ ਨਾ ਹੋਵੇ..!

ਖਾਲਿਸਤਾਨੀ ਅਤੇ ਅੱਤਵਾਦੀ ਦੀ ਮੋਹਰ ਹਰ ਵੇਲੇ ਤਿਆਰ ਬਰ ਤਿਆਰ..ਕੌਣ ਸਮਝਾਵੇ ਕੇ ਦਸਮ ਪਿਤਾ ਵੱਲੋਂ ਚਲਾਇਆ ਗਿਆ ਖੰਡੇ ਬਾਟੇ ਦਾ ਉਹ ਸਿਧਾਂਤ ਹੁਣ ਦੁਨੀਆਂ ਦੇ ਹਰ ਕੋਨੇ ਹਰ ਖਿੱਤੇ ਵਿਚ ਘਰ ਕਰ ਗਿਆ..ਲੋਕ ਪਛਾਨਣ ਲੱਗ ਪਏ..ਦਸਤਾਰ ਨੂੰ ਸਲਾਮਾਂ ਹੁੰਦੀਆਂ..!

ਅੱਜ ਸੁਵੇਰੇ ਹੀ ਮਗਰ ਆਉਂਦੇ ਗੋਰੇ ਲਈ ਜਦੋਂ ਟਿੰਮ-ਹੋਰਟਨ ਦਾ ਗੇਟ ਖੋਲ ਕੇ ਰਖਿਆ ਤਾਂ ਸੋਚਿਆ ਜਰੂਰ ਥੈਂਕ-ਯੂ ਆਖ ਕੋਲੋਂ ਦੀ ਲੰਘੇਗਾ..ਪਰ ਜਿਉਣ ਜੋਗਾ ਪਹਿਲੋਂ ਠਰੰਮੇ ਨਾਲ ਖਲੋ ਗਿਆ ਫੇਰ ਸਤਿਕਾਰ ਸਾਹਿਤ ਝੁਕ ਕੇ ਫ਼ੁਰਮਾਉਣ ਲੱਗਾ..ਸਰਦਾਰ ਜੀ ਸਤ ਸ੍ਰੀ ਅਕਾਲ..ਕੀ ਹਾਲ ਆ ਤੁਹਾਡਾ!

ਹਰਪ੍ਰੀਤ ਸਿੰਘ ਜਵੰਦਾ

# ਸ਼੍ਰੀ ਨਰੇਂਦਰ ਮੋਦੀ ਇੱਕ ਰਾਜਨੀਤਿਕ ਅਤੇ ਧਾਰਮਿਕ ਨੇਤਾ ਦੇ ਰੂਪ ਵਿੱਚ ਉਭਰੇ

- ਦੁਨੀਆ ਭਰ ਦੇ ਹਿੰਦੂਆਂ ਨੂੰ ਇੱਕ ਛੱਤਰੀ ਹੇਠ ਇੱਕਜੁੱਟ ਕੀਤਾ
- ਭਾਰਤ ਤੋਂ ਬਾਹਰ ਹਿੰਦੂ ਧਰਮ ਦੇ ਪ੍ਰਸਾਰ ਵਿੱਚ ਇੱਕ ਵੱਡੀ ਭੂਮਿਕਾ ਨਿਭਾਈ









ਅਬੂ ਧਾਬੀ: ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਇੱਕ ਰਾਜਨੀਤਿਕ ਅਤੇ ਧਾਰਮਿਕ ਨੇਤਾ ਦੇ ਰੂਪ ਵਿੱਚ ਉਭਰੇ ਅਤੇ ਦੁਨੀਆ ਭਰ ਦੇ ਹਿੰਦੂਆਂ ਨੂੰ ਇੱਕ ਛੱਤਰੀ ਹੇਠ ਇੱਕਜੁੱਟ ਕੀਤਾ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਮੋਦੀ ਇੱਕ ਸਿਆਸੀ ਦੇ ਨਾਲ ਨਾਲ ਇੱਕ ਵੱਡੇ ਹਿੰਦੂ ਪ੍ਰਚਾਰਕ ਅਤੇ ਧੜੱਲੇਦਾਰ ਸਿਆਸਤਦਾਨ ਵਜੋ ਹੋ ਨਿਭੜੇ ਭਾਰਤ ਤੋਂ ਬਾਹਰ ਹਿੰਦੂ ਧਰਮ ਦੇ ਪ੍ਰਸਾਰ ਵਿੱਚ ਇੱਕ ਵੱਡੀ ਭੂਮਿਕਾ ਨਿਭਾਈ।

ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਵਲੋਂ ਜਿਥੇ ਭਾਰਤ ਵਿੱਚ ਵੱਡੀ ਪੱਧਰ ਉਪਰ ਮੰਦਰਾਂ ਦੀ ਸੇਵਾ ਕਰਾਈ ਜਾ ਰਹੀ ਹੈ ਉਥੇ ਸ਼੍ਰੀ ਰਾਮ ਮੰਦਰ ਅਯੁਧਿਆ ਤੋ ਬਾਦ ਅਬੂ ਧਾਬੀਿ ਵੱਚ ਪਿਹਲੇ ਪਹਿਲੇ ਵੱਡੇ ਵਿਸ਼ਾਲ ਮੰਦਰ ਦਾ ਉਦਘਾਟਨ ਕੀਤਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਵਾਮੀਨਾਰਾਇਣ ਸੰਪਰਦਾ ਦੇ ਅਹੁਦੇਦਾਰਾਂ ਦੀ ਹਾਜ਼ਰੀ 'ਚ ਮੰਤਰਾਂ ਦੇ ਉਚਾਰਨ ਦਰਮਿਆਨ ਅਬੂ ਧਾਬੀ ਦੇ ਪਹਿਲੇ ਮੰਦਰ ਦਾ ਉਦਘਾਟਨ ਕੀਤਾ। ਹਲਕੇ ਗੁਲਾਬੀ ਰੰਗ ਦਾ ਰੇਸ਼ਮੀ ਕੁੜਤਾ ਪਜਾਮਾ, ਬਿਨ੍ਹਾਂ ਬਾਂਹ ਵਾਲੀ ਜੈਕੇਟ ਅਤੇ ਪਟਕਾ ਪਹਿਨੇ ਹੋਏ ਪ੍ਰਧਾਨ ਮੰਤਰੀ ਨੇ ਮੰਦਰ ਦੇ ਉਦਘਾਟਨੀ ਸਮਾਗਮ 'ਚ ਪੂਜਾ ਵੀ ਕੀਤੀ। ਉਨ੍ਹਾਂ 'ਗਲੋਬਲ ਆਰਤੀ' 'ਚ ਵੀ ਹਿੱਸਾ ਲਿਆ ਜੋ ਬੋਚਾਸਨਵਾਸੀ ਸ੍ਰੀ ਅਕਸ਼ਰ ਪੁਰਸ਼ੋਤਮ ਸਵਾਮੀਨਾਰਾਇਣ ਸੰਸਥਾ (ਬੀਏਪੀਐੱਸ) ਵੱਲੋਂ ਦੁਨੀਆ ਭਰ 'ਚ ਬਣੇ ਸਵਾਮੀਨਾਰਾਇਣ ਸੰਪਰਦਾ ਦੇ 1200 ਤੋਂ ਵੱਧ ਮੰਦਰਾਂ 'ਚ ਇਕੋ ਸਮੇਂ ਕਰਵਾਈ ਗਈ। ਇਸ ਤੋਂ ਪਹਿਲਾਂ ਮੋਦੀ ਨੇ ਇਥੇ ਪਹਿਲੇ ਮੰਦਰ ਦੇ ਨਿਰਮਾਣ 'ਚ ਯੋਗਦਾਨ ਦੇਣ ਵਾਲੇ ਵੱਖ ਵੱਖ ਸੰਪਰਦਾਵਾਂ ਦੇ ਲੋਕਾਂ ਨਾਲ ਮੁਲਾਕਾਤ ਕੀਤੀ। ਦੁਬਈ-ਅਬੂ ਧਾਬੀ ਸ਼ੇਖ਼ ਜ਼ਾਯਦ ਰਾਜਮਾਰਗ 'ਤੇ ਅਲ ਰਾਹਬਾ ਕੋਲ 27 ਏਕੜ ਰਕਬੇ 'ਚ ਕਰੀਬ 700 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਮੰਦਰ ਦੇ ਉਦਘਾਟਨ ਦੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਮੰਦਰ 'ਚ ਤਿਆਰ ਕੀਤੇ ਗਏ ਗੰਗਾ ਅਤੇ ਯਮੁਨਾ ਦਰਿਆਵਾਂ 'ਚ ਜਲ ਅਰਪਣ ਵੀ ਕੀਤਾ। ਮੰਦਰ ਦੇ ਸੇਵਕ ਉਮੇਸ਼ ਰਾਜਾ ਮੁਤਾਬਕ 20 ਹਜ਼ਾਰ ਟਨ ਤੋਂ ਵਧ ਚੂਨਾ ਪੱਥਰ ਦੇ ਟੁੱਕੜਿਆਂ ਨੂੰ ਰਾਜਸਥਾਨ 'ਚ ਤਰਾਸ਼ਿਆ ਗਿਆ ਅਤੇ 700 ਕੰਟੇਨਰਾਂ 'ਚ ਅਬੂ ਧਾਬੀ ਲਿਆਂਦਾ ਗਿਆ ਸੀ।










# ਇਮਰਾਨ ਹਮਾਇਤੀ ਆਜ਼ਾਦ ਉਮੀਦਵਾਰਾਂ ਨੂੰ 101 ਸੀਟਾਂ



ਇਸਲਾਮਾਬਾਦ/ਲਾਹੌਰ : ਆਮ ਚੋਣਾਂ ਵਿੱਚ ਕਿਸੇ ਵੀ ਪਾਰਟੀ ਨੂੰ ਸਪਸ਼ਟ ਬਹੁਮਤ ਨਾ ਮਿਲਣ ਮਗਰੋਂ ਪਾਕਿਸਤਾਨ ਦੀਆਂ ਤਿੰਨ ਮੁੱਖ ਸਿਆਸੀ ਪਾਰਟੀਆਂ ਨੇ ਗੱਠਜੋੜ ਸਰਕਾਰ ਦੇ ਗਠਨ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਪਾਕਿਸਤਾਨ ਚੋਣ ਕਮਿਸ਼ਨ ਵੱਲੋਂ ਵੀਰਵਾਰ ਨੂੰ ਹੋਈਆਂ ਆਮ ਚੋਣਾਂ ਲਈ ਅੱਜ ਐਲਾਨੇ ਫਾਈਨਲ ਨਤੀਜੇ ਵਿਚ ਜੇਲ੍ਹ ’ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੀ ਹਮਾਇਤ ਵਾਲੇ ਆਜ਼ਾਦ ਉਮੀਦਵਾਰ ਕੌਮੀ ਅਸੈਂਬਲੀ ਦੀਆਂ 101 ਸੀਟਾਂ ਜਿੱਤਣ ਵਿਚ ਸਫ਼ਲ ਰਹੇ ਹਨ। ਤਿੰਨ ਵਾਰ ਪ੍ਰਧਾਨ ਮੰਤਰੀ ਰਹੇ ਨਵਾਜ਼ ਸ਼ਰੀਫ਼ ਦੀ ਪਾਰਟੀ ਪੀਐੱਮਐੱਲ-ਐੱਨ 75 ਸੀਟਾਂ ਨਾਲ ਤਕਨੀਕੀ ਤੌਰ ’ਤੇ ਸੰਸਦ ਵਿਚ ਸਭ ਤੋਂ ਵੱਡੀ ਪਾਰਟੀ ਬਣ ਗਈ ਹੈ। ਬਿਲਾਵਲ ਜ਼ਰਦਾਰੀ ਭੁੱਟੋ ਦੀ ਅਗਵਾਈ ਵਾਲੀ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) 54 ਸੀਟਾਂ ਨਾਲ ਕਿੰਗ ਮੇਕਰ ਦੀ ਸਥਿਤੀ ਵਿਚ ਹੈ। ਕਰਾਚੀ ਆਧਾਰਿਤ ਮੁਤਾਹਿਦਾ ਕੌਮੀ ਮੂਵਮੈਂਟ ਪਾਕਿਸਤਾਨ (ਐੱਮਕਿਊਐੱਮ-ਪੀ) 17 ਸੀਟਾਂ ਤੇ ਹੋਰ ਛੋਟੀਆਂ ਪਾਰਟੀਆਂ ਨੇ 12 ਸੀਟਾਂ ਜਿੱਤੀਆਂ ਹਨ। ਸਰਕਾਰ ਬਣਾਉਣ ਵਾਸਤੇ ਕਿਸੇ ਵੀ ਪਾਰਟੀ ਲਈ ਕੌਮੀ ਅਸੈਂਬਲੀਆਂ ਦੀਆਂ 265 ਸੀਟਾਂ(ਜਿਨ੍ਹਾਂ ਲਈ ਸਿੱਧੀ ਚੋਣ ਹੁੰਦੀ ਹੈ) ਵਿਚੋਂ 133 ਸੀਟਾਂ ’ਤੇ ਜਿੱਤ ਜ਼ਰੂਰੀ ਹੈ।

ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਸੁਪਰੀਮੋ ਨਵਾਜ਼ ਸ਼ਰੀਫ, ਜਿਨ੍ਹਾਂ ਨੂੰ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਆਸਿਮ ਮੁਨੀਰ ਦੀ ਹਮਾਇਤ ਹੈ, ਨੇ ਸ਼ਨਿਚਰਵਾਰ ਨੂੰ ਆਜ਼ਾਦ ਉਮੀਦਵਾਰਾਂ ਸਣੇ ਹੋਰਨਾਂ ਪਾਰਟੀਆਂ ਨੂੰ ਗੱਠਜੋੜ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਸੀ ਤਾਂ ਕਿ ਪਾਕਿਸਤਾਨ ਨੂੰ ਇਸ ਦੀਆਂ ਮੌਜੂਦਾ ਮੁਸ਼ਕਲਾਂ ’ਚੋਂ ਕੱਢਿਆ ਜਾ ਸਕੇ। ਪੀਐੱਮਐੱਲ-ਐੱਨ ਆਗੂਆਂ ਨੇ ਅੱਜ ਲਾਹੌਰ ਵਿੱਚ ਐੱਮਕਿਊਐੱਮ-ਪੀ ਆਗੂਆਂ ਨਾਲ ਬੈਠਕ ਕੀਤੀ। ਇਕ ਘੰਟੇ ਦੇ ਕਰੀਬ ਚੱਲੀ ਮੀਟਿੰਗ ਮਗਰੋਂ ਉਨ੍ਹਾਂ ਅਗਾਮੀ ਸਰਕਾਰ ਵਿੱਚ ਮਿਲ ਕੇ ਕੰਮ ਕਰਨ ਲਈ ‘ਸਿਧਾਂਤਕ ਸਹਿਮਤੀ’ ਬਣਾਈ ਹੈ। ਸ਼ਰੀਫ਼ ਦੀ ਪਾਰਟੀ ਨੇ ਇਕ ਬਿਆਨ ਵਿਚ ਕਿਹਾ, ‘ਅਸੀਂ ਦੇਸ਼ ਤੇ ਲੋਕ ਹਿੱਤ ਲਈ ਮਿਲ ਕੇ ਕੰਮ ਕਰਾਂਗੇ।’’ ਬਿਆਨ ਮੁਤਾਬਕ ਦੋਵਾਂ ਧਿਰਾਂ ਨੇ ਬੁਨਿਆਦੀ ਨੁਕਤਿਆਂ ਨੂੰ ਲੈ ਕੇ ਸਹਿਮਤੀ ਬਣਾਈ ਹੈ। ਐੱਮਕਿਊਐੱਮ-ਪੀ ਦੇ ਹੈਦਰ ਰਿਜ਼ਵੀ ਨੇ ਜੀਓ ਨਿਊਜ਼ ਨੂੰ ਇਕ ਇੰਟਰਵਿਊ ਵਿਚ ਕਿਹਾ ਕਿ ਉਨ੍ਹਾਂ ਦੀ ਪਾਰਟੀ ਪੀਐੱਮਐੱਲ-ਐੱਨ ਨਾਲ ਵਧੇਰੇ ਸੌਖ ਮਹਿਸੂਸ ਕਰਦੀ ਹੈ ਕਿਉਂਕਿ ‘ਦੋਵੇਂ ਪਾਰਟੀਆਂ ਕਰਾਚੀ ਵਿੱਚ ਇਕ ਦੂਜੇ ਖਿਲਾਫ਼ ਨਹੀਂ ਖੜ੍ਹੀਆਂ’ ਜਿਵੇਂ ਕਿ ਪੀਪੀਪੀ ਜਾਂ ਹੋਰ ਪਾਰਟੀਆਂ ਹਨ।

ਉਧਰ ਪੀਐੱਮਐੱਲ-ਐੱਨ ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ਼ ਨੇ ਸ਼ੁੱਕਰਵਾਰ ਰਾਤ ਨੂੰ ਸੀਨੀਅਰ ਪੀਪੀਪੀ ਆਗੂਆਂ ਆਸਿਫ਼ ਅਲੀ ਜ਼ਰਦਾਰੀ ਤੇ ਬਿਲਾਵਲ ਭੁੱਟੋ ਨਾਲ ਮੁਲਾਕਾਤ ਕਰਕੇ ਭਵਿੱਖੀ ਗੱਠਜੋੜ ਬਾਰੇ ਵਿਚਾਰ ਚਰਚਾ ਕੀਤੀ ਸੀ। ਸ਼ਾਹਬਾਜ਼ ਨੇ ਪਾਰਟੀ ਆਗੂਆਂ ਨੂੰ ਦੱਸਿਆ ਕਿ ਪੀਪੀਪੀ ਆਗੂ ਆਸਿਫ਼ ਜ਼ਰਦਾਰੀ ਨੇ ਪੀਐੱਮਐੱਲ-ਐੱਨ ਨੂੰ ਹਮਾਇਤ ਦੇਣ ਲਈ ਪੀਪੀਪੀ ਚੇਅਰਮੈਨ ਬਿਲਾਵਲ ਲਈ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਇਲਾਵਾ ਪ੍ਰਮੁੱਖ ਮੰਤਰਾਲਿਆਂ ਮੰਗੇ ਹਨ। ਪਾਰਟੀ ਸੂਤਰਾਂ ਨੇ ਕਿਹਾ ਕਿ ਜ਼ਰਦਾਰੀ ਨਾਲ ਮਿਲ ਕੇ ਸਰਕਾਰ ਬਣਾਉਣਾ ਪੀਐੱਮਐੱਲ-ਐੱਨ ਲਈ ਪਹਿਲਾ ਬਦਲ ਸੀ, ਪਰ ਪਾਰਟੀ ਪ੍ਰਧਾਨ ਮੰਤਰੀ ਦਾ ਅਹੁਦਾ ਨਹੀਂ ਦੇਣਾ ਚਾਹੁੰਦੀ। ਸੂਤਰਾਂ ਨੇ ਦਾਅਵਾ ਕੀਤਾ ਕਿ ਪੀਪੀਪੀ ਨਾਲ ਗੱਲਬਾਤ ਨਾਕਾਮ ਰਹਿਣ ਦੀ ਸਥਿਤੀ ਵਿੱਚ ਨਵਾਜ਼ ਦੀ ਪਾਰਟੀ ਐੱਮਕਿਊਐੱਮ, ਜੇਯੂਆਈ-ਐੱਫ ਤੇ ਆਜ਼ਾਦ ਉਮੀਦਵਾਰਾਂ ਸਣੇ ਹੋਰਨਾਂ ਛੋਟੀਆਂ ਪਾਰਟੀਆਂ ਨਾਲ ਮਿਲ ਕੇ ਗੱਠਜੋੜ ਸਰਕਾਰ ਬਣਾ ਸਕਦੀ ਹੈ। ਸੂਤਰਾਂ ਨੇ ਦਾਅਵਾ ਕੀਤਾ ਕਿ ਅਜਿਹੀ ਸਥਿਤੀ ਵਿੱਚ ਪੀਐੱਮਐੱਲ-ਐੱਨ ਸ਼ਾਹਬਾਜ਼ ਸ਼ਰੀਫ਼ ਨੂੰ ਪ੍ਰਧਾਨ ਮੰਤਰੀ ਤੇ ਮਰੀਅਮ ਸ਼ਰੀਫ਼ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾ ਸਕਦੀ ਹੈ। ਸੂਤਰਾਂ ਨੇ ਕਿਹਾ, “ਫ਼ੌਜ ਦੇ ਬੇਹੱਦ ਕਰੀਬ ਹੋਣ ਕਰਕੇ ਸ਼ਾਹਬਾਜ਼ ਸ਼ਰੀਫ਼ ਪੀਐੱਮ ਦਫ਼ਤਰ ਲਈ ਪਸੰਦੀਦਾ ਉਮੀਦਵਾਰ ਹਨ ਤੇ ਪੀਐੱਮਐੱਲ-ਐੱਨ ਕੋਲ ਪੀਪੀਪੀ ਨਾਲੋਂ ਵਧੇਰੇ ਸੀਟਾਂ ਹਨ। ਉਧਰ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਆਗੂ ਗੌਹਰ ਖਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਸਰਕਾਰ ਬਣਾਏਗੀ, ਪਰ ਸਮੀਖਿਅਕਾਂ ਦਾ ਮੰਨਣਾ ਹੈ ਕਿ ਅਜਿਹਾ ਸੰਭਵ ਨਹੀਂ ਹੈ।

## ਇਮਰਾਨ ਨੇ ਨਵਾਜ਼ ਅਤੇ ਜ਼ਰਦਾਰੀ ਦੀ ਪਾਰਟੀ ਨਾਲ ਗੱਠਜੋੜ ਤੋਂ ਕੀਤਾ ਇਨਕਾਰ

ਇਸਲਾਮਾਬਾਦ : ਜੇਲ੍ਹ ’ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਪਾਕਿਸਤਾਨ ਦੀਆਂ ਮੁੱਖ ਸਿਆਸੀ ਧਿਰਾਂ ਨਾਲ ਗੱਠਜੋੜ ਸਰਕਾਰ ਬਣਾਉਣ ਤੋਂ ਇਨਕਾਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ‘ਸੱਭ ਤੋਂ ਵੱਡੇ ਭ੍ਰਿਸ਼ਟਾਚਾਰੀਆਂ’ ਨੂੰ ਸੱਤਾ ’ਚ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਰਾਵਲਪਿੰਡੀ ਦੀ ਅਡਿਆਲਾ ਜੇਲ੍ਹ ’ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਮਰਾਨ ਨੇ ਕਿਹਾ ਕਿ ਨਵਾਜ਼ ਸ਼ਰੀਫ਼ ਦੀ ਪੀਐੱਮਐੱਲ-ਐੱਨ, ਆਸਿਫ਼ ਅਲੀ ਜ਼ਰਦਾਰੀ ਦੀ ਪੀਪੀਪੀ ਅਤੇ ਮੁਤਾਹਿਦਾ ਕੌਮੀ ਮੂਵਮੈਂਟ ਨਾਲ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ ਪਰ ਉਨ੍ਹਾਂ ਹੋਰ ਪਾਰਟੀਆਂ ਅਤੇ ਗਰੁੱਪਾਂ ਨਾਲ ਸੰਪਰਕ ਬਣਾਉਣ ਦੀ ਇੱਛਾ ਪ੍ਰਗਟਾਈ ਹੈ। ਉਨ੍ਹਾਂ ਆਪਣੀ ਪਾਰਟੀ ਪੀਟੀਆਈ ਦੇ ਸੂਚਨਾ ਸਕੱਤਰ ਰਾਊਫ਼ ਹਸਨ ਨੂੰ ਤਿੰਨ ਪਾਰਟੀਆਂ ਛੱਡ ਕੇ ਬਾਕੀਆਂ ਨੂੰ ਇਕੱਠਾ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਂਜ ਇਮਰਾਨ ਨੇ ਖ਼ੈਬਰ ਪਖ਼ਤੂਨਖਵਾ ’ਚ ਮੁੱਖ ਮੰਤਰੀ ਦੇ ਅਹੁਦੇ ਲਈ ਸਾਬਕਾ ਸੰਘੀ ਮੰਤਰੀ ਅਲੀ ਅਮੀਨ ਗੰਡਾਪੁਰ ਨੂੰ ਨਾਮਜ਼ਦ ਕੀਤਾ ਹੈ। ਪਾਰਟੀ ਨੂੰ ਸੂਬੇ ’ਚ 84 ਸੀਟਾਂ ਮਿਲੀਆਂ ਹਨ ਅਤੇ ਉਹ ਸਰਕਾਰ ਬਣਾਉਣ ਦੀ ਹਾਲਤ ’ਚ ਹੈ।

## ਬਿਲਾਵਲ ਭੁੱਟੋ ਪੀਐੱਮਐੱਲ-ਐੱਨ ਨੂੰ ਬਾਹਰੋਂ ਦੇਣਗੇ ਹਮਾਇਤ



ਇਸਲਾਮਾਬਾਦ : ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਅੱਜ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ ’ਚੋਂ ਬਾਹਰ ਹੋ ਗਏ ਹਨ। ਉਨ੍ਹਾਂ ਕਿਹਾ ਕਿ ਉਹ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨੂੰ ਸਰਕਾਰ ’ਚ ਸ਼ਾਮਲ ਹੋਏ ਬਿਨਾਂ ਹਮਾਇਤ ਦੇਣਗੇ। ਉਨ੍ਹਾਂ ਐਲਾਨ ਕੀਤਾ ਕਿ ਪਿਤਾ ਅਤੇ ਸਾਬਕਾ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਹੋਣਗੇ ਕਿਉਂਕਿ ਉਹ ਦੇਸ਼ ਨੂੰ ਮੌਜੂਦਾ ਮੁਸ਼ਕਲਾਂ ’ਚੋਂ ਕੱਢਣ ਦੇ ਯੋਗ ਹਨ। ਬਿਲਾਵਲ ਨੇ ਇਹ ਐਲਾਨ ਉਸ ਸਮੇਂ ਕੀਤਾ ਹੈ ਜਦੋਂ ਕੁਝ ਘੰਟੇ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਕਿਹਾ ਸੀ ਕਿ ਪੀਐੱਮਐੱਲ-ਐੱਨ ਸੁਪਰੀਮੋ ਨਵਾਜ਼ ਸ਼ਰੀਫ਼ ਰਿਕਾਰਡ ਚੌਥੀ ਵਾਰ ਪ੍ਰਧਾਨ ਮੰਤਰੀ ਬਣਨਗੇ। ਪੀਪੀਪੀ ਚੇਅਰਮੈਨ ਨੇ ਉੱਚ ਤਾਕਤੀ ਕੇਂਦਰੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਮਗਰੋਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਸਰਕਾਰ ਬਣਾਉਣ ਦਾ ਫ਼ਤਵਾ ਨਹੀਂ ਮਿਲਿਆ ਹੈ ਅਤੇ ਉਹ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਨੇ ਪੀਪੀਪੀ ਨਾਲ ਗੱਠਜੋੜ ਸਰਕਾਰ ਬਣਾਉਣ ਤੋਂ ਇਨਕਾਰ ਕਰ ਦਿੱਤਾ ਹੈ ਜਿਸ ਕਾਰਨ ਪੀਐੱਮਐੱਲ-ਐੱਨ ਨੇ ਪੀਪੀਪੀ ਨੂੰ ਸਰਕਾਰ ’ਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਬਿਲਾਵਲ ਨੇ ਕਿਹਾ ਕਿ ਉਹ ਦੇਸ਼ ’ਚ ਅਸਥਿਰਤਾ ਦਾ ਮਾਹੌਲ ਨਹੀਂ ਬਣਨ ਦੇਣਾ ਚਾਹੁੰਦੇ ਹਨ ਅਤੇ ਪੀਪੀਪੀ ਸਥਿਰ ਸਰਕਾਰ ਬਣਾਉਣ ’ਚ ਸਹਾਇਤਾ ਕਰੇਗੀ।

## ਰਾਤ ਦੇ ਹਨੇਰੇ ਵਿੱਚ ਫ਼ਤਵਾ ਚੋਰੀ ਕੀਤਾ: ਪੀਟੀਆਈ

ਲਾਹੌਰ: ਜੇਲ੍ਹ ’ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਨੇ ਦੋਸ਼ ਲਾਇਆ ਹੈ ਕਿ ਰਾਤ ਦੇ ਹਨੇਰੇ ’ਚ ਉਨ੍ਹਾਂ ਦੇ ਪੱਖ ’ਚ ਆਏ ਫ਼ਤਵੇ ਨੂੰ ਚੋਰੀ ਕਰ ਲਿਆ ਗਿਆ ਹੈ। ਪਾਰਟੀ ਦੇ ਕੇਂਦਰੀ ਸੂਚਨਾ ਸਕੱਤਰ ਰਾਊਫ਼ ਹਸਨ ਨੇ ‘ਐਕਸ’ ’ਤੇ ਕਿਹਾ ਕਿ ਪਾਕਿਸਤਾਨ ਨੂੰ ਵਧੇਰੇ ਅਸਥਿਰਤਾ ਦੇ ਰਾਹ ਪਾਇਆ ਜਾ ਰਿਹਾ ਹੈ। ਪੀਐੱਮਐੱਲ-ਐੱਨ ਦੀ ਅਗਵਾਈ ਹੇਠ ਸੰਭਾਵੀ ਗੱਠਜੋੜ ਸਰਕਾਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਅਪਰਾਧੀਆਂ ਦੇ ਝੁੰਡ ਵੱਲੋਂ ਸਰਕਾਰ ਦੇ ਗਠਨ ਦਾ ਫ਼ੈਸਲਾ ਦੇਸ਼ ਦੀਆਂ ਚੁਣੌਤੀਆਂ ’ਚ ਵਾਧੇ ਦਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਨਿਯਮਾਂ ਨੂੰ ਛਿੱਕੇ ਟੰਗ ਕੇ ਨਵੀਂ ਸਰਕਾਰ ਦਾ ਗਠਨ ਹੋਣ ਜਾ ਰਿਹਾ ਹੈ। ਹਸਨ ਨੇ ਕਿਹਾ ਕਿ ਸੱਤਾ ਉਨ੍ਹਾਂ ਹਵਾਲੇ ਕਰਨੀ ਚਾਹੀਦੀ ਹੈ ਜਿਨ੍ਹਾਂ ਨੂੰ ਲੋਕਾਂ ਨੇ ਆਪਣੇ ਆਗੂ ਚੁਣਿਆ ਹੈ।

## ਸ਼ਾਹਬਾਜ਼ ਬਣ ਸਕਦੇ ਨੇ ਪ੍ਰਧਾਨ ਮੰਤਰੀ





ਇਸਲਾਮਾਬਾਦ : ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਸੁਪਰੀਮੋ ਨਵਾਜ਼ ਸ਼ਰੀਫ਼ ਦਾ ਛੋਟਾ ਭਰਾ ਸ਼ਾਹਬਾਜ਼ ਸ਼ਰੀਫ਼ ਮੁਲਕ ਦਾ ਨਵਾਂ ਪ੍ਰਧਾਨ ਮੰਤਰੀ ਬਣ ਸਕਦਾ ਹੈ। ਪਾਰਟੀ ਦੀ ਸੀਨੀਅਰ ਮੀਤ ਪ੍ਰਧਾਨ ਮਰੀਅਮ ਨਵਾਜ਼ ਨੂੰ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਲਈ ਨਾਮਜ਼ਦ ਕੀਤਾ ਗਿਆ ਹੈ। ਸ਼ਾਹਬਾਜ਼ (72) ਅਪਰੈਲ 2022 ’ਚ ਇਮਰਾਨ ਖ਼ਾਨ ਦੀ ਅਗਵਾਈ ਹੇਠਲੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕੀਤੇ ਜਾਣ ਮਗਰੋਂ ਪ੍ਰਧਾਨ ਮੰਤਰੀ ਬਣੇ ਸਨ। ਮੰਨਿਆ ਜਾ ਰਿਹਾ ਹੈ ਕਿ ਪੀਐੱਮਐੱਲ-ਐੱਨ ਨੂੰ ਪਾਕਿਸਤਾਨੀ ਫ਼ੌਜ ਦੀ ਹਮਾਇਤ ਪ੍ਰਾਪਤ ਹੈ। ਕਿਸੇ ਵੀ ਪਾਰਟੀ ਨੂੰ ਬਹੁਮਤ ਨਾ ਮਿਲਣ ਮਗਰੋਂ ਪੀਐੱਮਐੱਲ-ਐੱਨ ਦੀ ਅਗਵਾਈ ਹੇਠ ਹੋਰ ਪਾਰਟੀਆਂ ਗੱਠਜੋੜ ਸਰਕਾਰ ਬਣਾ ਸਕਦੀਆਂ ਹਨ। ਪੀਐੱਮਐੱਲ-ਐੱਨ ਨੇ ਮੰਗਲਵਾਰ ਰਾਤ ਨਵਾਜ਼ ਦੀ ਥਾਂ ’ਤੇ ਸ਼ਾਹਬਾਜ਼ ਨੂੰ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਇਸ ਤੋਂ ਪਹਿਲਾਂ ਸ਼ਾਹਬਾਜ਼ ਪਾਕਿਸਤਾਨ ਪੀਪਲਜ਼ ਪਾਰਟੀ ਦੇ ਆਸਿਫ਼ ਅਲੀ ਜ਼ਰਦਾਰੀ, ਮੁਤਾਹਿਦਾ ਕੌਮੀ ਮੂਵਮੈਂਟ ਪਾਕਿਸਤਾਨ ਦੇ ਖਾਲਿਦ ਮਕਬੂਲ ਸਿੱਦੀਕੀ ਨਾਲ ਪਾਕਿਸਤਾਨ ਮੁਸਲਿਮ ਲੀਗ-ਕਿਊ ਦੇ ਸ਼ੁਜਾਤ ਹੁਸੈਨ ਦੀ ਰਿਹਾਇਸ਼ ’ਤੇ ਮਿਲੇ ਅਤੇ ਸਰਕਾਰ ਬਣਾਉਣ ’ਤੇ ਸਹਿਮਤੀ ਪ੍ਰਗਟਾਈ। ਸ਼ਾਹਬਾਜ਼ ਨੇ ਕਿਹਾ ਕਿ ਨਵੀਂ ਸਰਕਾਰ ਦੇਸ਼ ਨੂੰ ਮੁਸ਼ਕਲ ’ਚੋਂ ਬਾਹਰ ਕੱਢੇਗੀ। ਪਾਕਿਸਤਾਨ ਦੇ ਚੋਣ ਕਮਿਸ਼ਨ ਮੁਤਾਬਕ ਛੇ ਪਾਰਟੀਆਂ ਪੀਐੱਮਐੱਲ-ਐੱਨ, ਪੀਪੀਪੀ, ਐੱਮਕਿਊਐੱਮ-ਪੀ, ਪੀਐੱਮਐੱਲ-ਕਿਊ, ਆਈਪੀਪੀ ਅਤੇ ਬਲੋਚਿਸਤਾਨ ਅਵਾਮੀ ਪਾਰਟੀ ਵੱਲੋਂ ਜਿੱਤੀਆਂ ਗਈਆਂ ਸੀਟਾਂ ਦੀ ਕੁੱਲ ਗਿਣਤੀ 152 ਬਣਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਕੇਂਦਰ ’ਚ ਸਰਕਾਰ ਬਣਾਉਣ ਲਈ ਲੋੜੀਂਦੇ 169 ਮੈਂਬਰਾਂ ਦਾ ਟੀਚਾ ਆਸਾਨੀ ਨਾਲ ਹਾਸਲ ਕਰ ਲਿਆ ਜਾਵੇਗਾ।

# ਕਦੋਂ ਤੇ ਕਿਵੇਂ ਹੋਇਆ ਸੀ ਪੁਲਵਾਮਾ ਅੱਤਵਾਦੀ ਹਮਲਾ ?

















ਪੁਲਵਾਮਾ 'ਚ ਹੋਏ ਅੱਤਵਦੀ ਹਮਲੇ ਨੂੰ 5 ਸਾਲ ਪੂਰੇ ਹੋ ਗਏ ਹਨ। 14 ਫਰਵਰੀ 2019 ਨੂੰ ਦੁਪਹਿਰ ਦੇ ਕਰੀਬ 3 ਵਜੇ ਜੈਸ਼-ਏ-ਮੁਹੰਮਦ ਦੇ ਇਕ ਅੱਤਵਾਦੀ ਨੇ ਸ਼੍ਰੀਨਗਰ-ਜੰਮੂ ਨੈਸ਼ਨਲ ਹਾਈਵੇ 'ਤੇ ਕੇਂਦਰੀ ਰਿਜ਼ਰਵ ਪੁਲਸ ਫੋਰਸ (ਸੀ.ਆਰ.ਪੀ.ਐੱਫ.) ਦੇ ਕਾਫਿਲੇ 'ਚ ਵਿਸਫੋਟਕ ਲੈ ਕੇ ਜਾ ਰਹੇ ਇਕ ਵਾਹਨ ਨੂੰ ਟੱਕਰ ਮਾਰ ਦਿੱਤੀ ਸੀ। ਪੁਲਵਾਮਾ 'ਚ ਪਾਕਿਸਤਾਨ ਸਮਰਥਿਤ ਜੈਸ਼-ਏ-ਮੁਹੰਮਦ ਦੇ ਆਤਮਘਾਤੀ ਹਮਲਾਵਰ ਦੁਆਰਾ ਸੀ.ਆਰ.ਪੀ.ਐਫ. ਦੇ ਕਾਫਿਲੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ 'ਚ ਸੀ.ਆਰ.ਪੀ.ਐੱਫ. ਦੇ ਕਰੀਬ 40 ਜਵਾਨ ਸ਼ਹੀਦ ਹੋ ਗਏ ਸਨ।

14 ਫਰਵਰੀ ਸਵੇਰੇ ਜੰਮੂ ਤੋਂ 78 ਬੱਸਾਂ ਰਾਹੀਂ ਸੀ.ਆਰ.ਪੀ.ਐੱਫ. ਦਾ ਕਾਫਿਲਾ ਸ਼੍ਰੀਨਗਰ ਲਈ ਰਵਾਨਾ ਹੋਇਆ। ਇਸ ਕਾਫਿਲੇ 'ਚ 2500 ਤੋਂ ਜ਼ਿਆਦਾ ਜਵਾਨ ਸ਼ਾਮਲ ਸਨ। ਅੱਤਵਾਦੀਆਂ ਕੋਲ ਫੌਜ ਦੇ ਇਸ ਕਾਫਿਲੇ ਦੀ ਪੁਖਤਾ ਜਾਣਕਾਰੀ ਸੀ। ਮਹੀਨਿਆਂ ਪਹਿਲਾਂ ਤੋਂ ਹੀ ਹਮਲੇ ਦੀ ਸਾਜ਼ਿਸ਼ ਸ਼ੁਰੂ ਕਰ ਦਿੱਤੀ ਗਈ ਅਤੇ ਜਦੋਂ 3 ਵਜੇ ਕਾਫਿਲਾ ਪੁਲਵਾਮਾ 'ਚੋਂ ਗੁਜ਼ਰਿਆ ਤਾਂ ਅੱਤਵਾਦੀ ਆਦਿਲ ਅਹਿਮਦ ਡਾਰ ਕਾਫਿਲੇ 'ਚ ਕਾਰ ਲੈ ਕੇ ਦਾਖਲ ਹੋ ਗਿਆ। ਇਸ ਕਾਰ 'ਚ 100 ਕਿਲੋ ਤੋਂ ਜ਼ਿਆਦਾ ਵਿਸਫੋਟਕ ਸੀ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਕਾਫਿਲੇ ਦੀਆਂ ਜ਼ਿਆਦਾਤਰ ਬੱਸਾਂ ਦੇ ਸ਼ੀਟੇ ਟੁੱਟ ਗਏ ਸਨ। ਕਈ ਜਵਾਨ ਜ਼ਖ਼ਮੀ ਹੋਏ ਸਨ। ਸੀ.ਆਰ.ਪੀ.ਐੱਫ. ਦੇ 76ਵੇਂ ਬਟਾਲੀਅਨ ਦੇ 40 ਵੀਰ ਸਪੂਤ ਸ਼ਹੀਦ ਹੋ ਗਏ ਸਨ। ਕਈ ਕਿਲੋਮੀਟਰ ਤਕ ਹਵਾ 'ਚ ਬਾਰੂਦ ਦੀ ਬਦਬੂ ਘੁਲ ਗਈ ਸੀ। ਮੰਜ਼ਰ ਇੰਨਾ ਖੌਫਨਾਕ ਸੀ, ਜਿਸਨੂੰ ਦੇਖਣ ਵਾਲਿਆਂ ਦੇ ਰੌਂਗਟੇ ਖੜ੍ਹੇ ਹੋ ਗਏ ਸਨ।

ਪੁਲਵਾਮਾ ਹਮਲੇ ਦੀ ਸਾਜ਼ਿਸ਼ ਪਾਕਿਸਤਾਨ 'ਚ ਰਚੀ ਗਈ ਸੀ। ਐੱਨ.ਆਈ.ਏ. ਨੇ ਇਸ ਪੂਰੇ ਮਾਮਲੇ ਦੀ ਜਾਂਚ ਕੀਤੀ ਅਤੇ ਇਸ ਵਿਚ ਦੱਸਿਆ ਗਿਆ ਕਿ ਕਿਵੇਂ ਆਈ.ਐੱਸ.ਆਈ. ਅਤੇ ਪਾਕਿਸਤਾਨ ਸਰਕਾਰ ਦੀਆਂ ਏਜੰਸੀਆਂ ਨੇ ਮਿਲ ਕੇ ਹਮਲਾ ਦਾ ਪੂਰਾ ਪਲਾਨ ਬਣਾਇਆ ਸੀ। ਇਸਦਾ ਮੁੱਖ ਦੋਸ਼ੀ ਮਸੂਦ ਅਜ਼ਹਰ ਅਤੇ ਉਸਦੇ ਭਰਾਵਾਂ, ਅਬਦੁੱਲ ਰਾਊਫ ਅਸਗਰ, ਮੌਲਾਨਾ ਅੰਮਾਰ ਅਲਵੀ ਨੂੰ ਮੰਨਿਆ ਗਿਆ। ਇਸਤੋਂ ਇਲਾਵਾ ਮੁਹੰਮਦ ਇਸਮਾਈ, ਮੁਹੰਮਦ ਅੱਬਾਸ, ਬਿਲਾਲ ਅਹਿਮਦ, ਸ਼ਾਕਰ ਬਸ਼ੀਰ ਦੇ ਨਾਂ ਵੀ ਸ਼ਾਮਲ ਹਨ।

ਚਾਰਜਸ਼ੀਟ 'ਚ ਦੱਸਿਆ ਗਿਆ ਕਿ ਕਿਵੇਂ ਪਾਕਿਸਤਾਨ ਤੋਂ ਕਸ਼ਮੀਰ ਘਾਟੀ 'ਚ ਵਿਸਫੋਟਕ ਭੇਜਿਆ ਗਿਆ ਅਤੇ ਉਥੇ ਹੀ ਅਮੋਨੀਅਮ ਨਾਈਟ ?ਰੇਟ ਅਤੇ ਨਾਈਟਰੋ ਗਲੀਸਰੀਨ ਦੇ ਨਾਲ ਉਸਨੂੰ ਹੋਰ ਖਤਰਨਾਕ ਬਣਾਇਆ ਗਿਆ। ਹਮਲੇ 'ਚ ਕਸ਼ਮੀਰ ਘਾਟੀ ਦੇ ਆਦਿਲ ਅਹਿਮਦ ਡਾਰ ਤੋਂ ਇਲਾਵਾ ਸਜ਼ਾਦ ਭੱਟ, ਮੁਦਸਿਰ ਅਹਿਮਦ ਖਾਨ ਦਾ ਵੀ ਨਾਂ ਸਾਹਮਣੇ ਆਇਆ ਸੀ ਜਿਸਨੂੰ ਬਾਅਦ 'ਚ ਫੌਜ ਨੇ ਚੁਣ-ਚੁਣ ਕੇ ਮਾਰਿਆ। ਇਹ ਚਾਰਜਸ਼ੀਟ 13 ਹਜ਼ਾਰ ਤੋਂ ਜ਼ਿਆਦਾ ਪੰਨਿਆਂ ਦੀ ਸੀ। ਇਸ ਵਿਚ ਕੁਲ 19 ਅੱਤਵਾਦੀਆਂ ਦੇ ਨਾਂ ਸਨ, ਜਿਨ੍ਹਾਂ 'ਚੋਂ 6 ਨੂੰ ਫੌਜ ਵੱਖ-ਵੱਖ ਆਪਰੇਸ਼ਨਾਂ 'ਚ ਮਾਰ ਚੁੱਕੀ ਹੈ।

ਜਾਂਚ 'ਚ ਸਾਹਮਣੇ ਆਇਆ ਕਿ ਹਮਲੇ 'ਚ ਅਮੋਨੀਅਮ ਨਾਈਟ੍ਰੇਟ, ਨਾਈਟ੍ਰੋਗਲੀਸਰੀਨ ਅਤੇ ਆਰ.ਡੀ.ਐਕਸ ਦਾ ਇਸਤੇਮਾਲ ਹੋਇਆ ਸੀ, ਇਹ ਆਰ.ਡੀ.ਐਕਸ ਬੇਹੱਦ ਛੋਟੀ-ਛੋਟੀ ਮਾਤਰਾ 'ਚ ਪਲਾਨਿੰਗ ਤਹਿਤ ਇਕੱਠਾ ਕੀਤਾ ਗਿਆ ਸੀ। ਇਸ ਵਿਚ ਇਸਤੇਮਾਲ ਕੀਤੀਆਂ ਗਈਆਂ ਜਿਲੇਟਿਨ ਦੀਆਂ ਛੜਾਂ ਪਹਾੜਾਂ ਅਤੇ ਚਟਾਨਾਂ ਨੂੰ ਤੋੜਨ ਲਈ ਇਕੱਠੀਆਂ ਕੀਤੀਆਂ ਗਈਆਂ ਸਨ, ਉਥੋਂ ਇਨ੍ਹਾਂ ਨੂੰ ਚੋਰੀ ਕੀਤਾ ਗਿਆ ਸੀ। ਅਮੋਨੀਅਮ ਪਾਊਡਰ ਸਥਾਨਕ ਬਾਜ਼ਾਰ ਤੋਂ ਖਰੀਦਿਆ ਗਿਆ ਸੀ। ਐੱਚ.ਡੀ. ਦੀ ਇਕ ਰਿਪੋਰਟ ਮੁਤਾਬਕ, ਹਮਲੇ ਲਈ 500 ਤੋਂ ਜ਼ਿਆਦਾ ਜਿਲੇਟਿਨ ਦੀਆਂ ਛੜਾਂ ਪੱਥਰ ਦੀਆਂ ਖਦਾਨਾਂ 'ਚੋਂ ਚੋਰੀ ਕੀਤੀਆਂ ਗਈਆਂ ਸਨ।

12 ਦਿਨਾਂ ਬਾਅਦ 26 ਫਰਵਰੀ ਨੂੰ ਰਾਤ ਦੇ 3 ਵਜੇ ਭਾਰਤ ਨੇ ਦੇਸ਼ ਵਾਸੀਆਂ ਨੂੰ ਕੀਤਾ ਵਾਅਦਾ ਪੂਰਾ ਕੀਤਾ ਅਤੇ 12 ਮਿਰਾਜ 200 ਫਾਈਟਰ ਜੈੱਟਸ ਐੱਲ.ਓ.ਸੀ. ਨੂੰ ਪਾਰ ਕਰਕੇ ਪਾਕਿਸਤਾਨ 'ਚ ਦਾਖਲ ਹੋਏ। ਭਾਰਤੀ ਹਵਾਈ ਫੌਜ ਦੇ ਜਵਾਨ ਫਾਈਟਰ ਮਿਰਾਜ ਲੈਕੇ ਬਾਲਾਕੋਟ ਤਕ ਗਏ ਅਤੇ ਖੁਫੀਆ ਇਨਪੁਟ ਦੇ ਆਧਾਰ 'ਤੇ ਜੈਸ਼-ਏ-ਮੁਹੰਮਦ ਦੇ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਇਸ ਹਮਲੇ 'ਚ ਕਰੀਬ 300 ਅੱਤਵਾਦੀ ਮਾਰੇ ਗਏ ਸਨ।

# ਪਿਛਲੇ 40 ਸਾਲ ਤੋਂ ਲਗਾਤਾਰ ਸਮਾਜ ਸੇਵਾ ਨੂੰ ਸਮਰਪਿਤ ਹੈ ਸ਼੍ਰੀ ਸੁਰਿੰਦਰ ਅਗਰਵਾਲ ਤੇ ਸ਼੍ਰੀਮਤੀ ਸ਼ਕੁੰਤਲਾ ਅਗਰਵਾਲ ਬਹੁਤ ਹੀ ਮਿੱਠ ਬੋਲੜੇ, ਮਿਲਾਪੜੇ ਸੁਭਾਅ ਦੇ ਮਾਲਿਕ ਹਨ

## ਸਮਾਜ ਦੇ ਹਰ ਵਰਗ ਦੇ ਜਰੂਰਤ ਮੰਦ ਲੋਕਾਂ ਦੀ ਸੇਵਾ ਦੀ ਗੁੜ੍ਹਤੀ ਮਾਤਾ ਪਿਤਾ ਤੋਂ ਵਿਰਾਸਤ ਵਿੱਚ ਮਿਲੀ : ਸੁਰਿੰਦਰ ਅਗਰਵਾਲ

ਸੁਰਿੰਦਰ ਅਗਰਵਾਲ ਜਿਸ ਦਾ ਪ੍ਰਤੱਖ ਉਨ੍ਹਾਂ ਦੇ ਪਰਿਵਾਰ ਰੂਪੀ ਫੁਲਵਾੜੀ ਹੈ ਜਿਸ ਵਿੱਚ ਆਸਤਿਕ ਜੀਵਨ ਸਾਥਣ ਪੋਸਟ ਗਰੈਜੂਏਟ ਬੇਟਾ ਤੇ ਬਹੂ ਆਈ ਏ ਐਸ ਅਧਿਕਾਰੀ, ਬੇਟੀ ਪੀ ਐੱਚ ਡੀ ਵਾਈਸ ਪ੍ਰਿੰਸੀਪਲ ਦਾਮਾਦ ਐਡਵੋਕੇਟ।

- ਅਖਿਲ ਭਾਰਤੀਯ ਅਗਰਵਾਲ ਸੰਮੇਲਨ ਰਜਿ. ਦੇ ਵੱਖ ਵੱਖ ਅਹੁਦਿਆਂ ਤੇ ਕੰਮ ਕਰਦਿਆਂ ਲਗਾਤਾਰ ਸਮਾਜ ਦੀ ਸੇਵਾ ਨੂੰ ਸਮਰਪਿਤ ਹਨ
- ਅਖਿਲ ਭਾਰਤੀਯ ਅਗਰਵਾਲ ਸੰਮੇਲਨ ਰਜਿ ਵਲੋਂ ਸਮੇ ਸਮੇਂ ਤੇ ਜਨ ਹਿੱਤ ਦੇ ਕੰਮ ਜਿਨ੍ਹਾਂ ਵਿੱਚ ਮੈਡੀਕਲ ਕੈਂਪ ਲਗਾਉਣੇ,ਪੜ੍ਹਾਈ ਨੂੰ ਪ੍ਰਮੋਟ ਕਰਨਾ, ਖੇਡਾਂ ਨੂੰ ਪ੍ਰਫੁੱਲਿਤ ਕਰਨਾ, ਕਿਸੇ ਤਰਾਂ ਦੀ ਕੋਈ ਕੁਦਰਤੀ ਆਫਤ ਦੇ ਪੀੜਤ ਲੋਕਾਂ ਦੀ ਸਹਾਇਤਾ ਕਰਨਾ ਆਦਿ ਸ਼ਾਮਿਲ ਹਨ।
- ਅਗਰੋਹਾ (ਹਿਸਾਰ) ਹਰਿਆਣਾ ਵਿਖੇ ਮੰਦਿਰ ਬਣ ਰਿਹਾ ਹੈ ਜਿਹੜਾ ਅਯੁੱਧਿਆ ਰਾਮ ਮੰਦਿਰ ਦੇ ਵਾਂਗ ਹੀ ਹੈ ਤੇ ਉਸਨੂੰ ਬਣਾਉਣ ਵਾਲਾ ਆਰਕੀਟੈਕਟ ਇਕ ਹੀ ਹੈ।










- ਇਸ ਮੰਦਿਰ ਵਿੱਚ 56 ਅਲੱਗ ਅਲੱਗ ਵਿਭੂਤੀਆਂ ਸਥਾਪਿਤ ਹਨ। ਇਥੇ ਬਣੇ ਸਰੋਵਰ ਵਿੱਚ 108 ਨਦੀਆਂ ਦਾ ਪਵਿੱਤਰ ਜਲ ਮਿਲਾ ਕੇ ਸਥਾਪਿਤ ਕੀਤਾ ਹੈ ਜੋਂ ਲੋਕਾਂ ਲਈ ਆਸਥਾ ਦਾ ਕੇਂਦਰ ਹੈ ਜਿੱਥੇ ਸੰਗਤਾਂ ਦੀਆਂ ਹਰ ਸ਼ੁਭ ਭਾਵਨਾਵਾਂ ਪੂਰੀਆਂ ਹੁੰਦੀਆ ਹਨਤੇ 15 ਏਕੜ ਵਿੱਚ ਵੱਡੀ ਗਊਸ਼ਾਲਾ ਹੈ ਤੇ ਭਗੀਰਥ ਗੰਗਾ ਦੀ ਇਕ ਵੱਡੀ ਪ੍ਰਤਿਮਾ ਬਣੀ ਹੋਈ 100 ਕਮਰਿਆਂ ਦੀ ਧਰਮਸ਼ਾਲਾ ਹੈ 216 ਕਿਲੋਗ੍ਰਾਮ ਚਾਂਦੀ ਦੀ ਮੂਰਤੀ ਬਣੀ ਹੋਈ ਹੈ ।
- ਸੁਰਿੰਦਰ ਅਗਰਵਾਲ ਹੋਰਾਂ ਵਲੋਂ ਆਪਣੇ ਕੋਲੋ ਕੋਵਿਡ ਦੌਰਾਨ ਲੋਕਾਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਗਈ।

# ਅਗਨੀਮਿੱਤਰਾ ਪਾਲ ਪਾਰਟੀ ਦੇ ਨੇਤਾਵਾਂ ਨਾਲ ਪੱਛਮੀ ਬੰਗਾਲ ਸਰਕਾਰ ਦੇ ਖਿਲਾਫ ਕੀਤਾ ਪ੍ਰਦਰਸ਼ਨ




ਕੋਲਕਾਤਾ : ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਿਧਾਇਕ ਅਗਨੀਮਿੱਤਰਾ ਪਾਲ ਨੇ ਪਾਰਟੀ ਨੇਤਾਵਾਂ ਨਾਲ ਪੱਛਮੀ ਬੰਗਾਲ ਸਰਕਾਰ ਦੇ ਖਿਲਾਫ ਪ੍ਰਦਰਸ਼ਨ ਕੀਤਾ ਕਿਉਂਕਿ ਦੀਘਾ ’ਚ ਇਕ ਮਹਿਲਾ ਸੈਲਾਨੀ ਦੇ ਕਥਿਤ ਤੌਰ ’ਤੇ ਜਿਨਸੀ ਸ਼ੋਸ਼ਣ ਅਤੇ ਉਸ ਦੇ ਮਰਦ ਦੋਸਤ ਨੂੰ ਦਰੱਖਤ ਨਾਲ ਬੰਨ੍ਹ ਕੇ ਕੁੱਟਿਆ ਗਿਆ ਸੀ।

# ਆਲ ਇੰਡੀਆ ਕਿਸਾਨ ਮਹਾਸਭਾ ਦੇ ਮੈਂਬਰ ਮਜ਼ਦੂਰ ਵਿਰੋਧੀ ਕਿਸਾਨ ਨੀਤੀਆਂ ਖ਼ਿਲਾਫ਼ ਕੀਤਾ ਰੋਸ ਪ੍ਰਦਰਸ਼ਨ




ਪਟਨਾ : ਅਖਿਲ ਭਾਰਤੀ ਕਿਸਾਨ ਮਹਾਸਭਾ ਦੇ ਮੈਂਬਰਾਂ ਨੇ ਪਟਨਾ ਵਿੱਚ ਮਜ਼ਦੂਰ ਵਿਰੋਧੀ ਕਿਸਾਨ ਨੀਤੀਆਂ ਖ਼ਿਲਾਫ਼ ਪ੍ਰਦਰਸ਼ਨ ਕੀਤਾ।

# ਵੀ ਮੁਰਲੀਧਰਨ ਨੇ ਐਮਐਫਐਸਵੀਏ ਦੇ ਕਮੇਟੀ ਮੈਂਬਰਾਂ ਨਾਲ ਮੁਲਾਕਾਤ ਕੀਤੀ



ਕੁਆਲਾਲੰਪੁਰ : ਕੇਂਦਰੀ ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਨੇ ਕੁਆਲਾਲੰਪੁਰ ਵਿੱਚ ਮਲੇਸ਼ੀਅਨ ਆਰਮਡ ਫੋਰਸਿਜ਼ ਸਿੱਖ ਵੈਟਰਨਜ਼ ਐਸੋਸੀਏਸ਼ਨ (MAFSVA) ਦੇ ਕਮੇਟੀ ਮੈਂਬਰਾਂ ਨਾਲ ਮੁਲਾਕਾਤ ਕੀਤੀ।

# ਟੀਐਮਸੀ ਮਹਿਲਾ ਵਿੰਗ ਨੇ ਮੁੱਖ ਮੰਤਰੀ ਦਾ ਧੰਨਵਾਦ ਕਰਨ ਲਈ ਕੀਤੀ ਰੈਲੀ

ਕੋਲਕਾਤਾ: ਤ੍ਰਿਣਮੂਲ ਕਾਂਗਰਸ (ਟੀਐਮਸੀ) ਦੇ ਮਹਿਲਾ ਵਿੰਗ ਨੇ ਸ਼ਨੀਵਾਰ ਨੂੰ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਧੰਨਵਾਦ ਕਰਨ ਲਈ ਗੋਲਪਾਰਕ ਤੋਂ ਹਾਜਰਾ ਤੱਕ ਇੱਕ ਵਿਸ਼ਾਲ ਰੈਲੀ ਕੱਢੀ ਜਿਸ ਵਿੱਚ ਲਕਸ਼ਮੀਰ ਭੰਡਾਰ ਯੋਜਨਾ ਦੇ ਤਹਿਤ ਵਿੱਤੀ ਸਹਾਇਤਾ ਵਿੱਚ ਵਾਧਾ ਕਰਕੇ ਬੰਗਾਲ ਦੀਆਂ ਔਰਤਾਂ ਦਾ ਸਨਮਾਨ ਕਰਨ ਲਈ ਧੰਨਵਾਦ ਕੀਤਾ ਗਿਆ।

ਚੰਦਰੀਮਾ ਭੱਟਾਚਾਰੀਆ ਦੀ ਅਗਵਾਈ ਵਿੱਚ ਹੋਈ ਵਿਸ਼ਾਲ ਰੈਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਔਰਤਾਂ ਨੇ ਭਾਗ ਲਿਆ। ਟੀਐਮਸੀ ਦੇ ਮਹਿਲਾ ਵਿੰਗ ਮੈਂਬਰਾਂ ਨੇ ਵੀ ਬੰਗਾਲ ਦੇ 33 ਸੰਗਠਨਾਤਮਕ ਜ਼ਿਲ੍ਹਿਆਂ ਵਿੱਚ ਪ੍ਰੋਗਰਾਮ ਆਯੋਜਿਤ ਕੀਤੇ।

“ਮਮਤਾ ਬੈਨਰਜੀ ਦੀ ਅਗਵਾਈ ਵਾਲੀ ਰਾਜ ਸਰਕਾਰ ਦੁਆਰਾ ਲਕਸ਼ਮੀਰ ਭੰਡਾਰ ਯੋਜਨਾ ਤਹਿਤ ਔਰਤਾਂ ਨੂੰ ਵਿੱਤੀ ਸਹਾਇਤਾ ਵਧਾਉਣ ਤੋਂ ਬਾਅਦ ਬੰਗਾਲ ਦੀਆਂ ਸਾਰੀਆਂ ਔਰਤਾਂ ਉਤਸ਼ਾਹਿਤ ਹਨ। ਸਾਰੇ ਜਥੇਬੰਦਕ ਜ਼ਿਲ੍ਹਿਆਂ ਵਿੱਚ ਇੱਕ ਵੱਡੀ ਭੀੜ ਦੇਖੀ ਗਈ ਹੈ ਜਿੱਥੇ ਔਰਤਾਂ ਨੇ ਮੁੱਖ ਮੰਤਰੀ ਦਾ ਦਿਲੋਂ ਧੰਨਵਾਦ ਕਰਨ ਲਈ



ਪਹੁੰਚਿਆ, ਭੱਟਾਚਾਰੀਆ ਨੇ ਕਿਹਾ।

ਚੰਦਰੀਮਾ ਭੱਟਾਚਾਰੀਆ, ਜੋ ਕਿ ਰਾਜ ਦੀ ਵਿੱਤ ਮੰਤਰੀ ਵੀ ਹੈ, ਨੇ ਵੀਰਵਾਰ ਨੂੰ ਵਿਧਾਨ ਸਭਾ ਵਿੱਚ ਰਾਜ ਦਾ ਬਜਟ 2024-25 ਪੇਸ਼ ਕੀਤਾ, ਜਿਸ ਦੌਰਾਨ ਇਹ ਐਲਾਨ ਕੀਤਾ ਗਿਆ ਸੀ ਕਿ ਲਕਸ਼ਮੀਰ ਭੰਡਾਰ ਦੇ ਤਹਿਤ ਔਰਤਾਂ ਨੂੰ ਵਿੱਤੀ ਸਹਾਇਤਾ ਵਿੱਚ ਵਾਧਾ ਕੀਤਾ ਜਾਵੇਗਾ।

ਲਕਸ਼ਮੀਰ ਭੰਡਾਰ ਸਕੀਮ ਤਹਿਤ 2.11 ਕਰੋੜ ਔਰਤਾਂ ਲਈ ਵਿੱਤੀ ਸਹਾਇਤਾ ਵਿੱਚ ਵਾਧੇ ਦਾ ਐਲਾਨ ਕੀਤਾ ਗਿਆ ਹੈ, ਜਿਸ ਵਿੱਚ ਜਨਰਲ ਵਰਗ ਨੂੰ 500 ਰੁਪਏ ਤੋਂ ਵਧਾ ਕੇ 1,000 ਰੁਪਏ ਪ੍ਰਤੀ ਮਹੀਨਾ ਮਿਲ ਰਿਹਾ ਹੈ, ਜਦੋਂ ਕਿ ਅਨੁਸੂਚਿਤ ਜਾਤੀ/ਜਨਜਾਤੀ ਸਮੁਦਾਇਆਂ ਨੂੰ ਹੁਣ ਪਹਿਲਾਂ ਦੀ ਬਜਾਏ 1,200 ਰੁਪਏ ਪ੍ਰਤੀ ਮਹੀਨਾ ਦੀ ਸਹਾਇਤਾ ਮਿਲੇਗੀ। ਵਧੀ ਹੋਈ ਵਿੱਤੀ ਸਹਾਇਤਾ ਇਸ ਸਾਲ ਅਪ੍ਰੈਲ ਤੋਂ ਡਾਇਰੈਕਟ ਬੈਨੀਫਿਟ ਟਰਾਂਸਫਰ ਰਾਹੀਂ ਦਿੱਤੀ ਜਾਵੇਗੀ। ਲਾਭਪਾਤਰੀਆਂ ਨੂੰ ਮਈ ਤੋਂ ਵਧੀ ਹੋਈ ਰਕਮ ਪ੍ਰਾਪਤ ਹੋਵੇਗੀ।

# ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਪਰਥ ਵਿੱਚ ਸੈਲਾਨੀ ਐਵੇਨਿਊ ਦਾ ਦੌਰਾ ਕੀਤਾ

## ਸਾਬਕਾ ਸੈਨਿਕਾਂ, ਭਾਰਤੀ ਭਾਈਚਾਰੇ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ






ਪਰਥ (ਆਸਟਰੇਲੀਆ) : ਵਿਦੇਸ਼ ਮੰਤਰੀ, ਐਸ. ਜੈਸ਼ੰਕਰ, ਜੋ ਕਿ ਆਸਟ੍ਰੇਲੀਆ ਦੇ ਪਰਥ ਦੇ ਦੋ ਦਿਨਾਂ ਦੌਰੇ ’ਤੇ ਹਨ, ਨੇ ਉੱਥੇ ਸੈਲਾਨੀ ਐਵੇਨਿਊ ਦਾ ਦੌਰਾ ਕੀਤਾ ਅਤੇ ਭਾਰਤੀ ਭਾਈਚਾਰੇ ਦੇ ਨੇਤਾਵਾਂ ਅਤੇ ਸਾਬਕਾ ਸੈਨਿਕਾਂ ਨਾਲ ਮੁਲਾਕਾਤ ਕੀਤੀ। ਸੈਲਾਨੀ ਐਵੇਨਿਊ ਦਾ ਨਾਂ ਖਾਸ ਤੌਰ ’ਤੇ ਆਸਟ੍ਰੇਲੀਆ ਵਿਚ ਸਨਮਾਨਿਤ ਭਾਰਤੀ ਮੂਲ ਦੇ ਸਿਪਾਹੀ ਨੈਨ ਸਿੰਘ ਸੈਲਾਨੀ ਦੇ ਨਾਂ ’ਤੇ ਰੱਖਿਆ ਗਿਆ ਹੈ। ‘ਪਰਥ ਵਿੱਚ ਸੈਲਾਨੀ ਐਵੇਨਿਊ ਦਾ ਦੌਰਾ ਕੀਤਾ। ਆਸਟਰੇਲੀਆ ਵਿੱਚ ਸਨਮਾਨਿਤ ਭਾਰਤੀ ਮੂਲ ਦੇ ਸਿਪਾਹੀ ਨੈਨ ਸਿੰਘ ਸੈਲਾਨੀ ਦੇ ਨਾਮ ਉੱਤੇ ਰੱਖਿਆ ਗਿਆ। ਉੱਥੇ ਸਾਡੇ ਕੁਝ ਸਾਬਕਾ ਸੈਨਿਕਾਂ ਅਤੇ ਭਾਰਤੀ ਭਾਈਚਾਰੇ ਦੇ ਨੇਤਾਵਾਂ ਨੂੰ ਮਿਲ ਕੇ ਖੁਸ਼ੀ ਹੋਈ। ਪ੍ਰਾਈਵੇਟ ਨੈਨ ਸਿੰਘ ਸੈਲਾਨੀ ਭਾਰਤੀ ਭਾਈਚਾਰੇ ਦੇ 12 ਜਾਣੇ-ਪਛਾਣੇ ਅੰਜ਼ੈਕਾਂ ਵਿੱਚੋਂ ਇੱਕ ਸੀ ਜੋ 1916 ਵਿੱਚ ਆਸਟ੍ਰੇਲੀਅਨ ਇੰਪੀਰੀਅਲ ਫੋਰਸਿਜ਼ ਵਿੱਚ ਭਰਤੀ ਹੋਏ ਸਨ, ਅਤੇ ਬੈਲਜੀਅਨ ਮੁਹਿੰਮ ਵਿੱਚ ਮਾਰੇ ਗਏ ਦੋ ਵਿਅਕਤੀਆਂ ਵਿੱਚੋਂ ਇੱਕ ਸੀ। ਆਸਟਰੇਲੀਅਨ ਅਤੇ ਨਿਊਜ਼ੀਲੈਂਡ ਆਰਮੀ ਕੋਰ ਅਸਲ ਵਿੱਚ ਮੈਡੀਟੇਰੀਅਨ ਐਕਸਪੀਡੀਸ਼ਨਰੀ ਫੋਰਸ ਦੀ ਇੱਕ ਪਹਿਲੀ ਵਿਸ਼ਵ ਯੁੱਧ ਸੈਨਾ ਕੋਰ ਸੀ।

# ਕਿਸਾਨਾਂ ਨੇ ਮਹਾਰਾਸ਼ਟਰ ਸਰਕਾਰ ਖਿਲਾਫ ਕੀਤਾ ਪ੍ਰਦਰਸ਼ਨ





ਨਾਗਪੁਰ : ਮਹਾਰਾਸ਼ਟਰ ਦੇ ਸਰਦ ਰੁੱਤ ਸੈਸ਼ਨ ਦੌਰਾਨ ਕਿਸਾਨ ਆਗੂ ਰਵੀਕਾਂਤ ਤੁਪਕਰ ਨੇ ਕਿਸਾਨਾਂ ਨੂੰ ਦਰਪੇਸ਼ ਮੁੱਦਿਆਂ ਅਤੇ ਕਪਾਹ ਲਈ ਵੱਧ ਘੱਟੋ-ਘੱਟ ਸਮਰਥਨ ਮੁੱਲ, ਸੋਇਆਬੀਨ ਦੇ ਬਿਹਤਰ ਭਾਅ ਦੀ ਮੰਗ ਨੂੰ ਲੈ ਕੇ ਮਹਾਰਾਸ਼ਟਰ ਸਰਕਾਰ ਵਿਰੁੱਧ ਰੋਸ ਮਾਰਚ ਵਿਚ ਹਿੱਸਾ ਲਿਆ।

# ਮੁੱਖ ਮੰਤਰੀ ਨਵੀਨ ਪਟਨਾਇਕ ਕਿਸਾਨ ਭਲਾਈ ਸਕੀਮ ਕਾਲੀਆ ਤਹਿਤ ਕਿਸਾਨਾਂ ਨਾਲ ਕੀਤਾ ਮੁਲਾਕਾਤ





ਭੁਵਨੇਸ਼ਵਰ : ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਮੰਗਲਵਾਰ ਨੂੰ ਭੁਵਨੇਸ਼ਵਰ ਵਿੱਚ ਆਪਣੀ ਰਿਹਾਇਸ਼ ਨਵੀਨ ਨਿਵਾਸ ਵਿਖੇ ਇੱਕ ਗੱਲਬਾਤ ਦੌਰਾਨ ਕਿਸਾਨ ਕਲਿਆਣ ਯੋਜਨਾ ਕਾਲੀਆ (ਆਜੀਵਿਕਾ ਅਤੇ ਆਮਦਨ ਵਧਾਉਣ ਲਈ ਕਰਸ਼ਕ ਸਹਾਇਤਾ) ਦੇ ਤਹਿਤ ਕਿਸਾਨਾਂ ਨਾਲ ਇੱਕ ਸਮੂਹ ਤਸਵੀਰ ਵਿੱਚ।

# ਬਿਹਾਰ ’ਚ ਲਗਾਤਾਰ ਵਧ ਰਿਹੈ ਸਿੱਖੀ ਦਾ ਪ੍ਰਭਾਵ

ਸੁਰਿੰਦਰਪਾਲ ਸਿੰਘ ਵਰਪਾਲ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਅਸਥਾਨ ਹੋਣ ਕਰਕੇ ਬਿਹਾਰ ਸੂਬੇ ਦਾ ਸਿੱਖ ਧਰਮ ’ਚ ਇਕ ਵਿਸ਼ੇਸ਼ ਸਥਾਨ ਹੈ। ਇਤਿਹਾਸ ਅਨੁਸਾਰ ਗੁਰੂ ਸਾਹਿਬ ਨੇ ਆਪਣੇ ਬਚਪਨ ਦਾ ਲਗਭਗ 5 ਸਾਲ ਤੋਂ ਵਧੇਰੇ ਦਾ ਸਮਾਂ ਪਟਨਾ ਸਾਹਿਬ ਵਿਖੇ ਬਿਤਾਇਆ। ਬਿਹਾਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਇਲਾਵਾ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਵੀ ਚਰਨ ਛੋਹ ਪ੍ਰਾਪਤ ਹੈ। ਬਿਹਾਰ ’ਚ ਪਿਛਲੇ ਕਈ ਦਹਾਕਿਆ ਤੋਂ ਸਿੱਖ ਧਰਮ ਦਾ ਸ਼ਾਨਦਾਰ ਪ੍ਰਚਾਰ ਹੋਣ ਕਰਕੇ ਇਹ ਸ਼ਰਧਾਲੂਆਂ ਲਈ ਆਸਥਾ ਦੇ ਇਕ ਮਹੱਤਵਪੂਰਨ ਕੇਂਦਰ ਵਜੋਂ ਉੱਭਰਿਆ ਹੈ। ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਨੂੰ ਸਿੱਖ ਧਰਮ ਦਾ ਦੂਜਾ ਸਭ ਤੋਂ ਪਵਿੱਤਰ ਤਖ਼ਤ ਮੰਨਿਆ ਜਾਂਦਾ ਹੈ। ਬਹਾਦਰੀ ਅਤੇ ਨਿਰਭੈਤਾ ਦਾ ਪ੍ਰਤੀਕ, ਇਹ ਤੀਰਥ ਅਸਥਾਨ ਪਟਨਾ ਸ਼ਹਿਰ ਦੀ ਸ਼ਾਨਦਾਰ ਵਿਰਾਸਤ ’ਚ ਇਕ ਮਾਣ ਵਾਲੀ ਥਾਂ ਰੱਖਦਾ ਹੈ।

**ਪ੍ਰਕਾਸ਼ ਪੁੰਜ:** ਸਾਲ 2016 ’ਚ ਮੁੱਖ ਮੰਤਰੀ ਨਿਤਿਸ਼ ਕੁਮਾਰ ਵਲੋਂ ਬਿਹਾਰ ’ਚ ਵਿਸ਼ਵ ਪੱਧਰ ’ਤੇ ਮਨਾਏ ਗਏ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਮੌਕੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਲਗਭਗ 100 ਕਰੋੜ ਰੁਪਏ ਦੀ ਲਾਗਤ ਨਾਲ ‘ਪ੍ਰਕਾਸ਼ ਪੁੰਜ’ ਬਣਾਉਣ ਦਾ ਐਲਾਨ ਕੀਤਾ ਗਿਆ ਸੀ, ਜਿਸ ਨੂੰ ਅਮਲੀ ਰੂਪ ’ਚ ਸਾਕਾਰ ਕਰਦੇ ਹੋਏ ਪਟਨਾ ਸਾਹਿਬ ’ਚ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਅਤਿ-ਆਧੁਨਿਕ ਸਹੂਲਤਾਂ ਵਾਲਾ ਨਿਰੋਲ ਸਿੱਖ ਇਤਿਹਾਸ ਨਾਲ ਸੰਬੰਧਿਤ ਇਕ ਪ੍ਰਭਾਵਸ਼ਾਲੀ ਅਤੇ ਸ਼ਾਨਦਾਰ ਨਵਾਂ ਪਾਰਕ ‘ਪ੍ਰਕਾਸ਼ ਪੁੰਜ’ ਬਣਾਇਆ ਗਿਆ ਹੈ। 10 ਏਕੜ ਵਾਲੇ ਇਸ ਪਾਰਕ ’ਚ ਚਾਰ ਗੇਟ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਦੇ ਨਾਂਅ ’ਤੇ ਉਸਾਰੇ ਗਏ ਹਨ। ਇਨ੍ਹਾਂ ਚਾਰ ਦਰਵਾਜ਼ਿਆਂ ਦੇ ਨੇੜੇ ਸ੍ਰੀ ਹੇਮਕੁੰਟ ਸਾਹਿਬ, ਸ੍ਰੀ ਪਾਉਂਟਾ ਸਾਹਿਬ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀਆਂ ਕਲਾਕ੍ਰਿਤੀਆਂ ਰਾਹੀਂ ਕੰਧਾਂ ’ਤੇ ਤਸਵੀਰ ਉਕਰੀ ਗਈ ਹੈ। ਪਾਰਕ ਦੇ ਦੋਵੇਂ ਪਾਸੇ ਇਕ ਆਡੀਟੋਰੀਅਮ ਅਤੇ ਦੋ ਪ੍ਰਦਰਸ਼ਨੀ ਹਾਲ ਵੀ ਹਨ, ਜਦਕਿ ਪਾਰਕ ਦਾ ਇਕ ਹਿੱਸਾ ਧਾਰਮਿਕ ਸਮਾਗਮ ਕਰਵਾਉਣ ਲਈ ਰਾਖਵਾਂ ਰੱਖਿਆ ਗਿਆ ਹੈ। ਛੱਤ ’ਤੇ ਬਣਾਈ ਗਈ ਵੱਡ ਆਕਾਰੀ ਕਲਮ-ਕ੍ਰਿਪਾਨ ਸੈਲਾਨੀਆ ਲਈ ਖਿੱਚ ਦਾ ਕੇਂਦਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਸਿੱਖਿਆਵਾਂ ਅਤੇ ਕਾਰਜਾਂ ਨੂੰ ਉਜਾਗਰ ਕਰਨ ਲਈ ‘ਪ੍ਰਕਾਸ਼ ਪੁੰਜ’ ਕੰਪਲੈਕਸ ’ਚ ਇਕ ਅਜਾਇਬਘਰ ਵੀ ਬਣਾਇਆ ਗਿਆ ਹੈ। ਇੱਥੇ ਆਡੀਓ-ਵੀਡੀਓ, ਵਿਜ਼ੂਅਲ, ਪੇਂਟਿੰਗ ਆਦਿ ਰਾਹੀਂ ਦਸ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦਾ ਚਿੱਤਰਨ ਸੈਲਾਨੀਆਂ ਅਤੇ ਸ਼ਰਧਾਲੂਆਂ ਲਈ ਕੀਤਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਜੰਗ ਦੌਰਾਨ ਵਰਤੇ ਸ਼ਸਤਰ, ਬਸਤਰ, ਕਲਮਾਂ ਆਦਿ ਮੁਕੱਦਸ ਨਿਸ਼ਾਨੀਆਂ ਨੂੰ ਵੀ ਪ੍ਰਦਰਸ਼ਨੀ ’ਚ ਪ੍ਰਸਤੁਤ ਕੀਤਾ ਗਿਆ ਹੈ, ਤਾਂ ਜੋ ਦੂਰ-ਦੂਰ ਤੋਂ ਆਉਣ ਵਾਲੇ ਸੈਲਾਨੀਆਂ ਅਤੇ ਸ਼ਰਧਾਲੂਆਂ ਦੇ ਨਾਲ-ਨਾਲ ਬਿਹਾਰ ਦੀ ਜਨਤਾ ਨੂੰ ਵੀ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਹਰੇਕ ਤਰ੍ਹਾਂ ਦੀ ਜਾਣਕਾਰੀ ਮਿਲ ਸਕੇ। ਇਹ ‘ਪ੍ਰਕਾਸ਼ ਪੁੰਜ’ ਸਿੱਖ ਧਰਮ ਦੇ ਇਤਿਹਾਸ ਦਾ ਗਿਆਨ ਪ੍ਰਦਾਨ ਕਰਦਾ ਹੈ। ਪ੍ਰਸਿੱਧ ਕਲਾਕਾਰਾਂ ਦੁਆਰਾ ‘ਪ੍ਰਕਾਸ਼ ਪੁੰਜ’ ਵਿਖੇ ਗੁਰੂ ਸਾਹਿਬਾਨ ਅਤੇ ਪ੍ਰਮੁੱਖ ਸਿੱਖਾਂ ਦੇ ਜੀਵਨ ਨੂੰ ਚਿੱਤਰਕਲਾ ਹੋਰ ਕਲਾਕ੍ਰਿਤੀਆਂ ਅਤੇ ਪੁਸਤਕਾਂ ਰਾਹੀਂ ਪ੍ਰਦਰਸ਼ਿਤ ਕੀਤਾ ਗਿਆ ਹੈ। ਇੱਥੇ ਗੁਰੂ ਸਾਹਿਬਾਨ ਦੇ ਜੀਵਨ ਵੇਰਵੇ ਤੋਂ ਇਲਾਵਾ ਸਿੱਖ ਸਿਧਾਂਤ ਅਤੇ ਸਿੱਖ ਫਲਸਫੇ ਨੂੰ ਬੇਹੱਦ ਸੂਖਮ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ’ਚ ਅਤਿ ਆਧੁਨਿਕ ਤਕਨੀਕ ਨਾਲ ਪੇਸ਼ ਕੀਤਾ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਦੇਸ਼ ਨੂੰ ਪ੍ਰਸਿੱਧ ਕਲਾਕਾਰ ਅਰਪਨਾ ਕੌਰ ਨੇ ਆਪਣੀਆਂ ਕਲਾਕ੍ਰਿਤੀਆਂ ਰਾਹੀਂ ਇਕ ਵਿਸ਼ੇਸ਼ ਸ਼ਰਧਾਂਜਲੀ ਦੇ ਰੂਪ ’ਚ ਪ੍ਰਗਟ ਕਰਨ ਦੀ ਕੋਸ਼ਿਸ ਕੀਤੀ ਹੈ। ਪ੍ਰਕਾਸ਼ ਪੁੰਜ ’ਚ ਗੁਰਮੁਖੀ ਲਿਪੀ, ਉਤਮ ਬਲੀਦਾਨ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਦਰਸਾਉਂਦੀ ਛੋਟੀਆਂ ਇੱਟਾਂ ਵਾਲੀ ਕੰਧ, ਕਲਮ-ਕ੍ਰਿਪਾਨ ਆਦਿ ਕਲਾਕ੍ਰਿਤੀਆਂ ਅਤੇ ਜਾਣਕਾਰੀ ਦਿੰਦੇ ਪੈਨਲ ਸ਼ਰਧਾਲੂਆਂ ਤੇ ਸੈਲਾਨੀਆ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣ ਚੁੱਕੇ ਹਨ।

**ਗੁਰਮੁਖੀ ਲਿਪੀ:** ਗ਼ੈਰ-ਪੰਜਾਬੀ ਸੂਬੇ ’ਚ ਪੰਜਾਬੀ ਭਾਸ਼ਾ ਦੀ ਤਰਜ਼ਮਾਨੀ ਕਰਨ ਵਾਲੀ ਕਲਾਕ੍ਰਿਤੀ ਮਨ ਨੂੰ ਸਕੂਨ ਦਿੰਦੀ ਹੈ, ਜਿਸ ਨੂੰ ਪ੍ਰਭਾਸ਼ਿਤ ਕਰਦੇ ਹੋਏ ਲਿਖਿਆ ਗਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੋਕਾਰਾਂ ’ਚ ਸਮਾਜ ਦੀ ਭਲਾਈ ਦੀ ਚਿੰਤਾ ਪ੍ਰਮੁੱਖ ਸੀ। ਉਹ ਮਹਿਸੂਸ ਕਰਦੇ ਸਨ ਕਿ ਲੋਕਾਂ ਤੱਕ ਪ੍ਰਮਾਤਮਾ ਦਾ ਸੰਦੇਸ਼ ਪਹੁੰਚਾਉਣ ਲਈ ਇਕ ਸੰਗਠਿਤ ਤੇ ਸਰਲ ਲਿਪੀ ਦੇ ਨਾਲ-ਨਾਲ ਸਰਲ ਭਾਸ਼ਾ ਦੀ ਵੀ ਲੋੜ ਹੈ। ਗੁਰੂ ਜੀ ਦੇ ਉੱਤਰਾਧਿਕਾਰੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਸ ਸਮੇਂ ਪਹਿਲਾਂ ਤੋਂ ਮੌਜੂਦ ਬੋਲੀਆਂ ਤੇ ਲਿਪੀਆਂ ਦਾ ਡੂੰਘਾ ਅਧਿਐਨ ਕੀਤਾ। ਗੁਰੂ ਜੀ ਨੇ ਪੰਜਾਬੀ ਬੋਲੀ ਤੇ ਗੁਰਮੁੱਖੀ ਲਿਪੀ ਨੂੰ ਹੋਰ ਸਰਲ ਬਣਾਇਆ, ਇਨ੍ਹਾਂ ਦੋਵੇਂ ਰੂਪਾਂ ਨੂੰ ਜੋ ਆਪਣੇ-ਆਪ ’ਚ ਪੂਰਨ ਅਤੇ ਵਿਆਪਕ ਹਨ, ਨੂੰ ਤਿਆਰ ਕੀਤਾ। ਇਹ ਪੰਜਾਬੀ ਅਤੇ ਉਸ ਦੀ ਲਿਪੀ, ਜੋ ਅੱਜ ਪੜ੍ਹੀ ਜਾਂਦੀ ਹੈ, ਦੇ ਰੂਪ ਨੂੰ ਪ੍ਰਦਰਸ਼ਿਤ ਕਰਦੀ ਹੈ।

**ਉੱਤਮ ਬਲੀਦਾਨ:** ਪ੍ਰਕਾਸ਼ ਪੁੰਜ ਵਿਖੇ ਇਕ ਲੋਹੇ ਦਾ ਪਿੰਜਰਾ ਅਤੇ ਉਸ ’ਚ ਪੱਥਰ ਦੀ ਬਣੀ ਇਕ ਖੜਾਂਵ ਪ੍ਰਦਰਸ਼ਿਤ ਕਰਕੇ ਗੁਰੂ ਤੇਗ ਬਹਾਦਰ ਜੀ ਵਲੋਂ ਦਿੱਤੀ ਗਈ ਕੁਰਬਾਨੀ ਨੂੰ ਦਰਸਾਇਆ ਗਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ, ਜੋ ਮਹਾਨ ਕਵੀ ਅਤੇ ਯੋਧਾ ਵੀ ਸਨ, ਨੂੰ ਪੰਜ ਦਿਨਾਂ ਲਈ ਅੰਨ ਪਾਣੀ ਰਹਿਤ ਇਕ ਪਿੰਜਰੇ ’ਚ ਨਜ਼ਰਬੰਦ ਕਰ ਦਿੱਤਾ ਗਿਆ ਸੀ ਅਤੇ ਨਾਲ ਆਏ ਉਨ੍ਹਾਂ ਦੇ ਸੰਗੀ ਸਾਥੀਆਂ ਨੂੰ ਉਨ੍ਹਾਂ ਦੀਆਂ ਨਜ਼ਰਾਂ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ, ਉਪਰੰਤ ਸਿਰ ਧੜ ਨਾਲੋਂ ਵੱਖ ਕਰਕੇ ਗੁਰੂ ਸਾਹਿਬ ਜੀ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ।

**ਛੋਟੇ ਸ਼ਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਦਰਸਾਉਂਦੀ ਕੰਧ:** ਇੱਥੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਦਰਸਾਉਂਦੀ ਛੋਟੀਆਂ ਇੱਟਾਂ ਵਾਲੀ ਇਕ ਕੰਧ ਵੀ ਤਿਆਰ ਕੀਤੀ ਗਈ ਹੈ, ਜਿਸ ਤੋਂ ਅਸੀਂ ਸਹਿਜੇ ਹੀ ਉਨ੍ਹਾਂ ਉਪਰ ਮੁਗ਼ਲ ਹਕੂਮਤ ਵਲੋਂ ਕੀਤੇ ਗਏ ਅੱਤਿਆਚਾਰਾਂ ਦਾ ਅੰਦਾਜ਼ਾ ਲਗਾ ਸਕਦੇ ਹਾਂ।

**ਕਲਮ-ਕ੍ਰਿਪਾਨ ਤੇ ਮਾਲਾ:** ਪ੍ਰਕਾਸ਼ ਪੁੰਜ ਦੀ ਛੱਤ ’ਤੇ ਬਣਾਈ ਗਈ ਵੱਡ ਅਕਾਰੀ ਕ੍ਰਿਪਾਨ ਦੇ ਉਪਰ ਕਲਮ ਬਣਾਈ ਹੈ, ਜਿਸ ਤੋਂ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪੱਖਾਂ ਨੂੰ ਆਸਾਨੀ ਨਾਲ ਸਮਝਾਉਣ ਦਾ ਯਤਨ ਕੀਤਾ ਹੈ ਕਿ ਦਸਮੇਸ਼ ਪਿਤਾ ਇਕ ਉੱਚ ਕੋਟੀ ਦੇ ਕਵੀ ਸਨ। ਉਨ੍ਹਾਂ ਨੂੰ ਮਨੁੱਖਤਾ ਦੇ ਹੱਕਾਂ ਦੀ ਰਾਖੀ, ਬਣਦੇ ਹੱਕ ਦਿਵਾਉਣ, ਨਾਇਨਸਾਫੀ ਅਤੇ ਜ਼ੁਲਮ ਤੋਂ ਬਚਾਉਣ ਲਈ ਬਹੁਤ ਮਜਬੂਰੀ ’ਚ ਤਲਵਾਰ ਚੁੱਕਣੀ ਪਈ। ਇਹ ਕਦਮ ਉਨ੍ਹਾਂ ਨੇ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਪ੍ਰੇਰਿਤ ਹੋ ਕੇ ਚੁੱਕਿਆ ਅਤੇ ਇਹੀ ਸਬਕ ਉਨ੍ਹਾਂ ਆਪਣੇ ਸਾਹਿਬਜ਼ਾਦਿਆਂ ਨੂੰ ਵਿਰਾਸਤ ’ਚ ਪ੍ਰਦਾਨ ਕੀਤਾ। ਇੱਥੇ ਕਲਮ-ਕ੍ਰਿਪਾਨ ਤੋਂ ਇਲਾਵਾ ਮਾਲਾ ਜੋ ਕਿ ਗੁਰੂ ਸਾਹਿਬ ਦੀ ਭਗਤੀ ਦਾ ਚਿੰਨ੍ਹ ਹੈ, ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਹੈ।

**ਪੰਜ ਕਕਾਰ:** ਗੁਰੂ ਗੋਬਿੰਦ ਸਿੰਘ ਜੀ ਵਲੋਂ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਪਾਵਨ ਧਰਤੀ ਵਿਖੇ 1699 ਈ: ਦੀ ਵਿਸਾਖੀ ਮੌਕੇ ਖ਼ਾਲਸਾ ਪੰਥ ਦੀ ਕੀਤੀ ਗਈ ਸਾਜਨਾ ਮੌਕੇ ਅੰਮ੍ਰਿਤਧਾਰੀ ਸਿੰਘਾਂ ਲਈ ਲਾਜ਼ਮੀ ਕੀਤੇ ਗਏ 5 ਕਕਾਰ ਕੰਘਾ, ਕਛਹਿਰਾ, ਕ੍ਰਿਪਾਨ, ਕੜਾ ਅਤੇ ਕੇਸਾਂ ਨੂੰ ਦਰਸਾਉਂਦੀ ਪੱਗ ਪ੍ਰਦਸ਼ਿਤ ਕਰਕੇ ਇਸ ਸਿਧਾਂਤ ਨੂੰ ਦਰਸਾਉਣ ਦਾ ਯਤਨ ਕੀਤਾ ਹੈ।

**350ਵੇਂ ਪ੍ਰਕਾਸ਼ ਪੁਰਬ ਦੀਆਂ ਯਾਦਾਂ ਸੰਭਾਲੀਆ:** ਪ੍ਰਕਾਸ਼ ਪੁੰਜ ’ਚ 350ਵੇਂ ਪ੍ਰਕਾਸ਼ ਪੁਰਬ ਦੀਆਂ ਯਾਦਗਾਰੀ ਤਸਵੀਰਾਂ ਨੂੰ ਬਾਖ਼ੂਬੀ ਸੰਭਾਲਿਆ ਹੋਇਆ ਹੈ। ਅਤਿ ਆਧੁਨਿਕ ਤਕਨੀਕ ਨਾਲ ਸਿੱਖ ਸਿਧਾਂਤਾਂ ਨੂੰ ਦਰਸਾਉਂਦੀਆਂ ਵੱਡ ਅਕਾਰੀ ਤਸਵੀਰਾਂ ਵਿਚ ਯਾਦਾਂ ਦੇ ਅਮੁੱਲ ਖਜ਼ਾਨੇ ਦੀਆਂ ਛੋਟੀਆਂ-ਛੋਟੀਆਂ ਤਸਵੀਰਾਂ ਲਗਾਈਆ ਗਈਆ ਹਨ, ਜੋ ਦੂਰੋਂ ਤਾਂ ਇਕ ਵੱਡੀ ਤਸਵੀਰ ਦਿਖਾਈ ਦਿੰਦੀ ਹੈ, ਪਰ ਨੇੜੇ ਤੋਂ ਦੇਖਣ ਨਾਲ ਸੈਂਕੜੇ ਤਸਵੀਰਾਂ 350ਵੇਂ ਪ੍ਰਕਾਸ਼ ਪੁਰਬ ਦੀਆਂ ਦਿਖਦੀਆ ਹਨ।

ਬਾਲਕ ਗੋਬਿੰਦ ਰਾਏ (ਸ੍ਰੀ ਗੁਰੂ ਗੋਬਿੰਦ ਸਿੰਘ) ਜੀ ਦੀਆਂ ਪਟਨਾ ਸਾਹਿਬ ਨਾਲ ਜੁੜੀਆਂ ਹੋਈਆਂ ਬਚਪਨ ਦੀਆਂ ਯਾਦਾਂ ਨੂੰ ਵੀ ਸੰਖੇਪ ਰੂਪ ’ਚ ਪੇਸ਼ ਕਰਦਿਆਂ ਦਰਸਾਇਆ ਗਿਆ ਹੈ ਕਿ ਆਪਣੀ ਉਮਰ ਤੋਂ ਵੱਧ ਬੁੱਧੀਮਾਨ ਦਿਖਾਈ ਦੇਣ ਵਾਲੇ ਸੁੰਦਰ ਤੇ ਪਿਆਰੇ ਬਾਲਕ ਗੋਬਿੰਦ ਰਾਏ ਨੇ ਪਟਨਾ ’ਚ ਸਥਾਨਕ ਬ੍ਰਿਜ ਭਾਸ਼ਾ ਦੀ ਸਿੱਖਿਆ ਹਾਸਿਲ ਕੀਤੀ, ਜਿਸ ਨੇ ਬਾਅਦ ’ਚ ਉਨ੍ਹਾਂ ਦੀ ਕਾਵਿ ਪ੍ਰਤਿਭਾ ਨੂੰ ਵਿਸ਼ਾਲ ਰੂਪ ਦਿੱਤਾ। ਉਹ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਵਿਦਵਾਨਾਂ, ਕਵੀਆਂ ਅਤੇ ਕਲਾਕਾਰਾਂ ਦੀ ਸੰਗਤ ’ਚ ਵੱਡੇ ਹੋਏ। ਤੀਰਅੰਦਾਜ਼ੀ, ਤਲਵਾਰਬਾਜ਼ੀ ਤੇ ਘੋੜ ਸਵਾਰੀ ਦੀ ਪ੍ਰਾਪਤ ਕੀਤੀ ਸਿਖਲਾਈ ਨੇ ਬਾਲ ਗੋਬਿੰਦ ਰਾਏ ਦੀ ਯੁੱਧ ਕਲਾ ਦੇ ਹੁਨਰ ਨੂੰ ਨਿਖਾਰਿਆ। ਪਟਨਾ ’ਚ ਬਿਤਾਏ ਬਚਪਨ ਨੇ ਉਨ੍ਹਾਂ ਨੂੰ ਉਸ ਸੰਘਰਸ਼ ਲਈ ਤਿਆਰ ਕੀਤਾ, ਜਿਨ੍ਹਾਂ ਦਾ ਉਨ੍ਹਾਂ ਨੂੰ ਭਵਿੱਖ ’ਚ ਸਾਹਮਣਾ ਕਰਨਾ ਪੈਣਾ ਸੀ।

**ਸਿੱਖ ਸਰਕਟ:** ਧਾਰਮਿਕ ਅਸਥਾਨਾਂ ਨੂੰ ਪ੍ਰਫੁੱਲਿਤ ਕਰਨ ਲਈ ਬਿਹਾਰ ਸਰਕਾਰ ਵਲੋਂ ਸਿੱਖ ਸਰਕਟ ਬਣਾਇਆ ਗਿਆ ਹੈ, ਜਿਸ ਤਹਿਤ ਸੈਰ-ਸਪਾਟਾ ਵਿਭਾਗ ਰਾਹੀਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁਰਦੁਆਰਾ ਗੁਰੂ ਕਾ ਬਾਗ, ਗੁਰਦੁਆਰਾ ਹਾਂਡੀ ਸਾਹਿਬ, ਗੁਰਦੁਆਰਾ ਕੰਗਣਘਾਟ, ਗੁਰਦੁਆਰਾ ਬਾਲ ਲੀਲ੍ਹਾ ਮੈਣੀ ਸੰਗਤ ਸਾਹਿਬ, ਗੁਰਦੁਆਰਾ ਗਊਘਾਟ ਅਸਥਾਨਾਂ ਦਾ ਪ੍ਰਚਾਰ ਪ੍ਰਸਾਰ ਕੀਤਾ ਜਾ ਰਿਹਾ ਹੈ। ਇੱਥੇ ਗੁਰਦੁਆਰਾ ਸਾਹਿਬਾਨਾਂ ਲਈ ਨਵੀਆਂ ਇਮਾਰਤਾਂ ਦੀ ਉਸਾਰੀ ਅਤੇ ਉਨ੍ਹਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਜਗ ?ਹਾ ਸਮੇਤ ਹੋਰ ਬੁਨਿਆਦੀ ਲੋੜਾਂ ਦੀ ਪੂਰਤੀ ਸਰਕਾਰ ਵਲੋਂ ਖੁੱਲ੍ਹਦਿਲੀ ਨਾਲ ਕੀਤੀ ਜਾ ਰਹੀ ਹੈ। ਇਸ ਪ੍ਰਕਾਰ ਹੀ ਸੰਘਣੀ ਆਬਾਦੀ ਹੋਣ ਕਰਕੇ ਪਟਨਾ ਸ਼ਹਿਰ ’ਚ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਸੰਗਤ ਨੂੰ ਆਉਣ ਵਾਲੀ ਪ੍ਰੇਸ਼ਾਨੀ ਤੋਂ ਬਚਾਉਣ ਲਈ ਬਿਹਾਰ ਸਰਕਾਰ ਨੇ ਮੈਰੀਨ ਡਰਾਈਵ ਨਾਲ ਜੋੜਣ ਦਾ ਉਪਰਾਲਾ ਕੀਤਾ ਹੈ। ਗੰਗਾ ’ਚ ਬਣਾਏ ਜਾ ਰਹੇ ਓਵਰਬ੍ਰਿਜ ’ਚ 5 ਵੱਖ-ਵੱਖ ਥਾਵਾਂ ’ਤੇ ਗੁਰਦੁਆਰਾ ਸਾਹਿਬਾਨ ਨੂੰ ਜਾਣ ਵਾਲੇ ਰਸਤਿਆਂ ’ਚ ਦਾਖ਼ਲਾ ਪੁਆਇੰਟ ਦਿੱਤੇ ਹਨ, ਤਾਂ ਜੋ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਸੰਗਤ ਆਪਣੇ ਗੁਰਧਾਮਾਂ ਦੇ ਦਰਸ਼ਨ ਕਰ ਸਕੇ।

ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਦੱਸਦੇ ਹਨ ਕਿ ਪ੍ਰਬੰਧਕ ਕਮੇਟੀ ਵਲੋਂ ਬਿਹਾਰ ਸਰਕਾਰ ਤੇ ਵੱਖ-ਵੱਖ ਕਾਰ ਸੇਵਾ ਸੰਪ੍ਰਦਾਵਾਂ ਦੇ ਸਹਿਯੋਗ ਨਾਲ ਕਟਿਆਰ, ਸਾਸਾਰਾਮ, ਗਯਾ, ਮੂੰਗੇਰ ਅਤੇ ਭਾਗਲਪੁਰ ਵਿਖੇ ਗੁਰਦੁਆਰਾ ਸਾਹਿਬਾਨ ਦੀਆਂ ਅਤਿ-ਆਧੁਨਿਕ ਇਮਾਰਤਾਂ, ਸਰਾਵਾਂ ਬਣਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਹਰ ਸਾਲ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਵਿਸ਼ਾਲ ਪੱਧਰ ’ਤੇ ਮਨਾਉਣ ਲਈ ਬਿਹਾਰ ਸਰਕਾਰ ਵਲੋਂ ਨਿੱਜੀ ਦਿਲਚਸਪੀ ਨਾਲ ਜਿੱਥੇ ਵੱਡੇ ਪ੍ਰਬੰਧ ਕੀਤੇ ਜਾਂਦੇ ਹਨ, ਉਥੇ ਹੀ ਬਿਹਾਰ ਦੇ ਪ੍ਰਸ਼ਾਸਨਿਕ ਉੱਚ ਅਹੁਦਿਆਂ ’ਤੇ ਪੰਜਾਬੀਆਂ ਨੂੰ ਜ਼ਿੰਮੇਵਾਰੀ ਦੇ ਕੇ ਮਾਣ ਦਿੱਤਾ ਜਾ ਰਿਹਾ ਹੈ, ਜੋ ਆਪਣੇ-ਆਪ ’ਚ ਬਿਹਾਰ ਦੀ ਪੰਜਾਬ ਅਤੇ ਸਿੱਖ ਧਰਮ ਨਾਲ ਗੂੜ੍ਹੀ ਸਾਂਝ ਦਾ ਸਬੂਤ ਹੈ।







# ਲਓ ਫਿਰ ਬਸੰਤ ਆਈ...

ਦਿਨ-ਰਾਤ ਦਾ, ਚਾਨਣ-ਹਨੇਰੇ ਦਾ, ਗਰਮੀ-ਸਰਦੀ ਦਾ ਕੁਦਰਤ ਵਲੋਂ ਰਚਾਇਆ ਖੇਲ ਵਾਕਿਆ ਹੀ ਵਚਿੱਤਰ ਹੈ। ਵਚਿੱਤਰ ਵੀ ਹੈ ਅਤੇ ਸਹਿਜ ਵੀ। ਬੜੇ ਸਹਿਜੇ ਜਿਹੇ, ਅਡੋਲ ਜਿਹੇ, ਚੁੱਪ-ਚਾਪ ਸੂਰਜ ਉਗਮਦੈ, ਲੋਅ ਲਗਦੀ ਏ, ਚਾਨਣ ਫੈਲਦੈ, ਦਿਨ ਦਾ ਆਗਾਜ਼ ਹੁੰਦੈ। ਰਵਾਂ-ਰਵੀਂ, ਸਹਿਜ-ਭਾਅ ਸੂਰਜ ਆਪਣਾ ਸਫਰ ਮੁਕਾ ਪੱਛਮ ਵਿਚ ਜਾ ਡੁੱਬਦੈ, ਸੰਧਿਆ ਪੈਣ ਲਗਦੀ ਐ, ਹਨੇਰਾ ਪਸਰਣ ਲਗਦੈ, ਰਾਤ ਪੈ ਜਾਂਦੀ ਹੈ। ਆਪਣੇ ਇਸ ਸਫਰ ਵਿਚ ਕੁਦਰਤ ਦੇ ਨਿਯਮਾਂ ਵਿਚ ਬੱਧਾ ਇਹ ਸਾਡਾ ਸੂਰਜ ਕਦੀ ਸਾਡੀ ਧਰਤ ਮਹੱਤ ਦੇ ਨਜ਼ਦੀਕ ਆ ਢੁੱਕਦੈ ਤੇ ਕਦੀ ਪਰ੍ਹਾਂ ਨੂੰ ਪਾਸਾ ਵੱਟ ਲੈਂਦੈ। ਇਸ ਸੂਰਜ-ਧਰਤ ਦੀ ਗਰਦਸ਼ ਦੇ ਫਲ-ਸਰੂਪ ਸਾਡੀ ਧਰਤ ਉੱਪਰ ਦਿਨ-ਰਾਤ ਅਤੇ ਗਰਮੀ-ਸਰਦੀ ਦਾ ਵਚਿੱਤਰ ਵਰਤਾਰਾ ਸਦੀਆਂ ਤੋਂ ਚਲੀ ਆ ਰਿਹੈ। ਇਨ੍ਹਾਂ ਗੇੜਿਆਂ ਸਬੱਬ ਹਫਤੇ, ਮਹੀਨੇ, ਸਾਲ ਗੁਜ਼ਰੀ ਜਾ ਰਹੇ ਹਨ। ਰੁੱਤਾਂ ਬਦਲਦੀਆਂ ਹਨ, ਰੰਗ ਬਦਲਦੇ ਹਨ। ਰੁੱਤਾਂ ਦਾ ਰੰਗੋ-ਮਜਾਜ਼ ਜੀਵਨ



ਨੂੰ ਕਈ ਤਰਾਂ ਨਾਲ ਪ੍ਰਭਾਵਤ ਕਰਦਾ ਅੱਗੇ ਟੁਰੀ ਜਾਂਦੈ। ਕੋਈ ਰੁੱਤ ਸਥੂਲ ਪ੍ਰਭਾਵ ਪਾਉਂਦੀ ਏ, ਕੋਈ ਸੂਖਮ। ਕੋਈ ਰੁੱਤ ਆਉਂਦੀ ਏ ਭਖਦੇ ਅੰਗਿਆਰਾਂ ਦੀ, ਬੁਖਾਰ ਦੀ ਤੇ ਕੋਈ ਰੁੱਤ ਆਉਂਦੀ ਏ ਤੁਖਾਰ ਦੀ, ਠੰਢ-ਠਾਰ ਦੀ। ਕੋਈ ਰੁੱਤ ਆਉਂਦੀ ਏ ਭਿੱਜਣ-ਸਿਜਣ 'ਤੇ ਕੋਈ ਰੁੱਤ ਆਉਂਦੀ ਏ ਮੌਲਣ ਦੀ। ਉੱਤਰੀ ਭਾਰਤ ਵਿਚ ਮਾਘ ਮਹੀਨੇ ਜਾਂ ਫੱਗਣ ਦੇ ਸ਼ੁਰੂਆਤੀ ਦਿਨਾਂ ਤੋਂ ਸੁਦੀ ਪੰਜ ਨੂੰ ਆਰੰਭ ਹੁੰਦੀ ਰੁੱਤ ਬਸੰਤ ਰੁੱਤ ਅਖਵਾਉਂਦੀ ਹੈ ਅਤੇ ਇਸਦਾ ਪਹਿਲਾ ਦਿਹਾੜਾ ਬਸੰਤ ਪੰਚਮੀ ਦਾ ਤਿਉਹਾਰ ਅਖਵਾਉਂਦੈ। ਬਸੰਤ ਉਹ ਰੁੱਤ ਹੈ ਜੋ ਰਿਤੂ-ਰਾਜ ਅਖਵਾਉਂਦੀ ਹੈ, ਰੁੱਤਾਂ ਦੀ ਮਲਕਾ ਕਹੀ ਜਾਂਦੀ ਹੈ। ਇਹ ਉਹ ਰੁੱਤ ਹੈ ਜਦ ਸਾਹੀਂ ਚੰਬਾ ਖਿੜਦੈ, ਮਨ-ਮਸਤਕ ਵਿਚ ਮਹਿਕਾਂ ਫੁੱਟਦੀਆਂ ਨੇ। ਸੁਣਨ, ਸੁੰਘਣ ਅਤੇ ਵੇਖਣ ਦੀਆਂ ਸਭੇ ਸੁਰਤੀਆਂ ਉੱਪਰ ਕੁਦਰਤੀ ਬਖਸ਼ਿਸ਼ਾਂ ਹੋਣ ਲਗਦੀਆਂ ਨੇ।

ਭਾਵੇਂ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਦੋ-ਦੋ ਮਹੀਨੇ ਦੀਆਂ ਛੇ ਰੁੱਤਾਂ ਦਾ ਜ਼ਿਕਰ ਕੀਤਾ ਹੈ ਪਰ ਮੁੱਖ ਤੌਰ 'ਤੇ ਉੱਤਰੀ ਭਾਰਤ ਵਿਚ ਚਾਰ ਰੁੱਤਾਂ ਦਾ ਵਰਤਾਰਾ ਨਜ਼ਰ ਆਉਂਦੈ: ਬਸੰਤ, ਗਰਮੀ, ਪਤਝੜ ਅਤੇ ਸਰਦੀ। ਇਨ੍ਹਾਂ ਚਾਰ ਰੁੱਤਾਂ ਵਿਚੋਂ ਸਭ ਤੋਂ ਉੱਤਮ ਬਸੰਤ ਰੁੱਤ ਹੀ ਮੰਨੀ ਜਾਂਦੀ ਹੈ ਜੋ ਕਿ ਬਸੰਤ ਪੰਚਮੀ ਦੇ ਤਿਉਹਾਰ ਤੋਂ ਸ਼ੁਰੂ ਹੋ ਕੇ ਚਾਲੀ ਦਿਨਾਂ ਬਾਅਦ ਹੋਲੀ ਦੇ ਤਿਉਹਾਰ ਤੱਕ ਚਲਦੀ ਹੈ।

ਵੱਡਾ ਪੰਜਾਬ ਉਹ ਖਿੱਤਾ ਹੈ ਜੋ ਮੁੱਖ ਤੌਰ 'ਤੇ ਪਿੰਡਾਂ ਵਿਚ ਵਸਦਾ ਹੈ। ਖੇਤੀ-ਪ੍ਰਧਾਨ ਕਿੱਤੇ ਨਾਲ ਜੁੜੇ ਹੋਣ ਕਰਕੇ ਇਹ ਧਰਤ-ਮਹੱਤ ਦੇ ਕੁਦਰਤੀ-ਵਰਤਾਰਿਆਂ ਨਾਲ ਵਾ-ਬਸਤਾ ਹੈ। ਪੰਜਾਬੀਆਂ ਨੂੰ ਸਰਦੀ ਦੀ ਰੁੱਤ ਬਹੁਤੀ ਰਾਸ ਨਹੀਂ ਆਉਂਦੀ ਕਿਉਂਕਿ ਉਨ੍ਹਾਂ ਦੇ ਪਰੰਪਰਾਗਤ ਧੰਦੇ ਦੀਆਂ ਗਤੀਵਿਧੀਆਂ ਸਰਦ-ਰੁੱਤੇ ਨਿਭਾਉਣੀਆਂ ਔਖੀਆਂ ਹੋ ਜਾਂਦੀਆਂ ਹਨ। ਇਸ ਰੁੱਤੇ ਸਾਰੀਆਂ ਸਰਗਰਮੀਆਂ ਮੱਠੀਆਂ ਪੈ ਜਾਂਦੀਆਂ ਹਨ। ਸਿਆਲ ਦੀ ਠੰਢ, ਕੱਕਰ, ਕੋਰਾ, ਧੁੰਦ ਵੱਡੀ ਮੁਸੀਬਤ ਬਣ ਜਾਂਦੇ ਹਨ। ਰੁੱਖਾਂ-ਬੂਟਿਆਂ ਦੀਆਂ ਨੰਗੀਆਂ-ਬੁੱਚੀਆਂ ਟਹਿਣੀਆਂ ਵੀ ਉਦਾਸ ਮਹੌਲ ਸਿਰਜ ਰਹੀਆਂ ਹੁੰਦੀਆਂ ਹਨ। ਪਸ਼ੂ-ਪੰਛੀ ਵੀ ਗੰਦੇ-ਮੰਦੇ ਨਜ਼ਰ ਆਉਂਦੇ ਹਨ। ਇਸ ਲਈ ਸਰਦੀ ਚਰਮ-ਸੀਮਾ 'ਤੇ ਪਹੁੰਚਣ ਤੋਂ ਬਾਅਦ ਜਦ ਘਟਣ ਲਗਦੀ ਹੈ ਤਾਂ ਉਨ੍ਹਾਂ ਦੀ ਖੁਸ਼ੀ ਵਾਧੇ ਪੈਣ ਲਗਦੀ ਹੈ। ਉਹ ਪੁਕਾਰ ਉੱਠਦੇ ਹਨ: ਆਈ ਬਸੰਤ, ਪਾਲਾ ਉਡੰਤ।

ਗਰਮੀ ਅਤੇ ਸਰਦੀ ਦੇ ਅੱਵਲ ਸੁਮੇਲ ਚੋਂ ਉਪਜਦੀ ਇਹ ਰੁੱਤ ਹਰ ਕਿਸੇ ਦੇ ਮਨ ਵਿਚ ਖੇੜਾ ਭਰ ਦੇਂਦੀ ਹੈ। ਰੁੱਖਾਂ ਦੀਆਂ ਬੁੱਚੀਆਂ ਟਹਿਣੀਆਂ

**ਡਾ: ਆਸਾ ਸਿੰਘ ਘੁੰਮਣ**

ਵਿਚ ਜੀਵਨ-ਰੌਅ ਤਰੰਗਾਂ ਲਿਆਉਣ ਲਗਦੀ ਹੈ। ਵੇਂਹਦਿਆਂ ਵੇਂਹਦਿਆਂ ਸਹਿਜੇ ਹੀ ਨਿੱਕੀਆਂ ਨਿੱਕੀਆਂ ਕਰੂੰਬਲਾਂ ਫੁੱਟਣ ਲਗਦੀਆਂ ਹਨ। ਫੁੱਲਾਂ ਦੀਆਂ ਡੋਡੀਆਂ ਹੌਲੀ ਹੌਲੀ ਖੁੱਲ੍ਹਣ ਲੱਗਦੀਆਂ ਹਨ, ਫਿਰ ਖਿੜਨ ਲਗਦੀਆਂ ਹਨ ਅਤੇ ਮਹਿਕਾਂ ਵੰਡਣ ਲਗਦੀਆਂ ਹਨ। ਇੰਝ ਲੱਗਣ ਲਗਦੈ ਜਿਵੇਂ ਧਰਤੀ ਮਾਤਾ ਮੁਸਕਰਾ ਰਹੀ ਹੋਵੇ। ਦੂਰ-ਦੂਰ ਤੱਕ ਫੈਲੇ ਹਰੇ-ਕਚੂਰ ਕਣਕ-ਛਟਾਲੇ ਦੇ ਖੇਤ ਅਜਬ ਹੀ ਨਜ਼ਾਰਾ ਸਿਰਜ ਰਹੇ ਹੁੰਦੇ ਹਨ। ਕਣਕ ਦੇ ਆਲੇ-ਦੁਆਲੇ ਕੁਝ ਸਿਆੜਾਂ ਵਿਚ ਬੀਜੀ ਸਰ੍ਹੋਂ ਦੇ ਪੀਲੇ ਫੁੱਲ ਕਮਾਲ ਦਾ ਨਜ਼ਾਰਾ ਪੇਸ਼ ਕਰਦੇ ਹਨ। ਸਰ੍ਹੋਂ ਦੇ ਖੇਤਾਂ ਵਿਚ ਖਿੜੀ ਸਰ੍ਹੋਂ ਤਾਂ ਸੁਨਹਿਰੀ ਸਮੁੰਦਰ ਦਾ ਝਲਕਾਰਾ ਮਾਰਦੀ ਹੈ। ਅਲਸੀ ਦੇ ਨੀਲੇ-ਨੀਲੇ ਫੁੱਲ ਵੀ ਆਪਣੀ ਹਾਜ਼ਰੀ ਲੁਆਉਣ ਦੀ ਪੁਰ-ਜ਼ੋਰ ਕੋਸ਼ਿਸ਼ ਵਿਚ ਨਜ਼ਰ ਆਉਂਦੇ ਹਨ। ਰੁੱਖ ਵੀ ਮੌਲਣ ਲਗਦੇ ਹਨ। ਧਰੇਕ ਦੇ ਰੁੱਖਾਂ 'ਤੇ ਹਜ਼ਾਰਾਂ ਨਹੀਂ, ਲੱਖਾਂ ਹੀ ਨਿੱਕੇ-ਨਿੱਕੇ ਫੁੱਲ ਖਿੜਨੇ ਸ਼ੁਰੂ ਹੋ ਜਾਂਦੇ ਹਨ। ਕੋਈ ਪੰਜਾਬਣ ਆਪ-ਮੁਹਾਰੇ ਹੀ ਧਰੇਕ ਨੂੰ ਮੁਖ਼ਾਤਬ ਹੋ ਕੇ ਕਹਿੰਦੀ ਹੈ:

**ਹਰੀਏ-ਭਰੀਏ ਧੇਕੇ ਨੀ ਫੁੱਲ ਦੇਦੇ,**
**ਅੱਜ ਮੈਂ ਜਾਣਾ ਪੇਕੇ ਨੀ ਫੁੱਲ ਦੇਦੇ।**

ਕੁਦਰਤ-ਪ੍ਰੇਮੀ ਵਿਸ਼ੇਸ਼ ਤੌਰ 'ਤੇ ਧੁਰ ਅੰਦਰ ਤੱਕ ਉਸ ਕਾਦਰ ਦੇ ਰੰਗ ਵਿਚ ਖੀਵੇ ਹੋ ਜਾਂਦੇ ਹਨ। ਮਨ ਅਜੀਬ ਜਿਹੇ ਅਹਿਸਾਸਾਂ ਦਾ ਭਾਗੀਦਾਰ ਬਣ ਜਾਂਦਾ ਹੈ। ਹਰੇ-ਭਰੇ, ਰੰਗ-ਬਰੰਗੇ ਸੰਸਾਰ ਸੰਗ ਇਕ-ਮਿੱਕ ਹੋਣ ਨੂੰ ਜੀਅ ਕਰਦਾ ਹੈ। ਸਰ੍ਹੋਂ ਦੇ ਫੁੱਲਾਂ ਦੀ ਰੀਸੇ ਪੰਜਾਬੀ ਗੱਭਰੂ ਅਤੇ ਮੁਟਿਆਰਾਂ ਪੀਲੀਆਂ ਪੱਗਾਂ ਅਤੇ ਪੀਲੀਆਂ ਚੁੰਨੀਆਂ ਓੜ੍ਹ ਬਸੰਤ ਦੇ ਮੇਲੇ ਦਾ ਹਿੱਸਾ ਬਣਨ ਲਈ ਤੁਰ ਪੈਂਦੇ ਹਨ। ਮੇਲੇ ਵਿਚ ਬਸੰਤੀ ਰੰਗ ਦਾ ਹੜ੍ਹ ਵੇਖ ਮਨ ਵਿਚ ਕਿੰਨਾ ਕੁਝ ਕਾਵਿਕ ਫੁੱਟ-ਫੁੱਟ ਪੈਂਦਾ ਹੈ। ਕੁਦਰਤ ਦੀ ਕੀਰਤੀ ਕਰਨ ਨੂੰ ਜੀਅ ਕਰਦਾ ਹੈ। ਕੰਨ 'ਤੇ ਹੱਥ ਰੱਖ ਢੋਲੇ ਲਾਉਣ ਨੂੰ ਮਨ ਚਾਹੁੰਦਾ ਹੈ। ਨਿੱਕੇ-ਨਿੱਕੇ ਜੀਵ ਵੀ ਕੁਦਰਤ ਦੇ ਗੁਣ ਗਾਇਨ ਕਰਨ ਲਗਦੇ ਹਨ। ਖੇਤਾਂ ਦੇ ਬੰਨਿਆਂ 'ਤੇ ਘੁੱਗੀਆਂ ਘੂੰ-ਘੂੰ ਕਰਨ ਲਗਦੀਆਂ ਹਨ, ਅੰਬਾਂ ਨੂੰ ਬੂਰ ਪੈਣ ਲਗਦੈ, ਕੋਇਲਾਂ ਦੇ ਮਿੱਠੇ-ਪਿਆਰੇ ਸੁਰ ਕੰਨਾਂ ਵਿਚ ਸ਼ਹਿਦ ਘੋਲਣ ਲਗਦੇ ਹਨ। ਪੰਛੀ ਅਕਾਸ਼ ਵਿਚ ਚੁੰਗੀਆਂ ਭਰਨ ਲਗਦੇ



ਹਨ। ਸਾਰੀ ਕਾਇਨਾਤ ਜਿਵੇਂ ਖੇੜੇ ਵਿਚ ਆ ਰਹੀ ਹੋਵੇ। ਹੈ। ਸ਼ਾਮ ਸਮੇਂ ਡਾਰਾਂ ਦੀਆਂ ਡਾਰਾਂ ਅਕਾਸ਼ ਵਿਚ ਸਮੂਹਿਕ ਮਸਤੀਆਂ ਕਰਦੀਆਂ ਨਜ਼ਰੇ ਪੈਣ ਲਗਦੀਆਂ ਹਨ। ਪੰਛੀਆਂ ਸੰਗ ਅਕਾਸ਼ੀ ਉੱਡਣ ਨੂੰ ਮਨ ਲੋਚਦੈ। ਚੱਲੋ ਉਡਿਆ ਤਾਂ ਨਹੀਂ ਜਾ ਸਕਦਾ, ਪਤੰਗਾਂ ਤਾਂ ਉਡਾਈਆਂ ਜਾ ਸਕਦੀਆਂ ਹਨ। ਸਾਫ਼ ਟਿਕਾਅ-ਭਰਪੂਰ, ਸਵੱਛ ਨਿਰਮਲ ਅਕਾਸ਼ ਵਿਚ ਰੰਗ-ਬਰੰਗੀਆਂ ਪਤੰਗਾਂ ਡੋਰ-ਮਾਲਕ ਦੇ ਹੱਥਾਂ ਵਿਚ ਹਚਕੋਲੇ ਖਾਂਦੀਆਂ, ਐਂ ਜਿਵੇਂ ਕਿਤੇ ਅਸਮਾਨ ਦੇ ਮਾਲਕ ਤੱਕ ਪਹੁੰਚ ਜਾਣਾ ਚਾਹੁੰਦੀਆਂ ਹੋਣ। ਪਤੰਗ-ਬਾਜ਼ੀ ਦਾ ਇਹ ਸ਼ੌਕ ਸਭ ਹੱਦਾਂ-ਬੰਨੇ ਤੋੜ ਗਿਆ ਹੈ। ਰਾਜਸਥਾਨ ਟੂਰਿਜ਼ਮ ਕਾਰਪੋਰੇਸ਼ਨ ਵੱਲੋਂ ਕਰਾਏ ਜਾਂਦੇ ਪਤੰਗਬਾਜ਼ੀ ਦੇ ਮੁਕਾਬਲੇ ਵਿਚ 12-14 ਦੇਸ਼ਾਂ ਤੋਂ ਪਤੰਗਬਾਜ਼ ਪਹੁੰਚ ਜਾਂਦੇ ਹਨ। ਪਾਕਿਸਤਾਨ ਲਾਹੌਰ ਵਿਚ ਪਤੰਗਬਾਜ਼ੀ ਦੇ ਸ਼ੌਕੀਨ ਮਾਧੋ ਹੁਸੈਨ ਦੇ ਮਜ਼ਾਰ ਤੋਂ ਬੜੇ ਉਤਸ਼ਾਹ ਨਾਲ ਪਤੰਗਾਂ ਚੜ੍ਹਾਉਂਦੇ ਹਨ।

ਬਸੰਤ ਰੰਗ ਜਿੱਥੇ ਜਵਾਨੀ ਅਤੇ ਸ਼ੌਕੀਨੀ ਦੇ ਪ੍ਰਗਟਾਅ ਦਾ ਰੰਗ ਹੈ, ਉੱਥੇ ਇਹ ਸੂਰਬੀਰਤਾ ਅਤੇ ਕੁਰਬਾਨੀ ਨਾਲ ਵੀ ਜੁੜ ਗਿਆ ਹੈ:

**ਮੇਰਾ ਰੰਗ ਦੇ ਬਸੰਤੀ ਚੋਲਾ,**
**ਨੀ ਮਾਏ ਰੰਗ ਦੇ।**

ਜੇ ਬਸੰਤ-ਰੁੱਤ ਪੰਛੀਆਂ ਨੂੰ ਗਾਉਣ ਲਾ ਸਕਦੀ ਹੈ ਤਾਂ ਮਨੁੱਖ ਕਿਵੇਂ ਪਿੱਛੇ ਰਹਿ ਸਕਦੈ। ਬਸੰਤ ਦੇ ਨਾਂਅ 'ਤੇ ਕਈ ਰਾਗ/ਰਾਗਣੀਆਂ ਪ੍ਰਚੱਲਿਤ ਹਨ। ਗੁਰਬਾਣੀ ਵਿਚ ਵੀ ਬਸੰਤ ਰਾਗ ਬਹਾਰ ਦਾ ਰਾਗ ਹੈ, ਜਿਸਨੂੰ ਹਿੰਡੋਲ ਦਾ ਪੁੱਤਰ ਕਿਹਾ ਗਿਆ ਹੈ। ਅਸਲ ਵਿਚ ਹਿੰਡੋਲ ਵੀ ਮੌਸਮੇ-ਬਹਾਰ ਦਾ ਰਾਗ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆਉਂਦੇ ਸਭ ਗੁਰਦੁਆਰਿਆਂ ਵਿਚ ਕੀਰਤਨ ਦੀ ਹਰ ਚੌਕੀ ਬਸੰਤ ਰਾਗ ਵਿਚ ਸ਼ੁਰੂ ਕੀਤੀ ਜਾਂਦੀ ਹੈ। ਮਾਘੀ ਤੋਂ ਸ਼ੁਰੂ ਹੋ ਬਸੰਤ ਰੁੱਤ ਦੇ ਅੰਤ ਅਰਥਾਤ ਹੋਲੇ ਤੱਕ ਇਹ ਸਿਲਸਿਲਾ ਇਵੇਂ ਹੀ ਜਾਰੀ ਰਹਿੰਦਾ ਹੈ

ਇਸ ਤਿਉਹਾਰ ਨੂੰ ਸ਼ਿਵਜੀ-ਪਾਰਬਤੀ ਨਾਲ ਵੀ ਜੋੜਿਆ ਜਾਂਦਾ ਹੈ। ਇਸ ਮੌਕੇ ਗ੍ਰਹਿਸਥੀ ਜੀਵਨ ਵਿਚ ਸੁਖ-ਪ੍ਰਾਪਤੀ ਦੇ ਮੰਤਵ ਨਾਲ ਕਾਮਦੇਵ ਅਤੇ ਰੱਤੀ ਦੀ ਪੂਜਾ ਵੀ ਕੀਤੀ ਜਾਂਦੀ ਹੈ। ਕਈ ਸਨਾਤਨੀ ਹਿੰਦੂ ਭੈਣ-ਭਰਾ ਇਸ ਦਿਨ ਲਕਸ਼ਮੀ ਅਤੇ ਵਿਸ਼ਨੂੰ ਦੀ ਪੂਜਾ ਕਰਦੇ ਹਨ। ਬਸੰਤ ਦੇ ਇਸ ਤਿਉਹਾਰ ਨੂੰ ਚੇਤਨਾ ਅਤੇ ਚਿੰਤਨ ਨਾਲ ਵੀ ਜੋੜਿਆ ਜਾਂਦਾ ਹੈ। ਇਸ ਦਿਨ ਵਿੱਦਿਆ ਦੀ ਦੇਵੀ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ। ਕਈ ਰਾਜਾਂ ਵਿਚ ਇਸ ਦਿਨ ਸਕੂਲਾਂ/ਕਾਲਜਾਂ ਵਿਚ ਇਨਾਮ-ਵੰਡ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ।

ਮੁੱਕਦੀ ਗੱਲ ਬਸੰਤ ਪੰਚਮੀ ਰਸਮੀ ਜਾਂ ਗ਼ੈਰ-ਰਸਮੀ ਰੂਪ ਵਿਚ ਬਸੰਤ ਰੁੱਤ ਦਾ ਸੁਆਗਤੀ ਤਿਉਹਾਰ ਹੈ। ਇਹ ਸੂਖਮ ਕਲਾਵਾਂ ਅਤੇ ਪਰਵਿਰਤੀਆਂ ਦਾ ਉਤਸਵ ਹੈ। ਕੁਦਰਤੀ ਖ਼ੁਸ਼ੀਆਂ-ਖੇੜਿਆਂ ਨੂੰ ਕਲਾਵੇ ਵਿਚ ਲੈ ਲੈਣ ਦੀ ਚਾਹਨਾ ਦਾ ਉਤਸਵ ਹੈ। ਕੁਦਰਤ ਦੇ ਰੰਗਾਂ ਵਿਚ ਰੰਗੇ ਜਾਣ ਦਾ, ਫੁੱਲਾਂ ਸੰਗਾਂ ਮਹਿਕਣ ਦਾ, ਰੂਹਾਂ ਦੇ ਟਹਿਕਣ ਦਾ ਅਤੇ ਮਲਕਾ ਪੁਖਰਾਜ ਅਤੇ ਤਾਹਿਰਾ ਸਈਅਦ ਸੰਗ 'ਲੋ ਫਿਰ ਬਸੰਤ ਆਈ' ਗੁਨ-ਗੁਨਾਉਣ ਦਾ ਮੌਕਾ ਹੈ।





# 'ਇੰਡੀਆ' ਗੱਠਜੋੜ ਦਾ ਰਾਹ ਆਸਾਨ ਨਹੀਂ



ਰਾਧਿਕਾ ਰਾਮਾਸੇਸ਼ਨ

ਮੁਲਕ ਦੀਆਂ ਆਮ ਚੋਣਾਂ ਸਿਰ 'ਤੇ ਹਨ ਅਤੇ ਸਿਆਸੀ ਪਿੜ ਵਿਚ ਹਰ ਪੱਖ ਤੋਂ ਹਾਕਮ ਭਾਜਪਾ ਹੀ ਹਾਵੀ ਦਿਖਾਈ ਦੇ ਰਹੀ ਹੈ। ਪਾਰਟੀ ਵੱਡੀ ਤੋਂ ਵੱਡੀ ਜਿੱਤ ਦਰਜ ਕਰਨ ਲਈ ਰਣਨੀਤੀਆਂ ਘੜ ਰਹੀ ਹੈ ਤੇ ਕਿਸੇ ਵੀ ਤਰ੍ਹਾਂ ਦੀ ਤੁਕ ਤੇ ਤਰਕ ਦੀ ਪ੍ਰਵਾਹ ਕੀਤੇ ਬਿਨਾਂ ਅਸੰਭਵ ਜਾਪਦੇ ਗੱਠਜੋੜਾਂ ਨੂੰ ਵੀ ਮਜ਼ਬੂਤ ਕਰ ਰਹੀ ਹੈ। ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਐੱਨਡੀਏ ਵਿਚ ਚੋਣਾਂ ਤੋਂ ਪਹਿਲਾਂ ਦੀਆਂ ਕੀਤੀਆਂ ਜਾ ਰਹੀਆਂ ਤਿਆਰੀਆਂ ਕਮਾਲ ਦੀਆਂ ਹਨ ਕਿਉਂਕਿ ਆਮ ਜਨਤਾ ਅਤੇ ਕਰੀਬ ਸਾਰੇ ਤਬਕਿਆਂ ਵਿਚ ਇਹ ਧਾਰਨਾ ਬਣ ਚੁੱਕੀ ਹੈ ਕਿ ਰਾਮ ਮੰਦਰ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਮੌਕੇ ਕੀਤੇ ਜ਼ੋਰਦਾਰ ਧੂਮ-ਧੜੱਕੇ ਵਾਲੇ ਜਸ਼ਨ ਇਕੱਲੇ ਹੀ ਆਪਣੇ ਆਪ ਵਿਚ ਹਾਕਮ ਗੱਠਜੋੜ ਨੂੰ ਜੇਤੂ ਬਣਾਉਣ ਲਈ ਕਾਫ਼ੀ ਹਨ, ਖ਼ਾਸਕਰ ਉੱਤਰੀ ਤੇ ਪੱਛਮੀ ਭਾਰਤ ਬਾਰੇ ਤਾਂ ਇਹ ਗੱਲ ਬਹੁਤ ਭਰੋਸੇ ਨਾਲ ਆਖੀ ਜਾ ਰਹੀ ਹੈ। ਭਾਜਪਾ ਦੇ ਅੰਦਰੂਨੀ ਹਲਕਿਆਂ ਮੁਤਾਬਕ ਪ੍ਰਧਾਨ ਮੰਤਰੀ ਨਰਿਦਰ ਮੋਦੀ ਚੋਣ ਰਾਜਨੀਤੀ ਪੱਖੋਂ ਕੋਈ ਕਸਰ ਬਾਕੀ ਨਹੀਂ ਛੱਡ ਰਹੇ; ਉਹ ਜ਼ਾਹਿਰਾ ਤੌਰ 'ਤੇ ਹੁਣ ਤੱਕ ਸਭ ਤੋਂ ਵੱਧ 404 ਲੋਕ ਸਭਾ ਸੀਟਾਂ ਜਿੱਤਣ ਦਾ ਕਾਂਗਰਸ ਦਾ ਰਿਕਾਰਡ ਤੋੜਨਾ ਚਾਹੁੰਦੇ ਹਨ। ਕਾਂਗਰਸ ਨੇ 1984 ਦੀਆਂ ਆਮ ਚੋਣਾਂ ਵਿਚ ਲੋਕ ਸਭਾ ਦੀਆਂ 404 ਸੀਟਾਂ ਜਿੱਤੀਆਂ ਸਨ (ਹਾਲਾਂਕਿ ਉਸ ਸਮੇਂ ਪੰਜਾਬ ਤੇ ਅਸਾਮ ਵਿਚ ਹਾਲਾਤ ਖ਼ਰਾਬ ਹੋਣ ਕਾਰਨ ਇਨ੍ਹਾਂ ਦੋਵਾਂ ਸੂਬਿਆਂ ਦੀਆਂ ਚੋਣਾਂ ਅੱਗੇ ਪਾ ਦਿੱਤੀਆਂ ਗਈਆਂ ਸਨ ਜੋ ਮਗਰੋਂ 1985 ਵਿਚ ਕਰਵਾਈਆਂ ਅਤੇ ਇਨ੍ਹਾਂ ਵਿਚ ਕਾਂਗਰਸ ਨੇ 10 ਸੀਟਾਂ ਹੋਰ ਜਿੱਤ ਲਈਆਂ ਸਨ)।

ਦੂਜੇ ਪਾਸੇ ਵਿਰੋਧੀ ਧਿਰ ਜਾਂ ਫਿਰ 'ਇੰਡੀਆ' ਗੱਠਜੋੜ ਦੀ ਛਤਰੀ ਹੇਠ ਇਕੱਠੇ ਹੋਏ ਇਕ ਅਹਿਮ ਵਰਗ ਦਾ ਕੀ ਹਾਲ ਹੈ? ਕਾਂਗਰਸ ਅਤੇ ਕੁਝ ਖੇਤਰੀ ਪਾਰਟੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਵੱਖੋ-ਵੱਖ ਤਾਕਤਾਂ ਦਾ ਇਹ ਗੱਠਜੋੜ ਆਪਣੇ ਆਪ ਨੂੰ ਅਤੀਤ ਦੇ ਗੱਠਜੋੜਾਂ ਦੇ ਪ੍ਰਤੀਰੂਪ ਵਜੋਂ ਦੇਖਦਾ ਹੈ (ਭਾਵੇਂ ਇਹ ਚੋਣਾਂ ਤੋਂ ਬਾਅਦ ਦੀਆਂ ਬਣਤਰਾਂ ਸਨ) ਪਰ ਇਹ ਫਿਲਹਾਲ ਇਕ ਤਰ੍ਹਾਂ ਨਾਲ ਠੱਪ ਹੋ ਕੇ ਰਹਿ ਗਿਆ ਹੈ ਤੇ ਅੱਗੇ ਨਹੀਂ ਵਧ ਸਕਿਆ। ਅਸਲ ਵਿਚ ਇਸ ਦੇ ਭਾਈਵਾਲਾਂ ਦੇ ਆਪਸੀ ਮਤਭੇਦ ਜਨਤਕ ਤੌਰ 'ਤੇ ਸਾਹਮਣੇ ਆਉਣ ਲੱਗੇ, ਇਸ ਕਾਰਨ ਇਹ ਮੁੱਖ ਦਾਅਵੇਦਾਰ ਵਜੋਂ ਅਪ੍ਰਸੰਗਕ ਹੋ ਗਿਆ। ਜਨਤਾ ਦਲ (ਯੂਨਾਈਟਿਡ), ਭਾਵ ਜੇਡੀਯੂ ਜਿਸ ਨੂੰ ਖੇਤਰੀ ਪਾਰਟੀਆਂ ਦੀ ਇਕਮੁੱਠਤਾ ਦਾ ਆਧਾਰ ਮੰਨਿਆ ਜਾ ਰਿਹਾ ਸੀ, ਗੱਠਜੋੜ ਤੋਂ ਲਾਂਭੇ ਹੋ ਗਿਆ ਅਤੇ ਉਸ ਨੇ ਆਪਣੀ ਸਾਬਕਾ ਵਿਰੋਧੀ ਭਾਜਪਾ ਨੂੰ ਸਿਆਸੀ ਗਲਵੱਕੜੀ ਪਾ ਲਈ। ਬਿਹਾਰ ਵਿਚ ਹੋਏ ਇਸ ਰਾਜ ਪਲਟੇ ਦੀ ਵਿਉਂਤ ਭਾਜਪਾ ਦੇ ਚੋਟੀ ਦੇ ਆਗੂਆਂ ਨੇ ਬਣਾਈ ਸੀ। ਜੇਡੀਯੂ ਨੇ 2022 ਵਿਚ ਭਾਜਪਾ ਤੋਂ ਤੋੜ-ਵਿਛੋੜਾ ਕਰਨ ਦੇ ਬਾਵਜੂਦ ਇਸ ਦੇ ਆਗੂ ਹਰਿਵੰਸ਼ ਨਰਾਇਣ ਸਿੰਘ ਰਾਜ ਸਭਾ ਦੇ ਡਿਪਟੀ ਚੇਅਰਮੈਨ ਦੇ ਅਹੁਦੇ ਉੱਤੇ ਬਣੇ ਹੋਏ ਸਨ। ਮੁੱਖ ਮੰਤਰੀ ਨਿਤੀਸ਼ ਕੁਮਾਰ ਭਾਜਪਾ ਨਾਲ ਰਿਸ਼ਤੇ ਪੱਕੇ ਤੌਰ 'ਤੇ ਨਹੀਂ ਤੋੜਨਾ ਚਾਹੁੰਦੇ ਸਨ। ਇਸ ਕਾਰਨ ਉਨ੍ਹਾਂ ਭਵਿੱਖੀ ਮੇਲ-ਜੋਲ ਲਈ ਇਕ ਖਿੜਕੀ ਖੁੱਲ੍ਹੀ ਰੱਖੀ ਹੋਈ ਸੀ।

ਜੇਡੀਯੂ ਦੇ ਤੋੜ-ਵਿਛੋੜੇ ਕਾਰਨ ਬਿਹਾਰ ਵਿਚ ਆਰਜੇਡੀ ਅਤੇ ਕਾਂਗਰਸ ਨੂੰ ਸੱਤਾ ਤੋਂ ਹੱਥ ਧੋਣੇ ਪਏ ਹਨ (ਇਸ ਸੂਬੇ ਦੀਆਂ 40 ਲੋਕ ਸਭਾ ਸੀਟਾਂ ਹਨ)। ਇਸ ਘਟਨਾ ਨੇ ਹਿੰਦੂਤਵ ਦੀ ਸਿਆਸਤ ਦਾ ਮੁਕਾਬਲਾ ਜਾਤੀ ਸ਼ਕਤੀਕਰਨ ਨਾਲ ਕੀਤੇ ਜਾਣ ਦੀ ਯੋਜਨਾ ਨੂੰ ਵੀ ਖੂਹ-ਖਾਤੇ ਪਾ ਦਿੱਤਾ ਹੈ। ਇਹ ਯੋਜਨਾ ਜਾਤ ਆਧਾਰਿਤ ਮਰਦਮਸ਼ੁਮਾਰੀ ਕਰਵਾਏ ਜਾਣ ਦੀ ਉੱਠ ਰਹੀ ਜ਼ੋਰਦਾਰ ਮੰਗ ਰਾਹੀਂ ਉਲੀਕੀ ਗਈ ਸੀ ਤਾਂ ਕਿ ਹੋਰ ਪਛੜੇ ਵਰਗਾਂ (ਓਬੀਸੀ), ਦਲਿਤਾਂ ਅਤੇ ਕਬਾਇਲੀ ਭਾਈਚਾਰਿਆਂ ਦੀ ਅਸਲ ਗਿਣਤੀ ਦਾ ਪਤਾ ਲਾਇਆ ਜਾ ਸਕੇ। ਇਹ ਕਾਰਵਾਈ ਇਸ ਉਮੀਦ ਨਾਲ ਕੀਤੀ ਗਈ ਸੀ ਕਿ ਇਸ ਤਰ੍ਹਾਂ ਉੱਚੀਆਂ ਜਾਤਾਂ ਨੂੰ ਉੱਤਰੀ ਭਾਰਤ ਵਿਚ ਵੀ ਬਹੁਤ ਹੀ ਮਾਮੂਲੀ ਘੱਟਗਿਣਤੀ ਵਜੋਂ ਦਿਖਾਇਆ ਜਾ ਸਕੇਗਾ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਾਫ਼ੀ ਪਛੜ ਕੇ ਮੰਡਲ ਦਾ ਮੁੱਦਾ ਵੀ ਅਪਣਾਇਆ ਜਿਸ ਦੀ ਪਛੜੇ ਵਰਗਾਂ ਵਿਚ ਬਹੁਤ ਅਹਿਮੀਅਤ ਹੈ ਪਰ ਇਸ ਦੇ ਬਾਵਜੂਦ ਜਾਤ ਆਧਾਰਿਤ ਮਰਦਮਸ਼ੁਮਾਰੀ ਦਾ ਮੁੱਦਾ ਹਿੰਦੀ ਖੇਤਰ ਦੇ ਸੂਬਿਆਂ ਰਾਜਸਥਾਨ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਚ ਪਿਛਲੇ ਦਸੰਬਰ ਵਿਚ ਹੋਈਆਂ ਵਿਧਾਨ ਸਭਾਈ ਚੋਣਾਂ ਵਿਚ ਨਹੀਂ ਚੱਲਿਆ। ਭਾਜਪਾ ਇਸ ਖੇਡ ਵਿਚ ਕਾਂਗਰਸ ਅਤੇ ਸਮਾਜਵਾਦੀਆਂ ਨੂੰ ਬਹੁਤ ਪਹਿਲਾਂ ਮਾਤ ਦੇ ਚੁੱਕੀ ਹੈ।

ਹੁਣ 'ਇੰਡੀਆ' ਲਈ ਬਾਕੀ ਕੀ ਬਚਿਆ ਹੈ? ਹੁਣ ਖੇਤਰੀ ਪਾਰਟੀਆਂ ਕਾਂਗਰਸ ਨਾਲ ਜੁੜਨ ਲਈ ਆਪਣੀਆਂ ਸ਼ਰਤਾਂ ਰੱਖ ਰਹੀਆਂ ਹਨ; ਕਿਸੇ ਸਮੇਂ ਕਾਂਗਰਸ ਨੂੰ ਉਮੀਦ ਸੀ ਕਿ ਉਹ ਗੱਠਜੋੜ ਦੀ ਅਗਵਾਈ ਕਰ ਸਕੇਗੀ। ਤ੍ਰਿਣਮੂਲ ਕਾਂਗਰਸ ਪਹਿਲਾਂ ਹੀ ਆਖ ਚੁੱਕੀ ਹੈ ਕਿ ਉਹ ਪੱਛਮੀ ਬੰਗਾਲ ਵਿਚ ਕਾਂਗਰਸ ਤੇ ਖੱਬੇ ਮੋਰਚੇ ਤੋਂ ਬਿਨਾਂ ਇਕੱਲਿਆਂ ਚੋਣਾਂ ਲੜੇਗੀ। ਤਾਮਿਲਨਾਡੂ ਵਿਚ ਮੁੱਖ ਮੰਤਰੀ ਤੇ ਡੀਐੱਮਕੇ ਮੁਖੀ ਐੱਮਕੇ ਸਟਾਲਿਨ ਕਿਸੇ ਦੀ ਪ੍ਰਵਾਹ ਨਹੀਂ ਕਰਦੇ। 'ਇੰਡੀਆ' ਵਿਚਲੇ ਉਹ ਇਕੋ-ਇਕ ਅਜਿਹੇ ਆਗੂ ਹਨ ਜਿਨ੍ਹਾਂ ਧਰਮ ਨਾਲ ਸਬੰਧਿਤ ਮੁੱਦਿਆਂ ਉੱਤੇ ਭਾਜਪਾ ਨੂੰ ਵੰਗਾਰਿਆ ਹੈ, ਉਹ ਜਾਣਦੇ ਹਨ ਕਿ ਇਸ ਨਾਲ ਉਨ੍ਹਾਂ ਦੇ ਲੋਕ ਅਤੇ ਵੋਟ ਆਧਾਰ ਉੱਤੇ ਕੋਈ ਅਸਰ ਨਹੀਂ ਪਵੇਗਾ।

ਮਹਾਰਾਸ਼ਟਰ ਵਿਚ ਸ਼ਰਦ ਪਵਾਰ (ਨੈਸ਼ਨਲਿਸਟ ਕਾਂਗਰਸ ਪਾਰਟੀ) ਅਤੇ ਊਧਵ ਠਾਕਰੇ (ਸ਼ਿਵ ਸੈਨਾ-ਯੂਬੀਟੀ) ਇਕੋ ਸਥਿਤੀ ਵਿਚ ਦਿਖਾਈ ਦਿੰਦੇ ਹਨ; ਉਨ੍ਹਾਂ ਦੀ ਭਾਈਵਾਲ ਕਾਂਗਰਸ ਇਕਮੁੱਠਤਾ ਨਾਲ ਕੰਮ ਕਰਨ ਲਈ ਜੂਝ ਰਹੀ ਹੈ। ਉੱਤਰ ਪ੍ਰਦੇਸ਼ ਵਿਚ ਪਹਿਲਾਂ ਹੀ ਹਾਲਾਤ ਅਸਥਿਰ ਹਨ ਅਤੇ ਇਸ ਨੂੰ ਸਮਾਜਵਾਦੀ ਪਾਰਟੀ ਨੇ ਹੋਰ ਉਲਝਾ ਦਿੱਤਾ ਜਦੋਂ ਉਸ ਨੇ ਸੂਬੇ ਦੀਆਂ 80 ਲੋਕ ਸਭਾ ਸੀਟਾਂ ਵਿਚੋਂ ਕਾਂਗਰਸ ਨੂੰ ਮਹਿਜ਼ ਦਰਜਨ ਸੀਟਾਂ ਦੇਣ ਤੋਂ ਵੀ ਨਾਂਹ ਕਰ ਦਿੱਤੀ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦਾ ਵੀ ਪੰਜਾਬ, ਹਰਿਆਣਾ ਤੇ ਦਿੱਲੀ ਵਿਚ ਕਾਂਗਰਸ ਨਾਲ ਇੱਟ-ਖੜਿੱਕਾ ਚੱਲ ਰਿਹਾ ਹੈ। ਉੱਤਰੀ ਭਾਰਤ ਵਿਚ ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਹੀ ਅਜਿਹੇ ਸੂਬੇ ਹਨ ਜਿਥੇ ਕਾਂਗਰਸ ਕੁਝ ਵਧੀਆ ਕਾਰਗੁਜ਼ਾਰੀ ਦਿਖਾਉਣ ਦੀ ਤਵੱਕੋ ਕਰ ਸਕਦੀ ਹੈ ਬਸ਼ਰਤੇ ਇਸ ਨੂੰ ਲੋੜੀਂਦੀ ਥਾਂ ਮਿਲ ਜਾਵੇ।

ਖੇਤਰੀ ਪਾਰਟੀਆਂ ਦੀ ਆਪਣੀ ਉਲਝਣ ਹੈ। ਇਹ ਕਦੇ ਵੀ ਪੂਰੀ ਤਰ੍ਹਾਂ ਵਿਚਾਰਧਾਰਾ ਤੋਂ ਪ੍ਰੇਰਿਤ ਨਹੀਂ ਹੁੰਦੀਆਂ ਅਤੇ ਉਨ੍ਹਾਂ ਨੂੰ ਆਪਣੇ ਪ੍ਰਭਾਵ ਵਾਲੇ ਸੀਮਤ ਖੇਤਰ ਵਿਚ ਖ਼ੁਦ ਨੂੰ ਸਾਬਤ ਕਰਨਾ ਹੁੰਦਾ ਹੈ: ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ, ਦਿੱਲੀ ਤੇ ਪੰਜਾਬ ਵਿਚ ਅਰਵਿੰਦ ਕੇਜਰੀਵਾਲ, ਯੂਪੀ ਵਿਚ ਅਖਿਲੇਸ਼ ਯਾਦਵ ਤੇ ਜੈਅੰਤ ਚੌਧਰੀ, ਬਿਹਾਰ ਵਿਚ ਲਾਲੂ ਪ੍ਰਸਾਦ ਯਾਦਵ ਤੇ ਤੇਜੱਸਵੀ ਯਾਦਵ ਅਤੇ ਹੋਰ ਬਹੁਤ ਸਾਰੀਆਂ ਪਾਰਟੀਆਂ ਦੀ ਇਹੋ ਸਥਿਤੀ ਹੈ। ਪੰਜਾਬ ਤੇ ਹਰਿਆਣਾ ਨੂੰ ਛੱਡ ਕੇ ਬਾਕੀ ਸੂਬੇ ਅਜਿਹੇ ਹਨ ਜਿਥੋਂ ਕਾਂਗਰਸ ਬੜਾ ਚਿਰ ਪਹਿਲਾਂ ਹੀ ਮੁਕਾਬਲੇ ਤੋਂ ਬਾਹਰ ਹੋ ਚੁੱਕੀ ਹੈ। ਇਸ ਦੇ ਬਾਵਜੂਦ ਪਾਰਟੀ ਮਹਿਜ਼ ਇਸ ਆਧਾਰ ਉੱਤੇ ਆਪਣੀ ਜ਼ਮੀਨੀ ਸਮਰੱਥਾ ਤੋਂ ਕਿਤੇ ਜ਼ਿਆਦਾ ਲਾਲਸਾਵਾਂ ਰੱਖਦੀ ਹੈ ਕਿ ਅਜੇ ਵੀ ਤਾਕਤਵਰ ਭਾਜਪਾ ਦੇ ਮੁਕਾਬਲੇ ਸਿਰਫ਼ ਉਹੋ ਪੂਰੇ ਦੇਸ਼ ਵਿਚ ਤਾਕਤ ਵਜੋਂ ਕਾਇਮ ਹੈ।

ਰਾਹੁਲ ਗਾਂਧੀ ਦੀ ਆਪਣੀ ਭਾਰਤ ਜੋੜੋ ਯਾਤਰਾ ਦਾ ਦੂਜਾ ਸੰਸਕਰਨ ਸ਼ੁਰੂ ਕਰਨ ਦੀ ਮਜਬੂਰੀ ਤੋਂ ਹੋਰ ਕੀ ਸਮਝਿਆ ਜਾ ਸਕਦਾ ਹੈ? ਇਸ ਰਾਹੀਂ ਇਕ ਪਾਸੇ ਉਹ ਆਪਣੀ ਲੀਡਰਸ਼ਿਪ ਨੂੰ ਵਾਜਿਬ ਠਹਿਰਾਉਣਾ ਚਾਹੁੰਦੇ ਹਨ ਅਤੇ ਨਾਲ ਹੀ ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਕਾਰਨ ਨਿਢਾਲ ਪਾਰਟੀ ਨੂੰ ਲੋੜੀਂਦੀ ਤਾਕਤ ਦੇਣਾ ਚਾਹੁੰਦੇ ਹਨ। ਜਾਪਦਾ ਹੈ, ਗਾਂਧੀ ਪਰਿਵਾਰ ਨੇ ਜੇਡੀਯੂ ਤੱਕ ਪਹੁੰਚ ਨਾ ਕਰ ਕੇ ਜਾਂ ਕਾਂਗਰਸ ਵੱਲੋਂ ਨਿਤੀਸ਼ ਕੁਮਾਰ ਨੂੰ ਅਣਡਿੱਠ ਕੀਤੇ ਜਾਣ ਦੇ ਮੱਦੇਨਜ਼ਰ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਕੋਈ ਕਦਮ ਨਾ ਉਠਾ ਕੇ, 'ਇੰਡੀਆ' ਦੀ ਸਥਾਪਨਾ ਤੋਂ ਬਾਅਦ ਕੀਤੀ ਥੋੜ੍ਹੀ-ਬਹੁਤ ਪੇਸ਼ਕਦਮੀ ਨੂੰ ਵੀ ਇਕ ਤਰ੍ਹਾਂ ਖ਼ੁਦ ਹੀ ਜਾਣ ਬੁੱਝ ਕੇ ਖੂਹ-ਖਾਤੇ ਪਾ ਦਿੱਤਾ। ਦੱਸਿਆ ਜਾਂਦਾ ਹੈ ਕਿ ਗਾਂਧੀ ਪਰਿਵਾਰ ਸਿਰਫ਼ ਲਾਲੂ ਪ੍ਰਸਾਦ ਯਾਦਵ ਦੀ ਹੀ ਸੁਣ ਰਿਹਾ ਸੀ ਜਿਸ ਨੂੰ ਨਿਤੀਸ਼ ਕੁਮਾਰ ਨੇ 'ਇੰਡੀਆ' ਦੇ ਸਹਿ-ਬਾਨੀ ਅਤੇ ਕੁਲੀਸ਼ਨ ਦੇ ਸਹਿ-ਨਿਰਮਾਤਾ ਹੋਣ ਦੇ ਆਪਣੇ ਰੁਤਬੇ ਵਜੋਂ ਖ਼ੁਦ ਲਈ ਅਪਮਾਨਜਨਕ ਮਹਿਸੂਸ ਕੀਤਾ।

ਇੰਝ ਜਾਪਦਾ ਹੈ, ਭਾਜਪਾ ਦੀ ਉੱਤਰੀ ਭਾਰਤ ਵਿਚ ਹੂੰਝਾ-ਫੇਰੂ ਜਿੱਤ ਤੋਂ ਬਾਅਦ ਇਸ ਦੇ ਹੱਕ ਵਿਚ ਹੋ ਰਹੀ ਇਕ ਹੋਰ ਵਿਸ਼ਾਲ ਲਾਮਬੰਦੀ, ਅਯੁੱਧਿਆ ਵਿਚ ਰਾਮ ਮੰਦਰ ਸਬੰਧੀ ਵੱਡੇ ਪੱਧਰ 'ਤੇ ਕੀਤੀ ਨੁਮਾਇਸ਼, ਪਾਰਟੀ ਦੇ ਹੱਕ ਵਿਚ ਸੰਭਵ ਹਿੰਦੂ ਧਰੁਵੀਕਰਨ, ਸਭ ਤੋਂ ਜ਼ਿਆਦਾ ਅਹਿਮ ਇਸ ਮੁੱਖ ਖੇਤਰ ਵਿਚ ਪਛੜੇ ਵਰਗਾਂ ਦੇ ਸ਼ਕਤੀਕਰਨ ਲਈ ਮੋਹਰੀ ਭੂਮਿਕਾ ਨਿਭਾਉਣ ਵਾਲੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦਾ ਐਵਾਰਡ ਦਿੱਤਾ ਜਾਣ ਆਦਿ ਘਟਨਾ ਚੱਕਰਾਂ ਤੋਂ ਰਾਹੁਲ ਗਾਂਧੀ ਉੱਕਾ ਹੀ ਅਣਜਾਣ ਸਨ। ਕਰਪੂਰੀ ਠਾਕੁਰ ਦੇ ਇਸ ਸਨਮਾਨ ਨੂੰ ਹੀ ਨਿਤੀਸ਼ ਕੁਮਾਰ ਦੀ ਐੱਨਡੀਏ ਵਿਚ 'ਘਰ ਵਾਪਸੀ' ਦੀ ਮੁੱਖ ਵਜ ?ਹਾ ਕਰਾਰ ਦਿੱਤਾ ਗਿਆ।

'ਇੰਡੀਆ' ਦੇ ਚੇਅਰਪਰਸਨ ਵਜੋਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਔਖੀ ਘੜੀ ਵਿਚ ਗੱਠਜੋੜ ਦੇ ਭਾਈਵਾਲਾਂ ਤੱਕ ਪਹੁੰਚ ਕੀਤੀ ਹੈ। ਸਮੱਸਿਆ ਇਹ ਹੈ ਕਿ ਉਨ੍ਹਾਂ ਨੂੰ ਗਾਂਧੀ ਪਰਿਵਾਰ ਦੇ ਪੈਰੋਕਾਰ ਵਜੋਂ ਹੀ ਦੇਖਿਆ ਜਾਂਦਾ ਹੈ, ਉਹ ਇਸੇ ਗੱਲ ਲਈ ਸਾਲਸ ਬਣੇ ਹੋਏ ਹਨ ਕਿ ਕਾਂਗਰਸ ਵਿਰੋਧੀ ਧਿਰ ਨੂੰ ਕਿਵੇਂ ਆਕਾਰ ਦਿੰਦੀ ਹੈ, ਨਾਲ ਹੀ ਖੇਤਰੀ ਭਾਈਵਾਲਾਂ ਨਾਲ ਆਪਣੀਆਂ ਗਿਣਤੀਆਂ-ਮਿਣਤੀਆਂ ਕਿਵੇਂ ਬਿਠਾਉਂਦੀ ਹੈ। ਮਮਤਾ ਬੈਨਰਜੀ, ਅਰਵਿੰਦ ਕੇਜਰੀਵਾਲ ਤੇ ਹੋਰ ਆਗੂਆਂ ਨੂੰ ਇੰਡੀਆ ਦੇ ਲੀਡਰ ਵਜੋਂ ਰਾਹੁਲ ਗਾਂਧੀ ਮਨਜ਼ੂਰ ਨਹੀਂ। ਸਹੀ ਹੋਵੇ ਭਾਵੇਂ ਗ਼ਲਤ ਪਰ ਉਹ ਆਪਣੇ ਆਪ ਨੂੰ ਕਾਂਗਰਸ ਦੇ ਬਰਾਬਰ ਮੰਨਦੇ ਹਨ। ਇਸ ਲਈ ਜਦੋਂ ਤੱਕ ਸੰਤੁਲਿਤ ਸਮੀਕਰਨਾਂ ਦੀ ਨੀਂਹ ਨਹੀਂ ਰੱਖ ਲਈ ਜਾਂਦੀ, ਉਦੋਂ ਤੱਕ ਇਸ ਤਜਰਬੇ ਦਾ ਨਾਕਾਮ ਹੋਣਾ ਤੈਅ ਹੈ।

# ਦੇਸ਼ ਵਿਚ ਵਧਦੇ ਬਾਲ ਸ਼ੋਸ਼ਣ ਦੇ ਮਾਮਲੇ

ਦੇਸ਼ ਵਿਚ ਬੱਚਿਆਂ ਦੇ ਸ਼ੋਸ਼ਣ ਅਤੇ ਬੱਚੀਆਂ ਨਾਲ ਜਬਰ ਜਨਾਹ ਦੇ ਮਾਮਲਿਆਂ ਵਿਚ ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਹੋ ਰਹੇ ਵਾਧੇ ਨੇ ਦੇਸ਼ ਦੇ ਹਿਤੈਸ਼ੀਆਂ, ਬੁੱਧੀਜੀਵੀਆਂ ਅਤੇ ਮਨੋ ਵਿਗਿਆਨਕਾਂ ਨੂੰ ਹੈਰਾਨ ਕਰ ਦਿੱਤਾ ਹੈ। ਇਸ ਮਾਮਲੇ ਵਿਚ ਇਕ ਖ਼ਾਸ ਅਤੇ ਵਧੇਰੇ ਚਿੰਤਾਜਨਕ ਪੱਖ ਇਹ ਹੈ ਕਿ ਸਾਲ 2016 ਤੋਂ ਲੈ ਕੇ ਅੱਜ ਤੱਕ, ਸਾਲ 2020 ਨੂੰ ਛੱਡ ਕੇ, ਇਹੋ ਜਿਹੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋਇਆ ਹੈ। ਦੇਸ਼ ਵਿਚ ਬਾਲ ਸੁਧਾਰ ਲਈ ਕਾਰਜਸ਼ੀਲ ਸੰਸਥਾ 'ਚਾਈਲਡ ਰਾਈਟਸ ਐਂਡ ਯੂ' ਮਤਲਬ ਕ੍ਰਾਈ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਪਿਛਲੇ ਛੇ ਮਹੀਨਿਆਂ ਵਿਚ ਨਸ਼ਰ ਕੀਤੇ ਗਏ ਅੰਕੜੇ ਦੋ ਗੁਣਾਂ ਤੱਕ ਵਧ ਗਏ ਹਨ। ਸਾਲ 2016 ਵਿਚ ਬਾਲ ਸ਼ੋਸ਼ਣ ਅਤੇ ਬਾਲ ਜਬਰ ਜਨਾਹ ਦੇ ਮਾਮਲੇ ਦੇਸ਼ ਭਰ ਵਿਚ 19,764 ਸਨ, ਜੋ ਸਾਲ 2022 ਦੇ ਅਖੀਰ ਤੱਕ ਵਧ ਕੇ 38,911 ਹੋ ਗਏ ਹਨ। ਬਿਨਾਂ ਸ਼ੱਕ ਇਹ ਅੰਕੜਾ ਅਪਰਾਧ ਵਿਚ ਵਾਧਾ ਹੋਣ ਦਾ ਸੂਚਕ ਹੈ, ਪਰ ਇਸ ਦਾ ਇਕ ਹੋਰ ਕਾਰਨ ਦੇਸ਼ ਵਿਚ ਸਮਾਜਿਕ ਤੌਰ 'ਤੇ ਆਮ ਲੋਕਾਂ ਵਿਚ ਜਾਗ੍ਰਿਤੀ ਜਾਂ ਚੇਤਨਤਾ ਦਾ ਵਧਣਾ ਵੀ ਸ਼ਾਮਿਲ ਹੈ।

ਪਹਿਲਾਂ ਅਕਸਰ ਅਜਿਹੇ ਵਧੇਰੇ ਮਾਮਲਿਆਂ ਨੂੰ ਆਮ ਲੋਕ ਬਦਨਾਮੀ ਦੇ ਡਰ ਤੋਂ ਪੁਲਿਸ ਕੋਲ ਲੈ ਕੇ ਜਾਣ ਤੋਂ ਸੰਕੋਚ ਕਰਦੇ ਸਨ। ਜੋ ਮਾਮਲੇ ਪੁਲਿਸ ਦੇ ਰਿਕਾਰਡ ਵਿਚ ਦਰਜ ਹੋ ਵੀ ਜਾਂਦੇ ਸਨ, ਉਨ੍ਹਾਂ 'ਤੇ ਵੀ ਅੱਗੇ ਉਨ੍ਹਾਂ ਨੂੰ ਫ਼ੈਸਲੇ ਤੱਕ ਲੈ ਕੇ ਜਾਣ ਲਈ ਪੀੜਤ ਧਿਰ ਵਿਚ ਝਿਜਕ ਬਣੀ ਰਹਿੰਦੀ ਸੀ। ਇਸ ਕਾਰਨ ਇਹੋ ਜਿਹੀਆਂ ਘਟਨਾਵਾਂ ਵਿਚ ਵਾਧੇ ਦੇ ਅੰਕੜੇ ਜਨਤਕ ਨਹੀਂ ਹੁੰਦੇ ਸਨ, ਪਰ ਹੁਣ ਜਿਥੇ ਇਕ ਪਾਸੇ ਆਮ ਲੋਕ ਇਸ ਬਾਰੇ ਜਾਗਰੂਕ ਹੋਏ ਹਨ, ਉਥੇ ਦੂਜੇ ਪਾਸੇ ਸਮਾਜਸੇਵੀ ਸੰਸਥਾਵਾਂ ਵੀ ਅਜਿਹੇ ਮਾਮਲਿਆਂ ਦਾ ਖ਼ੁਦ ਪਤਾ ਲਗਾ ਕੇ ਪੈਰਵੀ ਲਈ ਅੱਗੇ ਆਉਣ ਲੱਗੀਆਂ ਹਨ। ਇਸ ਕਾਰਨ ਵੀ ਇਹੋ ਜਿਹੀਆਂ ਘਟਨਾਵਾਂ ਦੇ ਅੰਕੜਿਆਂ 'ਚ ਵਾਧਾ ਹੋਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ। ਇਸ ਰਿਪੋਰਟ ਵਿਚ ਇਹ ਵੀ ਖੁਲਾਸਾ ਹੋਇਆ ਹੈ ਕਿ ਕਾਨੂੰਨੀ ਸੁਧਾਰ ਅਤੇ ਨਿਆਂ ਪ੍ਰਕਿਰਿਆ ਵਿਚ ਤੇਜ਼ੀ ਨਾਲ ਵੀ ਇਹੋ ਜਿਹੇ ਮਾਮਲੇ ਵਧੇਰੇ ਸਾਹਮਣੇ ਆਉਣ ਲੱਗੇ ਹਨ।



ਦੇਸ਼ ਅਤੇ ਸਮਾਜ ਵਿਚ ਬਾਲ ਸ਼ੋਸ਼ਣ ਅਤੇ ਬਾਲ ਸਰੀਰਕ ਛੇੜਛਾੜ ਦੀਆਂ ਘਟਨਾਵਾਂ ਵਿਚ ਵਾਧੇ ਦਾ ਇਕ ਹੋਰ ਵੱਡਾ ਕਾਰਨ ਗ਼ਰੀਬੀ ਦਾ ਵਧਣਾ ਵੀ ਹੈ। ਬੱਚਿਆਂ ਨਾਲ ਕੁਕਰਮ ਦਾ ਵੱਡਾ ਕੇਂਦਰ ਉਹ ਥਾਵਾਂ ਬਣਦੀਆਂ ਹਨ, ਜਿਥੇ ਛੋਟੇ ਬੱਚਿਆਂ ਤੋਂ ਜ਼ਬਰਦਸਤੀ ਕੰਮ ਕਰਵਾਇਆ ਜਾਂਦਾ ਹੈ ਜਾਂ ਮਜਬੂਰੀਵਸ ਮਾਪੇ ਉਨ੍ਹਾਂ ਨੂੰ ਕੰਮ 'ਤੇ ਭੇਜਦੇ ਹਨ। ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਨਾਬਾਲਗ ਬੱਚੀਆਂ ਨਾਲ ਜਬਰ ਜਨਾਹ ਕੀਤੇ ਜਾਣ ਦੀਆਂ ਘਟਨਾਵਾਂ ਵੀ ਇਸੇ ਲੜੀ ਵਿਚ ਸ਼ੁਮਾਰ ਹਨ। ਸਮਾਜ ਵਿਚ ਪਿਛਲੇ ਕੁਝ ਸਾਲਾਂ ਤੋਂ ਇਹੋ ਜਿਹੀਆਂ ਜਬਰ ਜਨਾਹ ਦੀਆਂ ਘਟਨਾਵਾਂ ਵਿਚ ਇਕਦਮ ਵਾਧਾ ਹੋਇਆ ਹੈ, ਬੇਸ਼ੱਕ ਅਦਾਲਤਾਂ ਇਨ੍ਹਾਂ ਮਾਮਲਿਆਂ ਵਿਚ ਵਧੇਰੇ ਸਰਗਰਮੀ ਅਤੇ ਚੌਕਸੀ ਦਿਖਾਉਂਦੀਆਂ ਆਈਆਂ ਹਨ। ਸਰਕਾਰ ਵਲੋਂ ਔਰਤਾਂ ਅਤੇ ਬਾਲ ਸੁਰੱਖਿਆ ਅਤੇ ਸਾਂਭ-ਸੰਭਾਲ ਸੰਬੰਧੀ ਕਾਨੂੰਨਾਂ ਵਿਚ ਕੀਤੇ ਗਏ ਸੁਧਾਰਾਂ ਨੇ ਵੀ ਸਮਾਜ ਵਿਚ ਜਾਗਰੂਕਤਾ ਪੈਦਾ ਕੀਤੀ ਹੈ। ਪਰ ਇਸ ਦੇ ਬਾਵਜੂਦ ਨਾਬਾਲਗ ਲੜਕੀਆਂ ਨਾਲ ਜਬਰ ਜਨਾਹ ਦੀਆਂ ਘਟਨਾਵਾਂ ਵਿਚ ਕੋਈ ਵੱਡੀ ਕਮੀ ਦਰਜ ਨਹੀਂ ਹੋਈ। ਦੇਸ਼ ਦਾ ਕੋਈ ਵੀ ਹਿੱਸਾ ਇਸ ਅਪਰਾਧਿਕ ਰੋਗ ਤੋਂ ਮੁਕਤ ਨਹੀਂ ਹੈ। ਪੰਜਾਬ ਵੀ ਇਹੋ ਜਿਹੀਆਂ ਅਪਰਾਧਿਕ ਘਟਨਾਵਾਂ ਤੋਂ ਬਚਿਆ ਹੋਇਆ ਨਹੀਂ ਹੈ। ਲੁਧਿਆਣਾ ਵਿਚ ਇਸੇ ਸਾਲ ਜਨਵਰੀ ਵਿਚ ਚਾਰ ਸਾਲਾਂ ਦੀ ਇਕ ਬੱਚੀ ਦੀ ਹੱਤਿਆ ਤੋਂ ਬਾਅਦ ਉਸ ਨਾਲ ਜਬਰ ਜਨਾਹ ਕੀਤੇ ਜਾਣ ਦੀ ਘਟਨਾ ਕਰਕੇ ਇਲਾਕੇ ਵਿਚ ਸਨਸਨੀ ਫੈਲ ਗਈ ਸੀ। ਚੰਡੀਗੜ੍ਹ ਵਿਚ ਇਕ ਨਾਬਾਲਗ ਬੱਚੀ ਦੀ ਗੁੰਮਸ਼ੁਦਗੀ ਤੋਂ ਬਾਅਦ ਉੱਚ ਅਦਾਲਤ ਦੀ ਫਟਕਾਰ ਤੋਂ ਬਾਅਦ ਹੀ ਪ੍ਰਸ਼ਾਸਨ ਅਤੇ ਪੁਲਿਸ ਹਰਕਤ ਵਿਚ ਆਈ ਸੀ। ਜਲੰਧਰ ਵਿਚ ਇਸੇ ਮਹੀਨੇ ਇਕ ਨਾਬਾਲਗ ਲੜਕੀ ਨਾਲ ਸਮੂਹਿਕ ਜਬਰ ਜਨਾਹ ਕੀਤੇ ਜਾਣ ਦੀ ਬੇਹੱਦ ਸ਼ਰਮਨਾਕ ਘਟਨਾ ਵਾਪਰੀ ਸੀ। ਇਹੋ ਜਿਹੀਆਂ ਘਟਨਾਵਾਂ ਦਾ ਇਕ ਪਹਿਲੂ ਇਹ ਵੀ ਰਿਹਾ ਹੈ ਕਿ ਰੌਸ਼ਨੀਆਂ ਦੀ ਚਕਾਚੌਂਧ ਵਾਲੇ ਸ਼ਹਿਰਾਂ ਵਿਚ ਇਹੋ ਜਿਹੀਆਂ ਘਟਨਾਵਾਂ ਵਿਚ ਵੀ ਵਾਧਾ ਹੋਇਆ ਹੈ। ਮਨੋਚਿਕਿਤਸਕਾਂ ਅਨੁਸਾਰ ਪਰਿਵਾਰਿਕ ਅਤੇ ਜਾਣਕਾਰੀ ਵਾਲੇ ਦਾਇਰੇ ਵਿਚ ਇਹੋ ਜਿਹੀਆਂ ਘਟਨਾਵਾਂ ਹੋਣਾ ਬੜੀ ਚਿੰਤਾ ਦਾ ਵਿਸ਼ਾ ਹੈ। ਉੱਤਰਾਖੰਡ ਦੇ ਹਲਦਵਾਨੀ ਖੇਤਰ ਵਿਚ ਔਰਤਾਂ ਅਤੇ ਲੜਕੀਆਂ ਦੇ ਬਚਾਅ ਲਈ ਬਣਾਏ ਗਏ ਇਕ ਆਸ਼ਰਮ ਵਿਚ ਮਾਨਸਿਕ ਤੌਰ 'ਤੇ ਬਿਮਾਰ ਇਕ ਬੱਚੀ ਨਾਲ ਜਬਰ ਜਨਾਹ ਕੀਤੇ ਜਾਣ ਦੀ ਘਟਨਾ ਨੂੰ ਦੇਖਦੇ ਹੋਏ ਦੋ ਮਹਿਲਾ ਮੈਂਬਰਾਂ ਦੀ ਗ੍ਰਿਫ਼ਤਾਰੀ ਸਰਕਾਰੀ ਪੱਧਰ 'ਤੇ ਪ੍ਰਸ਼ਾਸਨ ਦੀ ਕਮਜ਼ੋਰੀ ਨੂੰ ਦਰਸਾਉਂਦੀ ਹੈ। ਉੱਤਰ ਪ੍ਰਦੇਸ਼ ਦੇ ਸੋਨਭੱਦਰ ਵਿਚ ਇਕ ਵਿਧਾਇਕ ਨੂੰ ਇਕ ਵਿਸ਼ੇਸ਼ ਅਦਾਲਤ ਵਲੋਂ ਇਕ ਨਾਬਾਲਗ ਲੜਕੀ ਨਾਲ ਕੀਤੇ ਜਬਰਜਨਾਹ ਦੇ ਮਾਮਲੇ ਵਿਚ ਪੋਕਸੋ ਕਾਨੂੰਨ ਤਹਿਤ 25 ਸਾਲਾਂ ਦੀ ਕੈਦ ਦੀ ਸਜ਼ਾ ਦਿੱਤੇ ਜਾਣਾ ਵੀ ਇਸ ਵੱਲ ਇਸ਼ਾਰਾ ਕਰਦਾ ਹੈ ਕਿ ਕਾਨੂੰਨ ਬਣਾਉਣ ਵਾਲਿਆਂ ਵਲੋਂ ਹੀ ਕਾਨੂੰਨ ਦੀ ਉਲੰਘਣਾ ਇਕ ਵੱਡਾ ਮਾਮਲਾ ਬਣਦਾ ਹੈ।

ਅਸੀਂ ਸਮਝਦੇ ਹਾਂ ਕਿ ਇਸ ਸੰਬੰਧ ਵਿਚ ਸਮਾਜ ਅਤੇ ਪ੍ਰਸ਼ਾਸਨਿਕ ਪੱਧਰ 'ਤੇ ਵਧੇਰੇ ਚੌਕਸੀ, ਜਾਗਰੂਕਤਾ ਅਤੇ ਮੁਸਤੈਦ ਤੇ ਸਰਗਰਮ ਰਹਿਣ ਦੀ ਲੋੜ ਹੈ। ਸਹੀ ਭਾਵਨਾ ਅਤੇ ਈਮਾਨਦਾਰੀ ਨਾਲ ਕਾਨੂੰਨਾਂ ਨੂੰ ਲਾਗੂ ਕੀਤੇ ਜਾਣ ਨਾਲ ਬਿਨਾਂ ਸ਼ੱਕ ਇਹੋ ਜਿਹੀਆਂ ਘਟਨਾਵਾਂ 'ਤੇ ਕਾਫੀ ਹੱਦ ਤੱਕ ਰੋਕ ਲਗਾਈ ਜਾ ਸਕਦੀ ਹੈ। ਇਹੋ ਜਿਹੇ ਮਾਮਲਿਆਂ ਵਿਚ ਪ੍ਰਭਾਵੀ ਜਾਂਚ ਤੇ ਪੀੜਤਾਂ ਦੀ ਸੁਰੱਖਿਆ ਅਤੇ ਨਿਆਂ ਦੇਣ ਲਈ ਠੋਸ ਯਤਨ ਉਨ੍ਹਾਂ ਦੀ ਪੀੜਾ ਨੂੰ ਘੱਟ ਕਰਨ 'ਚ ਸਹਾਇਤਾ ਕਰ ਸਕਦੇ ਹਨ। ਅਸੀਂ ਸਮਝਦੇ ਹਾਂ ਕਿ ਬੱਚਿਆਂ ਅਤੇ ਵਿਸ਼ੇਸ਼ ਤੌਰ 'ਤੇ ਨਾਬਾਲਗ ਬੱਚੀਆਂ ਨੂੰ ਇਸ ਘਿਨਾਉਣੇ ਅਪਰਾਧ ਤੋਂ ਬਚਾਉਣ ਲਈ ਸਮਾਜ ਅਤੇ ਨਿਆਂ ਵਿਵਸਥਾ ਨੂੰ ਪ੍ਰਭਾਵੀ ਢੰਗ ਨਾਲ ਕੰਮ ਕਰਨ ਦੀ ਵੱਡੀ ਲੋੜ ਹੈ।

# ਵਰਦਾਨ ਤੇ ਸਰਾਪ ਹੈ ਪਰਵਾਸ

- ਜਤਿੰਦਰ ਪੰਮੀ



ਪਰਵਾਸ ਮਨੁੱਖੀ ਜੀਵਨ ਚੱਕਰ ਦਾ ਹਿੱਸਾ ਮੰਨਿਆ ਜਾਂਦਾ ਹੈ ਤੇ ਇਹ ਜੀਵਨ ਚੱਕਰ ਪੁਰਾਤਨ ਕਾਲ ਤੋਂ ਹੀ ਚਲਿਆ ਆ ਰਿਹਾ ਹੈ। ਇਤਿਹਾਸ 'ਤੇ ਝਾਤ ਮਾਰੀਏ ਤਾਂ ਸਦੀਆਂ ਤੋਂ ਹੀ ਕੁਝ ਲੋਕ ਬਿਹਤਰ ਜ਼ਿੰਦਗੀ ਜਿਊਣ ਲਈ ਸਹੂਲਤਾਂ ਦੀ ਤਲਾਸ਼ 'ਚ ਪਰਵਾਸ ਕਰਦੇ ਰਹੇ ਹਨ ਅਤੇ ਕੁਝ ਹਾਕਮ ਲੋਕ ਆਪਣੀ ਸੱਤਾ ਦਾ ਘੇਰਾ ਵਧਾਉਣ ਲਈ ਏਧਰ-ਓਧਰ ਅਤੇ ਵਿਦੇਸ਼ੀ ਧਰਤੀਆਂ 'ਤੇ ਜਾਂਦੇ ਰਹੇ ਹਨ। ਇਹ ਵਿਦੇਸ਼ੀ ਹਮਲਾਵਰ, ਜਿਹੜੇ ਜੰਗਾਂ-ਯੁੱਧਾਂ ਰਾਹੀਂ ਦੂਜੇ ਦੇਸ਼ਾਂ ਦੇ ਲੋਕਾਂ ਨੂੰ ਆਪਣੇ ਗ਼ੁਲਾਮ ਬਣਾ ਲੈਂਦੇ ਸਨ ਅਤੇ ਕਈ ਤਾਂ ਗ਼ੁਲਾਮਾਂ ਨੂੰ ਬੰਧੂਆ ਬਣਾ ਕੇ ਆਪਣੇ ਦੇਸ਼ਾਂ 'ਚ ਵੀ ਲੈ ਜਾਂਦੇ ਰਹੇ ਸਨ। ਕੁਝ ਲੋਕ ਆਪਣੀਆਂ ਜਾਨਾਂ ਬਚਾਉਣ ਜਾਂ ਜੀਵਨ ਦੇ ਹੋਰ ਵਸੀਲੇ ਤੇ ਸਥਾਨ ਲੱਭਣ ਲਈ ਦੂਸਰੀਆਂ ਥਾਵਾਂ 'ਤੇ ਚਲੇ ਜਾਂਦੇ ਸਨ। ਗ਼ੁਲਾਮੀ ਹੰਢਾਉਣ ਵਾਲੇ ਬਹੁਤੇ ਦੇਸ਼ਾਂ ਦੇ ਲੋਕਾਂ ਨੇ ਬਿਹਤਰ ਜੀਵਨ ਦੀ ਤਲਾਸ਼ ਵਿਚ ਵੀ ਵਿਕਸਿਤ ਦੇਸ਼ਾਂ ਵੱਲ ਨੂੰ ਰੁਖ਼ ਕਰਨਾ ਸ਼ੁਰੂ ਕਰ ਦਿੱਤਾ ਅਤੇ ਇੱਥੋਂ ਹੀ ਪਰਵਾਸ ਦੀ ਸ਼ੁਰੂਆਤ ਹੋਈ। ਪਰਵਾਸ ਕਰਨ ਦਾ ਇਹ ਸਿਲਸਿਲਾ ਮੌਜੂਦਾ ਸਮੇਂ ਵੀ ਜਾਰੀ ਹੈ। ਪਰਵਾਸ ਨਾ ਸਿਰਫ਼ ਮਨੁੱਖ ਹੀ ਕਰਦੇ ਹਨ ਬਲਕਿ ਪਰਿੰਦੇ ਵੀ ਪਰਵਾਸ ਕਰਦੇ ਹਨ, ਜਿਸ ਦਾ ਸਬੂਤ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੀਆਂ ਕੁਝ ਝੀਲਾਂ (ਵੈੱਟ ਲੈਂਡਜ਼)'ਤੇ ਆਉਣ ਵਾਲੇ ਪਰਵਾਸੀ ਪੰਛੀਆਂ ਤੋਂ ਮਿਲਦਾ ਹੈ। ਇਹ ਪੰਛੀ ਸਰਦੀਆਂ ਦੇ ਦਿਨਾਂ 'ਚ ਸਾਇਬੇਰੀਆ ਅਤੇ ਦੱਖਣੀ ਅਫਰੀਕੀ ਦੇਸ਼ਾਂ ਤੋਂ ਹਜ਼ਾਰਾਂ ਮੀਲਾਂ ਦੀ ਦੂਰੀ ਤਹਿ ਕਰ ਕੇ ਪੰਜਾਬ ਦੀ ਧਰਤੀ 'ਤੇ ਆਉਂਦੇ ਹਨ।

ਭਾਰਤ 'ਚੋਂ ਵਿਦੇਸ਼ਾਂ ਵੱਲ ਪਰਵਾਸ ਦਾ ਸਿਲਸਿਲਾ ਉਦੋਂ ਸ਼ੁਰੂ ਹੋਇਆ ਜਦੋਂ ਸਾਡਾ ਦੇਸ਼ ਬਰਤਾਨਵੀ ਹਾਕਮਾਂ ਦਾ ਗ਼ੁਲਾਮ ਸੀ। ਉਸ ਵੇਲੇ ਗ਼ੁਲਾਮ ਪ੍ਰਥਾ ਚੱਲਦੀ ਸੀ ਅਤੇ ਬਰਤਾਨਵੀ ਹਕੂਮਤ ਆਪਣੇ ਅਧੀਨ ਗ਼ੁਲਾਮ ਦੇਸ਼ਾਂ ਦੇ ਲੋਕਾਂ ਨੂੰ ਜਬਰੀ ਆਪਣੇ ਕੰਮਾਂ ਲਈ ਲੈ ਜਾਂਦੇ ਸਨ। 1833 'ਚ ਬਰਤਾਨਵੀ ਹਕੂਮਤ ਨੇ ਗ਼ੁਲਾਮ ਪ੍ਰਥਾ ਬੰਦ ਕਰ ਦਿੱਤੀ ਪਰ ਗ਼ੁਲਾਮਾਂ ਨੂੰ ਲਿਜਾਣ ਲਈ ਨਵਾਂ ਢੰਗ ਲੱਭ ਲਿਆ ਅਤੇ ਭਾਰਤੀਆਂ ਨੂੰ ਬੰਧੂਆ ਮਜ਼ਦੂਰ ਬਣਾ ਕੇ ਆਪਣੀ ਲੋੜ ਮੁਤਾਬਕ ਬਰਤਾਨੀਆ ਜਾਂ ਆਪਣੇ ਅਧੀਨ ਹੋਰ ਮੁਲਕਾਂ 'ਚ ਭੇਜਣਾ ਸ਼ੁਰੂ ਕਰ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਵੇਲਿਆਂ ਦੇ ਕੁਝ ਅਮੀਰ ਲੋਕ ਆਪਣੇ ਬੱਚਿਆਂ ਨੂੰ ਵਲਾਇਤ ਪੜ੍ਹਨ ਲਈ ਵੀ ਭੇਜਿਆ ਕਰਦੇ ਸਨ। ਉਨ੍ਹਾਂ ਵਿੱਚੋਂ ਕੁਝ ਲੋਕ ਇੰਗਲੈਂਡ ਤੋਂ ਇਲਾਵਾ ਹੋਰਨਾਂ ਦੇਸ਼ਾਂ 'ਚ ਜਾਣੇ ਸ਼ੁਰੂ ਹੋਏ।

ਹੌਲ਼ੀ-ਹੌਲ਼ੀ ਲੋਕ ਵੱਖ-ਵੱਖ ਢੰਗਾਂ ਰਾਹੀਂ ਵਿਦੇਸ਼ਾਂ ਨੂੰ ਪਰਵਾਸ ਕਰਨ ਲੱਗੇ, ਜਿਨ੍ਹਾਂ 'ਚ ਇਸ ਵੇਲੇ ਵਿਦੇਸ਼ ਜਾਣ ਦਾ ਕਾਨੂੰਨੀ ਢੰਗ ਸਟੱਡੀ ਵੀਜ਼ਾ, ਵਰਕ ਪਰਮਿਟ, ਪੀਆਰ, ਬਿਜ਼ਨੈੱਸ ਵੀਜ਼ਾ ਆਦਿ ਬਣ ਚੁੱਕੇ ਹਨ ਜਦੋਂ ਕਿ ਗ਼ੈਰਕਾਨੂੰਨੀ ਢੰਗ ਨਾਲ ਵੀ ਲੋਕ ਯੂਰਪੀ ਦੇਸ਼ਾਂ ਤੇ ਅਮਰੀਕਾ 'ਚ ਪਰਵਾਸ ਕਰ ਰਹੇ ਹਨ। ਹਰ ਸਾਲ ਭਾਰਤ ਤੇ ਵਿਸ਼ੇਸ਼ ਕਰਕੇ ਪੰਜਾਬ 'ਚੋਂ ਲੱਖਾਂ ਨੌਜਵਾਨ ਵਿਦੇਸ਼ਾਂ 'ਚ ਜਾ ਰਹੇ ਹਨ। ਪੰਜਾਬ ਦਾ ਕੋਈ ਪਿੰਡ ਜਾਂ ਸ਼ਹਿਰ ਅਜਿਹਾ ਨਹੀਂ ਹੈ, ਜਿੱਥੋਂ ਲੋਕ ਪਰਵਾਸ ਕਰ ਕੇ ਵਿਦੇਸ਼ ਨਾ ਗਏ ਹੋਣ। ਪਰਵਾਸੀ ਭਾਰਤੀ ਦਿਵਸ ਇਸ ਲਈ ਵੀ ਅਹਿਮ ਹੈ ਕਿਉਂਕਿ ਇਹ ਨਾ ਸਿਰਫ਼ ਐੱਨ.ਆਰ.ਆਈਜ਼ ਨੂੰ ਉਨ੍ਹਾਂ ਦੇ ਮੂਲ ਨਾਲ ਜੋੜਦਾ ਹੈ ਬਲਕਿ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਵੀ ਮਾਨਤਾ ਦਿੰਦਾ ਹੈ। ਇਹ ਦਿਨ ਦੂਜੇ ਦੇਸ਼ਾਂ ਵਿੱਚ ਕੰਮ ਕਰ ਰਹੇ ਭਾਰਤੀ ਪਰਵਾਸੀਆਂ ਦੁਆਰਾ ਅਨੁਭਵ ਕੀਤੀਆਂ ਚੁਣੌਤੀਆਂ ਨੂੰ ਵੀ ਮਾਨਤਾ ਦਿੰਦਾ ਹੈ।

ਆਜ਼ਾਦੀ 'ਚ ਪਰਵਾਸੀ ਭਾਰਤੀਆਂ ਦਾ ਯੋਗਦਾਨ : ਬਰਤਾਨਵੀ ਹਕੂਮਤ ਦੌਰਾਨ ਗ਼ੁਲਾਮਾਂ ਵਾਲੀਆਂ ਤਰਸਯੋਗ ਹਾਲਤਾਂ 'ਚੋਂ ਨਿਕਲ ਕਈ ਨੌਜਵਾਨਾਂ ਨੇ ਵਿਦੇਸ਼ਾਂ ਵੱਲ ਰੁਖ਼ ਕੀਤਾ। ਬਹੁਤੇ ਨੌਜਵਾਨ ਅਮਰੀਕਾ ਤੇ ਕੈਨੇਡਾ ਦੀ ਧਰਤੀ 'ਤੇ ਪਰਵਾਸ ਕਰ ਕੇ ਚਲੇ ਗਏ। ਉਨ੍ਹਾਂ 'ਚੋਂ ਕਈਆਂ ਨੇ ਉਥੋਂ ਦਾ ਰਹਿਣ-ਸਹਿਣ ਤੇ ਵਧੀਆ ਜੀਵਨ ਵੇਖ ਕੇ ਭਾਰਤੀ ਲੋਕਾਂ ਦੇ ਮਾੜੀਆਂ ਹਾਲਤਾਂ ਵਾਲੇ ਜੀਵਨ ਨਾਲ ਤੁਲਨਾ ਕੀਤੀ ਅਤੇ ਉਨ੍ਹਾਂ ਅੰਦਰ ਦੇਸ਼ ਭਗਤੀ ਦਾ ਜਜ਼ਬਾ ਜਾਗਿਆ ਤਾਂ ਉਨ੍ਹਾਂ ਨੇ ਦੇਸ਼ ਨੂੰ ਬਰਤਾਨਵੀ ਹਕੂਮਤ ਦੀ ਗ਼ੁਲਾਮੀ ਦੀਆ ਜ਼ੰਜੀਰਾਂ ਤੋਂ ਮੁਕਤ ਕਰਵਾਉਣ ਲਈ ਅੰਗਰੇਜ਼ ਹਾਕਮਾਂ ਵਿਰੁੱਧ ਸੰਘਰਸ਼ ਆਰੰਭਿਆ, ਜਿਸ ਨੂੰ ਗ਼ਦਰ ਲਹਿਰ ਦਾ ਨਾਂ ਦਿੱਤਾ ਗਿਆ। ਇਸ ਤਰ੍ਹਾਂ 20ਵੀਂ ਸਦੀ ਦੇ ਸ਼ੁਰੂਆਤ 'ਚ ਫਰਵਰੀ 1913 'ਚ ਗ਼ਦਰ ਪਾਰਟੀ ਦਾ ਗਠਨ ਕੀਤਾ ਗਿਆ ਅਤੇ ਇਸ ਨਾਲ ਜੁੜਨ ਵਾਲੇ ਦੇਸ਼ ਭਗਤਾਂ ਨੂੰ ਗ਼ਦਰੀ ਬਾਬਿਆਂ ਦਾ ਨਾਂ ਦਿੱਤਾ ਗਿਆ। ਇਨ੍ਹਾਂ ਗ਼ਦਰੀ ਬਾਬਿਆਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਵਾਸਤੇ ਅੰਗਰੇਜ਼ ਹਾਕਮਾਂ ਨਾਲ ਸਿੱਧੀ ਟੱਕਰ ਲੈਣ ਲਈ ਗ਼ਦਰ ਦੀ ਸ਼ੁਰੂਆਤ ਕਰਨ ਦੇ ਉਦੇਸ਼ ਨਾਲ ਦੇਸ਼ ਵੱਲ ਵਹੀਰਾਂ ਘੱਤ ਲਈਆਂ। ਉਨ੍ਹਾਂ ਨੇ ਦੇਸ਼ ਖ਼ਾਤਰ ਕੁਰਬਾਨੀਆਂ ਕੀਤੀਆਂ। ਗ਼ਦਰ ਲਹਿਰ ਦੌਰਾਨ ਕੁਰਬਾਨੀਆਂ ਦੇਣ ਵਾਲਿਆਂ 'ਚ ਮੁੱਖ ਤੌਰ 'ਤੇ ਬਾਬਾ ਸੋਹਨ ਸਿੰਘ ਭਕਨਾ, ਕੇਸਰ ਸਿੰਘ, ਬਾਬਾ ਜਵਾਲਾ ਸਿੰਘ, ਕਰਤਾਰ ਸਿੰਘ ਸਰਾਭਾ, ਪੰਡਿਤ ਕਾਂਸ਼ੀ ਰਾਮ, ਮੁਨਸ਼ੀ ਰਾਮ, ਲਾਲਾ ਠੱਕਰ ਦਾਸ, ਲਾਲਾ ਹਰਦਿਆਲ, ਊਧਮ ਸਿੰਘ, ਭਾਈ ਪਰਮਾਨੰਦ, ਤਾਰਕ ਨਾਥ ਦਾਸ, ਵਿਸ਼ਣੂ ਗਨੇਸ਼ ਪਿੰਗਲੇ, ਭਗਵਾਨ ਸਿੰਘ ਗਿਆਨੀ, ਸੰਤੋਖ ਸਿੰਘ, ਬਲਵੰਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਸ਼ਾਮਲ ਸਨ। ਉਨ੍ਹਾਂ ਤੋਂ ਇਲਾਵਾ ਕਾਮਾਗਾਟਾਮਾਰੂ ਘਟਨਾ ਦੇ ਸ਼ਹੀਦ, ਜਿਨ੍ਹਾਂ ਦੀ ਅਗਵਾਈ ਬਾਬਾ ਗੁਰਦਿੱਤ ਸਿੰਘ ਕਾਮਾਗਾਟਮਾਰੂ (ਸਰਹਾਲੀ ਕਲਾਂ, ਜ਼ਿਲ੍ਹਾ ਤਰਨਤਾਰਨ) ਵੱਲੋਂ ਕੀਤੀ ਗਈ ਸੀ, ਵੀ ਸ਼ਾਮਲ ਸਨ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ, ਜਿਨ੍ਹਾਂ ਨੇ ਜਲਾਵਤਨੀ ਕਾਰਨ ਵਿਦੇਸ਼ਾਂ 'ਚ ਰਹਿ ਕੇ ਆਜ਼ਾਦੀ ਦੀ ਲੜਾਈ 'ਚ ਯੋਗਦਾਨ ਪਾਇਆ ਸੀ।

ਮਾਂ-ਬੋਲੀ ਦੀ ਪ੍ਰਫੁੱਲਤਾ 'ਚ ਯੋਗਦਾਨ : ਪਰਵਾਸੀ ਪੰਜਾਬੀਆਂ ਦਾ ਆਪਣੇ ਪਿੰਡਾਂ ਦੇ ਵਿਕਾਸ ਤੇ ਖੇਡਾਂ 'ਚ ਯੋਗਦਾਨ ਪਾਉਣ ਤੋਂ ਇਲਾਵਾ ਮਾਤ ਭਾਸ਼ਾ ਪੰਜਾਬੀ ਦੀ ਪ੍ਰਫੁੱਲਤਾ ਲਈ ਵੀ ਅਹਿਮ ਯੋਗਦਾਨ ਰਿਹਾ ਹੈ। ਇਨ੍ਹਾਂ 'ਚ ਵਿਦੇਸ਼ਾਂ ਅੰਦਰ ਰਹਿ ਕੇ ਪੰਜਾਬੀ 'ਚ ਰਚੇ ਗਏ ਸਾਹਿਤ ਤੋਂ ਇਲਾਵਾ ਵੱਖ-ਵੱਖ ਸਾਹਿਤਕ ਸੰਸਥਾਵਾਂ ਵੱਲੋਂ ਕਰਵਾਈਆਂ ਜਾਂਦੀਆਂ ਵਿਸ਼ਵ ਪੰਜਾਬੀ ਕਾਨਫਰੰਸਾਂ ਤੇ ਕੌਮਾਂਤਰੀ ਪੱਧਰ ਦੇ ਸੈਮੀਨਾਰ ਤੇ ਸਾਹਿਤਕ ਸੰਮੇਲਨ ਵੀ ਸ਼ਾਮਲ ਹਨ। ਵਿਸ਼ਵ ਪੰਜਾਬੀ ਕਾਨਫਰੰਸ ਕਰਵਾਉਣ 'ਚ ਕੈਨੇਡਾ ਵਸਦੇ ਪੰਜਾਬੀਆਂ ਦਾ ਅਹਿਮ ਯੋਗਦਾਨ ਰਿਹਾ ਹੈ ਹਾਲਾਂਕਿ ਆਸਟ੍ਰੇਲੀਆ ਤੇ ਇੰਗਲੈਂਡ 'ਚ ਵੀ ਸਾਹਿਤਕ ਸੰਮੇਲਨ ਹੁੰਦੇ ਰਹਿੰਦੇ ਹਨ। ਇਨ੍ਹਾਂ 'ਚ ਮੁੱਖ ਤੌਰ 'ਤੇ ਅਜਾਇਬ ਸਿੰਘ ਚੱਠਾ, ਗਿਆਨ ਸਿੰਘ ਕੰਗ, ਸੁੱਖੀ ਬਾਠ ਸ਼ਾਮਲ ਹਨ। ਪੰਜਾਬੀ ਸੱਥ ਲਾਂਬੜਾ ਦੀਆਂ ਵੱਖ-ਵੱਖ ਦੇਸ਼ਾਂ ਵਿਚਲੀਆਂ ਇਕਾਈਆਂ ਵੀ ਮਾਤ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਭਰਪੂਰ ਯੋਗਦਾਨ ਪਾ ਰਹੀਆਂ ਹਨ।

ਕੈਨੇਡਾ ਦੇ ਸ਼ਹਿਰ ਸਰੀ ਵਾਸੀ ਐੱਨਆਰਆਈ ਤੇ ਸਮਾਜ ਸੇਵੀ ਸੁੱਖੀ ਬਾਠ ਵੱਲੋਂ ਮਾਂ ਬੋਲੀ ਪੰਜਾਬੀ ਦੀ ਪ੍ਰਫੁੱਲਤਾ ਲਈ ਆਰੰਭੇ ਗਏ ਕਾਰਜ ਕਾਫ਼ਲੇ ਦਾ ਰੂਪ ਧਾਰਨ ਕਰ ਚੁੱਕੇ ਹਨ। ਉਨ੍ਹਾਂ ਵੱਲੋਂ ਬਣਾਈ ਗਈ ਸੰਸਥਾ ਸੁੱਖੀ ਬਾਠ ਫਾਉਂਡੇਸ਼ਨ ਦੀ ਰਹਿਨੁਮਾਈ 'ਚ ਸਾਹਿਤਕ ਸਰਗਰਮੀਆਂ ਲਈ 2016 'ਚ ਪੰਜਾਬ ਭਵਨ ਸਰੀ ਦਾ ਨਿਰਮਾਣ ਕਰਵਾਇਆ ਗਿਆ ਸੀ, ਜਿੱਥੇ ਕਰਵਾਏ ਜਾਂਦੇ ਸਾਹਿਤਕ ਸਮਾਗਮਾਂ ਲਈ ਨਾ ਸਿਰਫ਼ ਮੁਫ਼ਤ ਜਗ੍ਹਾ ਮੁਹੱਈਆ ਕਰਵਾਈ ਜਾਂਦੀ ਹੈ ਬਲਕਿ ਸਮਾਗਮ 'ਚ ਸ਼ਾਮਲ ਹੋਣ ਵਾਲੇ ਸਾਹਿਤਕਾਰਾਂ ਤੇ ਸਾਹਿਤਕ ਪ੍ਰੇਮੀਆਂ ਦੇ ਖਾਣ-ਪੀਣ ਦਾ ਪ੍ਰਬੰਧ ਵੀ ਪੰਜਾਬ ਭਵਨ ਵੱਲੋਂ ਹੀ ਕੀਤਾ ਜਾਂਦਾ ਹੈ।

ਸੁੱਖੀ ਬਾਠ ਦੇ ਯਤਨਾਂ ਨੂੰ ਕੌਮਾਂਤਰੀ ਪੱਧਰ 'ਤੇ ਹਾਂ-ਪੱਖੀ ਹੁੰਗਾਰਾ ਮਿਲਣ ਤੋਂ ਉਤਸ਼ਾਹਤ ਹੋ ਕੇ ਉਨ੍ਹਾਂ ਨੇ 2021 'ਚ ਜਲੰਧਰ ਵਿਖੇ ਵੀ ਪੰਜਾਬ ਭਵਨ ਕਾਇਮ ਕਰ ਦਿੱਤਾ। ਉਹ ਵੀ ਹੁਣ ਸਾਹਿਤਕ ਸਰਗਰਮੀਆਂ ਦਾ ਕੇਂਦਰ ਬਣਦਾ ਜਾ ਰਿਹਾ ਹੈ। ਪੰਜਾਬ ਭਵਨ ਵੱਲੋਂ ਸਾਹਿਤਕਾਰਾਂ ਨੂੰ ਵੀ ਉਤਸ਼ਾਹਤ ਕੀਤਾ ਜਾਂਦਾ ਹੈ ਅਤੇ ਬਹੁਤ ਸਾਰਿਆਂ ਦੀਆਂ ਪੁਸਤਕਾਂ ਮੁਫ਼ਤ ਛਪਵਾ ਕੇ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਹਰ ਸਾਲ ਪੰਜਾਬ ਭਵਨ ਸਰੀ 'ਚ ਕੌਮਾਂਤਰੀ ਪੱਧਰ ਦੀ ਕਾਨਫਰੰਸ ਕਰਵਾਈ ਜਾਂਦੀ ਹੈ, ਜਿਸ 'ਚ ਨਾ ਸਿਰਫ਼ ਪੰਜਾਬ ਬਲਕਿ ਵਿਦੇਸ਼ਾਂ 'ਚ ਰਹਿੰਦੇ ਸਾਹਿਤਕਾਰ ਵੀ ਸ਼ਮੂਲੀਅਤ ਕਰਦੇ ਹਨ। 67 ਸਾਲਾ ਐੱਨਆਰਆਈ ਸੁੱਖੀ ਬਾਠ ਦੱਸਦੇ ਹਨ ਕਿ ਪੰਜਾਬ ਭਵਨ ਸਰੀ 'ਚ 9 ਭਾਸ਼ਾਵਾਂ 'ਚ ਪ੍ਰੋਗਰਾਮ ਹੁੰਦੇ ਹਨ ਅਤੇ ਹਰ ਮਹੀਨੇ 20-25 ਸਮਾਗਮ ਹੋ ਜਾਂਦੇ ਹਨ।

ਮਾਂ ਬੋਲੀ ਪੰਜਾਬੀ ਦੀ ਸੇਵਾ 'ਚ ਬ੍ਰਜ ਢਾਹਾਂ ਵੀ ਪਿਛਲੇ ਲੰਮੇਂ ਸਮੇਂ ਤੋਂ ਡਟੇ ਹੋਏ ਹਨ। ਪਿਛਲੇ ਸਾਲਾਂ ਤੋਂ ਉਨ੍ਹਾਂ ਵੱਲੋਂ ਹਰ ਸਾਲ ਆਪਣੇ ਮਾਤਾ-ਪਿਤਾ ਦੇ ਨਾਂ 'ਤੇ 'ਢਾਹਾਂ ਪੁਰਸਕਾਰ' ਚਲਾਇਆ ਜਾ ਰਿਹਾ ਹੈ, ਜਿਸ ਵਿਚ ਤਿੰਨ ਸਾਹਿਤਕਾਰਾਂ ਨੂੰ ਨਕਦ ਇਨਾਮ ਦੇ ਕੇ ਨਿਵਾਜ਼ਿਆ ਜਾਂਦਾ ਹੈ। ਇਸੇ ਤਰ੍ਹਾਂ ਅਮਰੀਕਾ ਵਾਸੀ ਇੰਦਰਜੀਤ ਸਿੰਘ ਪੁਰੇਵਾਲ ਵੱਲੋਂ ਸਾਹਿਤਕ ਮੈਗਜ਼ੀਨ 'ਰਾਗ' ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਲੇਖਕਾਂ, ਕਲਾਕਾਰਾਂ, ਭਾਸ਼ਾ ਅਫਸਰਾਂ ਅਤੇ ਪੁਸਤਕ ਸਭਿਆਚਾਰ ਪੈਦਾ ਕਰਨ ਵਾਲੀਆਂ ਸ਼ਖ਼ਸੀਅਤਾਂ ਨੂੰ ਨਕਦ ਇਨਾਮ-ਸਨਾਮਨ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ 'ਤਾਸਮਾਨ' ਮੈਗਜ਼ੀਨ ਚਲਾਉਣ ਵਿਚ ਵੀ ਪਰਵਾਸੀ ਭਾਰਤੀ ਨੌਜਵਾਨਾਂ ਦੀ ਅਹਿਮ ਭੂਮਿਕਾ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਸੰਸਥਾਵਾਂ ਵੱਲੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਪ੍ਰਫੁਲਤਾ ਲਈ ਯੋਗਦਾਨ ਪਾਇਆ ਜਾ ਰਿਹਾ ਹੈ।

ਗ਼ੈਰ-ਕਾਨੂੰਨੀ ਪਰਵਾਸ ਦੇ ਜਾਨਲੇਵਾ ਸਿੱਟੇ : ਚੰਗੇ ਜੀਵਨ ਦੀ ਤਲਾਸ਼ ਲਈ ਅੱਜ ਹਰ ਕੋਈ ਬਿਹਤਰ ਬਦਲ ਲੱਭ ਰਿਹਾ ਹੈ। ਇਹੀ ਕਾਰਨ ਹੈ ਕਿ ਮੌਜੂਦਾ ਨੌਜਵਾਨ ਪੀੜ੍ਹੀ ਨੂੰ ਵਿਦੇਸ਼ਾਂ 'ਚ ਆਪਣੇ ਸੁਪਨਿਆਂ ਦੀ ਮੰਜ਼ਿਲ ਦਿਸ ਰਹੀ ਹੈ, ਜਿਸ ਕਾਰਨ ਉਹ ਕਿਸੇ ਵੀ ਢੰਗ-ਤਰੀਕੇ ਵਿਦੇਸ਼ ਜਾਣਾ ਚਾਹੁੰਦੇ ਹਨ। ਇਸ ਲਾਲਸਾ ਵੱਸ ਉਹ ਕਈ ਵਾਰ ਫ਼ਰਜ਼ੀ ਟਰੈਵਲ ਏਜੰਟਾਂ ਦੇ ਢਹੇ ਚੜ੍ਹ ਜਾਂਦੇ ਹਨ। ਇਨ੍ਹਾਂ ਠੱਗ ਟਰੈਵਲ ਏਜੰਟਾਂ ਦਾ ਸ਼ਿਕਾਰ ਹੋ ਕੇ ਕਈ ਆਪਣੇ ਮਾਪਿਆਂ ਦੀ ਉਮਰ ਭਰ ਦੀ ਮਿਹਨਤ-ਮਜ਼ਦੂਰੀ ਕਰ ਕੇ ਕਮਾਈ ਗਈ ਪੂੰਜੀ ਗੁਆ ਲੈਂਦੇ ਹਨ ਤੇ ਫਿਰ ਰਕਮਾਂ ਵਾਪਸ ਲੈਣ ਲਈ ਥਾਣੇ-ਕਚਹਿਰੀਆਂ ਦੇ ਚੱਕਰ ਕੱਟਦੇ ਰਹਿੰਦੇ ਹਨ। ਕਈ ਜਿਹੜੇ ਮੋਟੀਆਂ ਰਕਮਾਂ ਖ਼ਰਚ ਕਰ ਕੇ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਚਲੇ ਵੀ ਜਾਂਦੇ ਹਨ, ਉਹ ਉੱਥੇ ਜਾ ਕੇ ਅਤਿ-ਤਰਸਯੋਗ ਹਾਲਤਾਂ 'ਚ ਰਹਿਣ ਲਈ ਮਜਬੂਰ ਹੋ ਜਾਂਦੇ ਹਨ ਜੋ ਕਿ ਨਾ ਤਾਂ ਵਾਪਸ ਪਰਤ ਸਕਦੇ ਹਨ ਤੇ ਨਾ ਹੀ ਉਥੇ ਉਨ੍ਹਾਂ ਨੂੰ ਜੀਵਨ ਬਸਰ ਕਰਨ ਲਈ ਕੋਈ ਰੁਜ਼ਗਾਰ ਹੀ ਮਿਲਦਾ ਹੈ।

ਵਿਦੇਸ਼ਾਂ 'ਚ ਬੈਠੇ ਉਹ ਆਪਣੀ ਮਾੜੀ ਹਾਲਤ 'ਤੇ ਕੁੜ੍ਹਦੇ ਰਹਿੰਦੇ ਹਨ ਅਤੇ ਪਿੱਛੇ ਮਾਪੇ ਆਪਣੇ ਬੱਚਿਆਂ ਦੀ ਖੈਰ-ਸੁੱਖ ਦੀ ਉਡੀਕ 'ਚ ਅੱਥਰੂ ਕੇਰਦੇ ਰਹਿੰਦੇ ਹਨ। ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ, ਜਿਨ੍ਹਾਂ 'ਚ ਕਈ ਨੌਜਵਾਨ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕੀ ਤੇ ਅਫਰੀਕੀ ਦੇਸ਼ਾਂ 'ਚ ਦਾਖਲ ਹੋਣ ਲਈ ਜੰਗਲਾਂ 'ਚੋਂ ਲੰਘਦੇ ਹੋਏ ਜਾਨਾਂ ਤਕ ਗੁਆ ਚੁੱਕੇ ਹਨ। 1996 ਦੌਰਾਨ ਯੂਰਪ 'ਚ ਜਾਣ ਲਈ ਕਿਸ਼ਤੀ ਰਾਹੀਂ ਜਾ ਰਹੇ 565 ਦੇ ਕਰੀਬ ਲੋਕਾਂ ਦੀ ਕਿਸ਼ਤੀ ਮਾਲਟਾ 'ਚ ਡੁੱਬਣ ਨਾਲ 290 ਲੋਕਾਂ ਦੀ ਜਾਨ ਚਲੀ ਗਈ ਸੀ। ਇਨ੍ਹਾਂ ਮਰਨ ਵਾਲਿਆਂ 'ਚ ਭਾਰਤੀ, ਪਾਕਿਸਤਾਨੀ, ਸ੍ਰੀਲੰਕਾਈ ਤੇ ਬੰਗਲਾਦੇਸ਼ੀ ਸ਼ਾਮਲ ਸਨ। ਇਸ ਘਟਨਾ ਨੂੰ ਮਾਲਟਾ ਕਿਸ਼ਤੀ ਕਾਂਡ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ ਪਿਛਲੇ ਸਾਲ ਦਸੰਬਰ 'ਚ ਫਰਾਂਸ 'ਚ ਇਕ ਜਹਾਜ਼, ਜਿਸ 'ਚ ਸਵਾਰ ਕਈ ਲੋਕਾਂ ਦੀ ਮਨੁੱਖੀ ਤਸਕਰੀ (ਗ਼ੈਰ ਕਾਨੂੰਨੀ ਢੰਗ ਨਾਲ ਪਰਵਾਸ) ਕਰਨ ਦਾ ਸ਼ੱਕ ਪ੍ਰਗਟਾਇਆ ਗਿਆ ਸੀ, ਦੇ ਕੁਝ ਯਾਤਰੀਆਂ ਨੂੰ ਵਾਪਸ ਭਾਰਤ ਭੇਜ ਦਿੱਤਾ ਗਿਆ ਸੀ।

ਦਿਵਸ ਦਾ ਮਹੱਤਵ : ਪਰਵਾਸੀ ਭਾਰਤੀ ਦਿਵਸ ਇਸ ਲਈ ਅਹਿਮ ਹੈ ਕਿਉਂਕਿ ਇਹ ਨਾ ਸਿਰਫ਼ ਐੱਨ.ਆਰ.ਆਈਜ਼ ਨੂੰ ਉਨ੍ਹਾਂ ਦੇ ਮੂਲ ਨਾਲ ਜੋੜਦਾ ਹੈ ਬਲਕਿ ਉਨ੍ਹਾਂ ਦੀਆਂ ਪ੍ਰਾਪਤੀਆਂ ਨੂੰ ਵੀ ਮਾਨਤਾ ਦਿੰਦਾ ਹੈ। ਇਹ ਦਿਨ ਦੂਜੇ ਦੇਸ਼ਾਂ ਵਿੱਚ ਕੰਮ ਕਰ ਰਹੇ ਭਾਰਤੀ ਪਰਵਾਸੀਆਂ ਦੁਆਰਾ ਅਨੁਭਵ ਕੀਤੀਆਂ ਚੁਣੌਤੀਆਂ ਨੂੰ ਵੀ ਮਾਨਤਾ ਦਿੰਦਾ ਹੈ। ਪਰਵਾਸ 'ਤੇ ਬਣੀਆਂ ਫਿਲਮਾਂ : ਗ਼ੈਰ-ਕਾਨੂੰਨੀ ਪਰਵਾਸ, ਜਿਸ ਨੂੰ ਡੰਕੀ ਦਾ ਨਾਂ ਦਿੱਤਾ ਗਿਆ ਹੈ, 'ਤੇ ਕਈ ਫਿਲਮਾਂ ਬਣ ਚੁੱਕੀਆਂ ਹਨ। ਇਨ੍ਹਾਂ ਫਿਲਮਾਂ 'ਚ ਡੰਕੀ ਸਿਸਟਮ ਰਾਹੀਂ ਵਿਦੇਸ਼ਾਂ 'ਚ ਗ਼ੈਰ-ਕਾਨੂੰਨੀ ਪਰਵਾਸ ਕਰਨ ਵਾਲਿਆਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਕਈਆਂ ਵੱਲੋਂ ਜਾਨਾਂ ਗੁਆਏ ਜਾਣ ਨੂੰ ਫਿਲਮੀ ਪਰਦੇ 'ਤੇ ਫਿਲਮਾਇਆ ਗਿਆ ਹੈ। ਇਨ੍ਹਾਂ 'ਚ ਮੁੱਖ ਤੌਰ 'ਤੇ ਹਿੰਦੀ ਫਿਲਮ 'ਕਾਫਲਾ', ਪੰਜਾਬੀ ਫਿਲਮ 'ਆਓ ਮੈਕਸੀਕੋ ਚੱਲੀਏ' ਅਤੇ ਹੁਣੇ ਜਿਹੇ ਰਿਲੀਜ਼ ਹੋਈ ਹਿੰਦੀ ਫਿਲਮ 'ਡੰਕੀ' ਸ਼ਾਮਲ ਹਨ।

ਪਰਵਾਸੀ ਭਾਰਤੀਆਂ ਦਾ ਦੇਸ਼ ਦੇ ਵਿਕਾਸ 'ਚ ਯੋਗਦਾਨ : ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਜਿਹੜੇ ਲੋਕ ਵਿਦੇਸ਼ਾਂ 'ਚ ਪੜ੍ਹਾਈ ਜਾਂ ਕੰਮ ਕਰਨ ਤੋਂ ਇਲਾਵਾ ਬਰਤਾਨਵੀ ਹਕੂਮਤ ਵੱਲੋਂ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਦੌਰਾਨ ਫ਼ੌਜ 'ਚ ਭਰਤੀ ਕਰ ਕੇ ਲਿਜਾਏ ਗਏ ਸਨ, ਉਨ੍ਹਾਂ 'ਚੋਂ ਬਹੁਤ ਸਾਰੇ ਵਿਦੇਸ਼ਾਂ 'ਚ ਵਸ ਗਏ ਅਤੇ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਨੇ ਵਿਦੇਸ਼ਾਂ 'ਚ ਦਿਨ-ਰਾਤ ਮਿਹਨਤ ਕਰ ਕੇ ਉੱਚੇ ਮੁਕਾਮ ਹਾਸਲ ਕੀਤੇ। ਆਜ਼ਾਦੀ ਤੋਂ ਬਾਅਦ ਵੀ ਵਿਕਸਤ ਦੇਸ਼ਾਂ 'ਚ ਬਿਹਤਰ ਜ਼ਿੰਦਗੀ ਜਿਊਣ ਦਾ ਸੁਪਨਾ ਲੈ ਕੇ ਜਾਣ ਵਾਲੇ ਭਾਰਤੀਆਂ ਦਾ ਪਰਵਾਸ ਜਾਰੀ ਰਿਹਾ। ਪਰਵਾਸੀ ਭਾਰਤੀਆਂ ਨੇ ਵਿਦੇਸ਼ਾਂ ਅੰਦਰ ਹਰ ਖੇਤਰ 'ਚ ਤਰੱਕੀ ਦੀਆਂ ਬੁਲੰਦੀਆਂ ਛੂਹੀਆਂ ਅਤੇ ਉੱਥੋਂ ਦੀ ਸਿਆਸਤ ਤੇ ਉਦਯੋਗਾਂ 'ਚ ਨਾਮਣਾ ਖੱਟਿਆ। ਉਨ੍ਹਾਂ ਨੇ ਵਿਦੇਸ਼ੀ ਧਰਤੀ 'ਤੇ ਜਾ ਕੇ ਨਾ ਸਿਰਫ਼ ਆਪਣੇ ਪਰਿਵਾਰਾਂ ਦੀ ਤਰੱਕੀ ਕੀਤੀ ਬਲਕਿ ਪਿੰਡ ਦੇ ਮੋਹ ਕਾਰਨ ਆਪੋ-ਆਪਣੇ ਪਿੰਡਾਂ ਦੇ ਵਿਕਾਸ ਲਈ ਵੀ ਕੰਮ ਕੀਤੇ ਹਨ। ਪੰਜਾਬ ਅੰਦਰ ਵਿਕਾਸ ਕਾਰਜਾਂ, ਖੇਡਾਂ ਦੀ ਪ੍ਰਫੁੱਲਤਾ ਤੇ ਸਿਹਤ ਸਹੂਲਤਾਂ 'ਚ ਯੋਗਦਾਨ ਪਾਉਣ ਵਾਲੇ ਪ੍ਰਮੁੱਖ ਪਰਵਾਸੀ ਭਾਰਤੀਆਂ 'ਚ ਯੂਐੱਸਏ ਤੋਂ ਟੁੱਟ ਬ੍ਰਦਰਜ਼, ਗਾਖਲ ਬ੍ਰਦਰਜ਼ ਤੇ ਕੈਨੇਡਾ ਤੋਂ ਬਾਠ ਭਰਾਵਾਂ ਤੋਂ ਇਲਾਵਾ ਯੂਕੇ ਤੋਂ ਕੈਂਸਰ ਕੇਅਰ ਫਾਊਂਡੇਸ਼ਨ ਦੇ ਕੁਲਦੀਪ ਸਿੰਘ ਧਾਲੀਵਾਲ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਐੱਸਪੀ ਸਿੰਘ ਓਬਰਾਏ, ਕੈਨੇਡਾ ਤੋਂ ਪੁਰੇਵਾਲ ਭਰਾ ਅਤੇ ਹੋਰ ਸੈਂਕੜੇ ਐੱਨਆਰਆਈ ਵੀਰ ਆਪਣੇ ਪਿੰਡਾਂ 'ਚ ਅਤਿ-ਆਧੁਨਿਕ ਸਿਹਤ ਤੇ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਉਣ ਲਈ ਲੱਖਾਂ ਰੁਪਏ ਖ਼ਰਚ ਕਰ ਰਹੇ ਹਨ।

ਪਰਵਾਸੀ ਭਾਰਤੀ ਦਿਵਸ ਦੀਆਂ ਸ਼ੁਭਕਾਮਨਾਵਾਂ : ਐਨਆਰਆਈ ਦਿਵਸ ਦੇਸ਼ ਦੇ ਹਰ ਗ਼ੈਰ-ਵਸਨੀਕ ਨੂੰ ਆਪਣੇ ਪਿਆਰਿਆਂ ਨਾਲ ਅਨੰਦ ਲੈਣ ਅਤੇ ਖੁਸ਼ਹਾਲ ਹੋਣ ਦੀ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਮੂਲ ਨਾਲ ਜੁੜੇ ਰਹਿਣ ਅਤੇ ਦੇਸ਼ ਲਈ ਕੰਮ ਕਰਨਾ ਜਾਰੀ ਰੱਖਣ ਲਈ ਉਤਸ਼ਾਹਤ ਕਰਦਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, 'ਪਰਵਾਸੀ ਭਾਰਤੀ ਦਿਵਸ ਦੀ ਪੂਰਵ ਸੰਧਿਆ 'ਤੇ, ਵਿਦੇਸ਼ਾਂ ਵਿੱਚ ਰਹਿੰਦੇ ਸਾਰੇ ਪਿਆਰੇ ਭਾਰਤੀਆਂ ਨੂੰ ਵਧਾਈਆਂ; ਸਾਡਾ ਦੇਸ਼ ਵਿਕਾਸ ਲਈ ਦੁਨੀਆ ਦੀਆਂ ਸਾਰੀਆਂ ਪ੍ਰਾਪਤੀਆਂ ਤੋਂ ਖ਼ੁਸ਼ ਹੈ। ਇਸ ਖ਼ਾਸ ਦਿਨ 'ਤੇ, ਦੁਨੀਆ ਭਰ ਦੇ ਸਾਰੇ ਪਰਵਾਸੀ ਭਾਰਤੀਆਂ ਨੂੰ ਸ਼ੁਭਕਾਮਨਾਵਾਂ।

ਸਨਮਾਨਿਤ ਪਰਵਾਸੀ ਭਾਰਤੀ : ਪਰਵਾਸੀ ਭਾਰਤੀ ਦਿਵਸ ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਹਰ ਸਾਲ 9 ਜਨਵਰੀ ਨੂੰ ਮਨਾਇਆ ਜਾਂਦਾ ਹੈ। 9 ਜਨਵਰੀ ਨੂੰ ਪਰਵਾਸੀ ਭਾਰਤੀ ਦਿਵਸ ਮਨਾਉਣ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ 9 ਜਨਵਰੀ 1915 ਨੂੰ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੱਖਣੀ ਅਫ਼ਰੀਕਾ ਤੋਂ ਮੁੰਬਈ ਪੁੱਜੇ ਸਨ। ਇਹ ਦਿਵਸ ਵਿਦੇਸ਼ਾਂ 'ਚ ਜਾ ਕੇ ਵਸੇ ਪਰਵਾਸੀ ਭਾਰਤੀਆਂ ਵੱਲੋਂ ਭਾਰਤ ਦੀ ਤਰੱਕੀ 'ਚ ਪਾਏ ਗਏ ਯੋਗਦਾਨ ਨੂੰ ਯਾਦ ਕਰਨ ਤੇ ਉਨ੍ਹਾਂ ਦੇ ਸਨਮਾਨ 'ਚ ਮਨਾਇਆ ਜਾਂਦਾ ਹੈ। ਹਾਲਾਂਕਿ ਪਰਵਾਸੀ ਭਾਰਤੀ ਦਿਵਸ 2000 'ਚ ਮਨਾਉਣਾ ਸ਼ੁਰੂ ਕੀਤਾ ਗਿਆ ਸੀ ਪਰ 2003 ਤੋਂ ਇਹ ਦਿਵਸ 9 ਜਨਵਰੀ ਨੂੰ ਹੀ ਮਨਾਇਆ ਜਾਂਦਾ ਹੈ। ਹਰ ਸਾਲ ਵੱਖ-ਵੱਖ ਖੇਤਰਾਂ 'ਚ ਅਹਿਮ ਪ੍ਰਾਪਤੀਆਂ ਕਰਨ ਵਾਲੇ ਪਰਵਾਸੀ ਭਾਰਤੀਆਂ ਨੂੰ ਦੇਸ਼ ਦੇ ਰਾਸ਼ਟਰਪਤੀ ਵੱਲੋਂ ਪਰਵਾਸੀ ਭਾਰਤੀ ਪੁਰਸਕਾਰ ਦੇ ਕੇ ਨਿਵਾਜ਼ਿਆ ਜਾਂਦਾ ਹੈ। ਹੁਣ ਤਕ ਪਰਵਾਸੀ ਭਾਰਤੀ ਪੁਰਸਕਾਰ ਪ੍ਰਾਪਤ ਕਰਨ ਵਾਲੇ ਪੰਜਾਬ ਦੇ ਪਰਵਾਸੀ ਭਾਰਤੀਆਂ 'ਚ ਕੈਨੇਡਾ ਤੋਂ ਉੱਜਲ ਦੁਸਾਂਝ, ਯੂਐੱਸਏ ਤੋਂ ਨਰਿੰਦਰ ਸਿੰਘ ਕਪਾਨੀ, ਯੂਕੇ ਤੋਂ ਲਾਰਡ ਦਿਲਜੀਤ ਰਾਣਾ, ਕੈਨੇਡਾ ਤੋਂ ਦੇਵ ਸੁਖਦੀਪ ਸਿੰਘ ਹੇਅਰ, ਨਿਊਜ਼ੀਲੈਂਡ ਤੋਂ ਜੱਜ ਅਜੀਤ ਸਵਰਨ ਸਿੰਘ, ਬਰੁਨੇਈ ਦਾਰੂਸਲਾਮ ਤੋਂ ਮੋਹਿੰਦਰ ਸਿੰਘ ਭੁੱਲਰ, ਹਾਂਗਕਾਂਗ ਤੋਂ ਹਰਿੰਦਰਪਾਲ ਸਿੰਘ ਬੰਗਾ, ਲੀਬਰੀਆ ਤੋਂ ਉਪਜੀਤ ਸਿੰਘ ਸਚਦੇਵਾ, ਜਰਮਨੀ ਤੋਂ ਪ੍ਰੋਫੈਸਰ ਗੁਰਸ਼ਰਨ ਸਿੰਘ ਛਤਵਾਲ, ਨੀਦਰਲੈਂਡ ਤੋਂ ਬਲਦੇਵ ਸਿੰਘ, ਨਿਊਜ਼ੀਲੈਂਡ ਤੋਂ ਕੰਵਲਜੀਤ ਸਿੰਘ ਬਖਸ਼ੀ, ਯੂਕੇ ਤੋਂ ਨੀਨਾ ਗਿੱਲ, ਆਸਟਰੇਲੀਆ ਤੋਂ ਨਿਹਾਲ ਸਿੰਘ ਅਗਰ, ਨਿਊਜ਼ੀਲੈਂਡ ਤੋਂ ਭਵਦੀਪ ਸਿੰਘ ਢਿੱਲੋਂ, ਯੂਏਈ ਤੋਂ ਸੁਰਿੰਦਰ ਸਿੰਘ ਕੰਧਾਰੀ, ਮੈਕਸੀਕੋ ਤੋਂ ਡਾ. ਰਵੀ ਪ੍ਰਕਾਸ਼ ਸਿੰਘ, ਯੂਕੇਤੋਂ ਰੇਸ਼ਮ ਸਿੰਘ ਸੰਧੂ ਆਦਿ ਸ਼ਾਮਲ ਹਨ।

ਹਰ ਸਾਲ 25 ਲੱਖ ਭਾਰਤੀ ਭਰ ਰਹੇ ਵਿਦੇਸ਼ਾਂ ਵੱਲ ਉਡਾਰੀ : 1947 'ਚ ਅੰਗਰੇਜ਼ਾਂ ਤੋਂ ਭਾਰਤ ਨੂੰ ਮਿਲੀ ਆਜ਼ਾਦੀ ਤੋਂ ਬਾਅਦ ਵੀ ਵਿਦੇਸ਼ਾਂ ਵੱਲ ਪਰਵਾਸ ਜਾਰੀ ਰਿਹਾ ਹੈ। ਮੌਜੂਦਾ ਸਮੇਂ ਵੀ ਵੱਡੀ ਗਿਣਤੀ ਭਾਰਤੀ ਲੋਕ ਹਰ ਸਾਲ ਵਿਦੇਸ਼ਾਂ ਵੱਲ ਉਡਾਰੀ ਮਾਰ ਰਹੇ ਹਨ। ਇਨ੍ਹਾਂ 'ਚ ਵਧੇਰੇ ਗਿਣਤੀ ਨੌਜਵਾਨਾਂ ਦੀ ਹੈ, ਜਿਹੜੇ ਕਿ ਵਧੇਰੇ ਕਰ ਕੇ ਖਾੜੀ ਤੇ ਪੱਛਮੀ ਦੇਸ਼ਾਂ ਵੱਲ ਰੁਖ਼ ਕਰਦੇ ਹਨ। ਕੇਂਦਰ ਸਰਕਾਰ ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਮੁਤਾਬਕ 2.9 ਕਰੋੜ ਭਾਰਤੀ ਵਿਦੇਸ਼ਾਂ 'ਚ ਰਹਿ ਰਹੇ ਹਨ, ਜਿਹੜੇ ਐੱਨਆਰਆਈ ਤੇ ਓਸੀਆਈਜ਼ ਹਨ। ਇਨ੍ਹਾਂ 'ਚ 1.79 ਕਰੋੜ ਭਾਰਤੀ ਫਾਰਸੀ ਖਾੜੀ ਦੇਸ਼ਾਂ 'ਚ ਹਨ, ਜਿਨ੍ਹਾਂ 'ਚੋਂ ਇਕੱਲੇ ਯੂਏਈ 'ਚ 37 ਲੱਖ ਭਾਰਤੀ ਸ਼ਾਮਲ ਸਨ। ਇਹੀ ਨਹੀਂ ਵਿਦੇਸ਼ਾਂ ਵੱਲ ਕੂਚ ਕਰਨ ਦਾ ਲੋਕਾਂ ਦਾ ਰੁਝਾਨ ਬਾਦਸਤੂਰ ਜਾਰੀ ਹੈ ਅਤੇ ਅੰਕੜਿਆਂ ਮੁਤਾਬਕ ਹਰ ਸਾਲ 25 ਲੱਖ ਭਾਰਤੀ ਵਿਦੇਸ਼ਾਂ 'ਚ ਜਾ ਰਹੇ ਹਨ। ਤਾਜ਼ਾ ਅੰਦਾਜ਼ੇ ਮੁਤਾਬਕ ਵਿਦੇਸ਼ਾਂ 'ਚ ਵਸੇ ਭਾਰਤੀਆ ਦੀ ਗਿਣਤੀ 3 ਕਰੋੜ ਤੋਂ ਟੱਪ ਗਈ ਹੈ। ਇਨ੍ਹਾਂ ਵਿੱਚੋਂ ਵਧੇਰੇ 18 ਤੋਂ 30 ਸਾਲ ਦੀ ਉਮਰ ਦੇ ਨੌਜਵਾਨ ਹਨ ਜੋ ਸਟੱਡੀ ਤੇ ਵਰਕ ਵੀਜ਼ੇ 'ਤੇ ਜਾ ਰਹੇ ਹਨ। ਹਾਲਾਂਕਿ ਕੁਝ ਲੋਕ ਫੈਮਿਲੀ ਤੇ ਬਿਜ਼ਨੈੱਸ ਵੀਜ਼ੇ ਰਾਹੀਂ ਵੀ ਜਾ ਰਹੇ ਹਨ। ਸਟੱਡੀ ਵੀਜ਼ੇ 'ਤੇ ਜਾਣ ਵਾਲਿਆਂ 'ਚ ਸਭ ਤੋਂ ਵੱਧ ਗਿਣਤੀ ਪੰਜਾਬ ਦੀ ਹੈ ਜਦੋਂਕਿ ਗੁਜਰਾਤ ਦੂਜੇ ਨੰਬਰ 'ਤੇ ਹੈ। ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਮੁਤਾਬਕ 2022 'ਚ 13 ਲੱਖ ਭਾਰਤੀ ਵਿਦੇਸ਼ਾਂ 'ਚ ਪੜ੍ਹ ਰਹੇ ਸਨ। ਖਾੜੀ ਦੇਸ਼ਾਂ 'ਚ ਵਰਕ ਵੀਜ਼ੇ 'ਤੇ ਜਾਣ ਵਾਲਿਆਂ 'ਚ ਉੱਤਰ ਪ੍ਰਦੇਸ਼, ਬਿਹਾਰ, ਤਾਮਿਲਨਾਡੂ ਤੇ ਕੇਰਲਾ ਦੇ ਲੋਕ ਸ਼ਾਮਲ ਹਨ। ਜਿੱਥੇ ਇਕ ਪਾਸੇ ਭਾਰਤ 'ਚ ਬ੍ਰੇਨ ਡਰੇਨ ਤੇ ਮਨੀ ਡਰੇਨ ਵਿਦੇਸ਼ਾਂ ਨੂੰ ਹੋ ਰਹੀ ਹੈ, ਉਥੇ ਹੀ ਵਿਦੇਸ਼ਾਂ 'ਚੋਂ ਭੇਜੀ ਜਾਣ ਵਾਲੀ ਰਾਸ਼ੀ ਵੀ ਕਰੋੜਾਂ 'ਚ ਹੈ।

# ਸੈਕਸੁਅਲ ਹੈਲਥ ’ਤੇ ਪ੍ਰਜਨਨ ਸਿਹਤ ਅਧਿਕਾਰਾਂ ਬਾਰੇ ਹੋਵੋ ਜਾਗਰੂਕ

*‘‘ਸਾਲ 2024 ਦਾ ਥੀਮ ਹੈ– ‘ਸੈਕਸੁਅਲ ਹੈਲਥ ਫਾਰ ਆਲ’ ਸੈਕਸੂਅਲ ਰਾਈਟਸ ਇਨੀਸ਼ੀਏਟਿਵ ਕੈਨੇਡਾ, ਭਾਰਤ, ਮਿਸਰ, ਅਰਜਨਟੀਨਾ ’ਚ ਸਥਿਤ ਰਾਸ਼ਟਰੀ ਅਤੇ ਖੇਤਰੀ ਸੰਗਠਨਾਂ ਦਾ ਇੱਕ ਗੱਠਜੋੜ ਹੈ ਜੋ ਸੰਯੁਕਤ ਰਾਸ਼ਟਰ ਵਿੱਚ ਲਿੰਗਕਤਾ ਨਾਲ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣ ਲਈ ਮਿਲ ਕੇ ਕੰਮ ਕਰ ਰਿਹਾ ਹੈ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੇ ਤਹਿਤ, ਸਾਰੇ ਵਿਅਕਤੀਆਂ ਨੂੰ ਆਪਣੀ ਲਿੰਗਕਤਾ ਨਾਲ ਜੁੜੇ ਮਾਮਲਿਆਂ ’ਤੇ ਕੰਟ੍ਰੋਲ ਕਰਨ ਅਤੇ ਸੁਤੰਤਰ ਤੌਰ ’ਤੇ ਫੈਸਲਾ ਕਰਨ ਦਾ ਅਧਿਕਾਰ ਹੈ’’– ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*




ਹੈਲਥ ਮੀਡੀਆ ਕੈਨੇਡਾ: 12 ਤੋਂ 17 ਫਰਵਰੀ 2024 ਜਿਨਸੀ ਅਤੇ ਪ੍ਰਜਨਨ ਸਿਹਤ ਜਾਗਰੂਕਤਾ ਵੀਕ ਮਨਾ ਕੇ ਔਰਤ-ਮਰਦਾਂ ਨੂੰ ਅਵੇਅਰ ਕੀਤਾ ਜਾ ਰਿਹਾ ਹੈ। ਸੈਕਸੁਅਲ ਹੈਲਥ ਵੀਕ ਫਾਰ ਜਿਨਸੀ ਸਿਹਤ ਅਤੇ ਰਾਈਟਸ ਦੀ ਦਸਤਖਤ ਜਨਤਕ ਹੈਲਥ ਮੁਹਿਮ ਹੈ। ਇਸ ਦੌਰਾਣ ਔਰਤਾਂ ਦੇ ਜਿਨਸੀ ਹੱਕ ’ਤੇ ਸੈਕਸੁਅਲ ਪ੍ਰੇਸ਼ਾਨੀਆਂ ਦੂਰ ਕਰਨ ਲਈ ਹਰ ਪੱਧਰ ’ਤੇ ਸੈਮੀਨਾਰ, ਵੈਬੀਨਾਰ ਅਤੇ ਸੋਸ਼ਲ ਮੀਡੀਆ ਦਾ ਸਹਿਯੋਗ ਲਿਆ ਜਾ ਰਿਹਾ ਹੈ। ਫੈਕਟਸ ਯਾਨਿ ਤੱਥਾਂ ਨੂੰ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਜਿਨਸੀ ਸਿਹਤ ਜੋੜਿਆਂ, ਵਿਅਕਤੀ ਅਤੇ ਭਾਈਚਾਰੇ, ਦੇਸ਼ਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਬੁਨਿਆਦੀ ਹੈ। ਜਿਨਸੀ ਸਿਹਤ ਜਦੋਂ ਸਕਾਰਾਤਮਕ ਤੌਰ ’ਤੇ ਦੇਖਿਆ ਜਾਂਦਾ ਹੈ, ਤਾਂ ਲਿੰਗਕਤਾ ਅਤੇ ਜਿਨਸੀ ਸਬੰਧਾਂ ਦੇ ਨਾਲ-ਨਾਲ ਜ਼ਬਰਦਸਤੀ, ਵਿਤਕਰੇ ਅਤੇ ਹਿੰਸਾ ਤੋਂ ਮੁਕਤ, ਆਨੰਦਾਇਕ ਅਤੇ ਸੁਰੱਖਿਅਤ ਜਿਨਸੀ ਅਨੁਭਵ ਹੋਣ ਦੀ ਸੰਭਾਵਨਾਲਈ ਇੱਕ ਸਕਾਰਾਤਮਕ ’ਤੇ ਆਦਰਪੂਰਣ ਪਹੁੰਚ ਦੀ ਲੋੜ ਹੁੰਦੀ ਹੈ ਸਾਡੇ ਸਾਰਿਆਂ ਕੋਲ ਜਿਨਸੀ ਸਿਹਤ ਹੈ ਜਿਵੇਂ ਕਿ ਸਰੀਰਕ-ਮਾਨਸਿਕ ਸਿਹਤ ਸਮੁੱਚੀ ਤੰਦਰੁਸਤੀ ਦਾ ਇੱਕ ਜਰੂਰੀ ਪਹਿਲੂ ਹੈ। ਇਹ ਸਿਰਫ ਪ੍ਰੈਗਨੈਂਸੀ ਜਾਂ ਸੈਕਸੁਅਲ ਲਾਗਾਂ ਨਾਲ ਜੁੜਿਆ ਹੈ।

ਪਰਿਵਾਰ, ਸੱਭਿਆਚਾਰ, ਧਰਮ, ਦੋਸਤ, ਅਤੇ ਅਨੁਭਵ ਇਨਸਾਨੀ ਲਿੰਗਕਤਾ ਨੂੰ ਪ੍ਰਭਾਵਿਤ ਕਰ ਸਕਦੇ ਹਨ। ਹਰ ਕੋਈ ਅਲੱਗ ਹੈ ਸਾਡੇ ਜਿਨਸੀ ਵਿਚਾਰ, ਇੱਛਾਵਾਂ, ਆਕਰਸ਼ਨ ਅਤੇ ਮੂਲ ’ਚ ਕੋਈ ਅਪਵਾਦ ਨਹੀਂ ਹੈ। ਜਿਨਸੀ ਸਿਹਤ ਹਾਸਿਲ ਕਰਨ ਲਈ ਔਰਤ-ਮਰਦਾਂ ਦੀ ਯੋਗਤਾ ਉਹਨਾਂ ’ਤੇ ਨਿਰਭਰ ਕਰਦੀ ਹੈ। ਲਿੰਗ ਅਤੇ ਲਿੰਗਕਤਾ ਬਾਰੇ ਵਿਆਪਕ, ਚੰਗੀ-ਗੁਣਵੱਤਾ ਵਾਲੀ ਜਾਣਕਾਰੀ ਤੱਕ ਪਹੁੰਚ, ਉਹਨਾਂ ਜੋਖਮਾਂ ਬਾਰੇ ਜਾਣਕਾਰੀ ਜੋ ਉਹਨਾਂ ਦਾ ਸਾਹਮਣਾ ਕਰ ਸਕਦੇ ਹਨ ਅਤੇ ਅਸੁਰੱਖਿਅਤ ਜਿਨਸੀ ਗਤੀਵਿਧੀਆਂ ਦੇ ਮਾੜੇ ਨਤੀਜਿਆਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਜਿਨਸੀ ਸਿਹਤ ਸਬੰਧੀ ਮੁੱਦੇ ਵਿਆਪਕ ਹਨ, ’ਤੇ ਜਿਨਸੀ ਰੁਝਾਨ, ਲਿੰਗ


ਅਨਿਲ ਧੀਰ
ਕਾਲਮਨਿਸਟ
healthmedia1@hotmail.com

ਪਛਾਣ, ਜਿਨਸੀ ਸਮੀਕਰਨ, ਰਿਸ਼ਤੇ ਅਤੇ ਆਨੰਦ ਸ਼ਾਮਿਲ ਹੈ, ਜਿਨਾਂ ’ਚ ਨਕਾਰਾਤਮਕ ਨਤੀਜੇ ਜਾਂ ਸਰਤਾਂ ਵੀ ਸ਼ਾਮਿਲ ਹੁੰਦੀਆਂ ਹਨ ਜਿਵੇਂ ਕਿ: ਐਚ.ਆਈ.ਵੀ ਅਤੇ ਜਿਨਸੀ ਤੌਰ ’ਤੇ ਸੰਚਾਰਿਤ ਇਨਫੈਕਸ਼ਨ, ਪ੍ਰਜਨਨ ਟ੍ਰੈਕਟ ਲਾਗ, ਕੈਂਸਰ, ਬਾਂਝਪਨ, ਅਣਇੱਛਤ ਗਰਭਪਾਤ, ਗਰਭਪਾਤ ਅਤੇ ਜਿਨਸੀ ਨਪੁੰਸਕਤਾ, ਜਿਨਸੀ ਹਿੰਸਾ, ਮਾਦਾ ਜਣਨ ਅੰਗ ਕੱਟਣਾ ਵਗੈਰਾ।

ਸੈਕਸੂਅਲ ਰਾਈਟਸ ਇਨੀਸ਼ੀਏਟਿਵ ਕੈਨੇਡਾ, ਭਾਰਤ, ਮਿਸਰ, ਅਰਜਨਟੀਨਾ ’ਚ ਸਥਿਤ ਰਾਸ਼ਟਰੀ ਅਤੇ ਖੇਤਰੀ ਸੰਗਠਨਾਂ ਦਾ ਇੱਕ ਗੱਠਜੋੜ ਹੈ ਜੋ ਸੰਯੁਕਤ ਰਾਸ਼ਟਰ ਵਿੱਚ ਲਿੰਗਕਤਾ ਨਾਲ ਮਨੁੱਖੀ ਅਧਿਕਾਰਾਂ ਨੂੰ ਅੱਗੇ ਵਧਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੇ ਤਹਿਤ, ਸਾਰੇ ਵਿਅਕਤੀਆਂ ਨੂੰ ਆਪਣੀ ਲਿੰਗਕਤਾ ਨਾਲ ਜੁੜੇ ਮਾਮਲਿਆਂ ’ਤੇ ਕੰਟ੍ਰੋਲ ਕਰਨ ਅਤੇ ਸੁਤੰਤਰ ਤੌਰ ’ਤੇ ਫੈਸਲਾ ਕਰਨ ਦਾ ਅਧਿਕਾਰ ਹੈ।

**ਰਿਸ਼ਤਿਆਂ ਨੂੰ ਮਹੱਤਵ ਦੇਣਾ ’ਤੇ ਸਮਝਣਾ ਜ਼ਰੂਰੀ:**

- ਕੁੱਝ ਲੋਕ ਬਹੁਤ ਹੀ ਜਿਨਸੀ ਹੁੰਦੇ ਹਨ, ਜਦੋਂ ਕਿ ਦੂਸਰੇ ਸ਼ਾਇਦ ਜਿਨਸੀ ਖਿੱਚ ਨੂੰ ਮਜ਼ਬੂਤੀ ਨਾਲ ਮਹਿਸੂਸ ਕਰਦੇ ਜਾਂ ਬਿਲਕੁਲ ਵੀ ਨਹੀਂ।
- ਹੈਲਦੀ ਸਮਾਜਿਕ ਰਿਸ਼ਤੇ, ਆਕਰਸ਼ਨ, ਸਹਿਮਤੀ, ਖੁਸ਼ੀ, ਮਨੁੱਖੀ ਅਧਿਕਾਰਾਂ ਦੇ ਨਾਲ-ਨਾਲ ਜਿਨਸੀ ਅਧਿਕਾਰਾਂ-ਲਿੰਗਕਤਾ, ਲਿੰਗ ਸਬੰਧੀ ਮੁੱਦਿਆਂ ਬਾਰੇ ਚਰਚਾ ਅਤੇ ਸੱਮਝਨਾ ਜਰੂਰੀ ਹੈ।
- ਹੈਲਦੀ ਰਿਸ਼ਤਿਆਂ ਲਈ ਬਹੁਤ ਸਾਰੇ ਲੋਕਾਂ ਲਈ ਸੈਕਸ ਨਾਲ ਪਿਆਰ ਅਤੇ ਵਚਨਵੱਧਤਾ ਨੂੰ ਉਲਝਾਉਣਾ ਅਸਾਨ ਹੋ ਸਕਦਾ ਹੈ ਅਤੇ ਇਹ ਜਾਣਨਾ ਜਰੂਰੀ ਹੈ ਕਿ ਤੁਹਾਨੂੰ ਇਹ ਦਿਖਾਉਣ ਲਈ ਕਿਸੇ ਨਾਲ ਸੈਕਸ ਕਰਨ ਦੀ ਲੋੜ ਨਹੀਂ ਹੈ ਕਿ ਤੁਸੀਂ ਉਹਨਾਂ ਨੂੰ ਪਿਆਰ ਕਰਦੇ ਹੋ।
- ਜੇ ਤੁਸੀਂ ਕਿਸੇ ਰਿਸ਼ਤੇ ’ਚ ਹੋ, ਤਾਂ ਵਿਅਕਤੀ ਸੈਕਸ ਨਾਲ ਨੇੜੇ ਤੋਂ ਵਧੇਰੇ ਪਿਆਰ ਮਹਿਸੂਸ ਕਰ ਸਕਦਾ ਹੈ। ਉਸ ਸਮੇਂ, ਗੈਰ-ਵਚਨਬੱਧ ਰਿਸ਼ਤੇ ’ਚ ਸੈਕਸ ਕਰਨਾ ਵੀ ਮਜ਼ੇਦਾਰ ਹੋ ਸਕਦਾ ਹੈ। ਕਿਸੇ ਵੀ ਤਰਾਂ, ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਸਾਥੀ ’ਤੇ ਭਰੋਸਾ ਅਤੇ ਸਤਿਕਾਰ ਕਰਨ ਨਾਲ ਬਦਲੇ ’ਚ ਤੁਹਾਨੂੰ ਵੀ ਭਰੋਸੇਯੋਗ ਅਤੇ ਸਤਿਕਾਰ ਮਹਿਸੂਸ ਕਰਨ ਦੀ ਲੋੜ ਹੈ।
- ਜਣਨ ਅੰਗਾਂ ’ਚ ਲਿੰਗ ਅਤੇ ਯੋਨੀ ਨਾਲ ਜੁੜੇ ਵੱਖ-ਵੱਖ ਸਵਾਲ ਹੋ ਸਕਦੇ ਹਨ। ਜਣਨ ਅੰਗਾਂ ਦੀ ਹਾਈਜੀਨ ’ਤੇ ਤੰਦਰੁਸਤ ਰੱਖਣ ਦੀ ਲੋੜ ਹੁੰਦੀ ਹੈ।

**ਜਿਨਸੀ ਅਧਿਕਾਰ (ਲਿੰਗਕਤਾ ਨਾਲ ਜੁੜੇ ਅਧਿਕਾਰ):**

- ਵਿਆਪਕ ਲਿੰਗਕਤਾ ਸਿੱਖਿਆ * ਸੁਰੱਖਿਅਤ ਗਰਭਪਾਤ ’ਤੇ ਅਪਰਾਧੀਕਰਨ ਅਤੇ ਹੋਰ ਪਾਬੰਦੀਆਂ * ਲਿੰਗ ਆਧਾਰਿਤ ਵਿਤਕਰਾ * ਜਲਦੀ ਅਤੇ ਜਬਰੀ ਸ਼ਾਦੀ * ਔਰਾ ਜਣਨ ਅੰਗ ਵਿਗਾੜ * ਲਿੰਗ ਆਧਾਰਿਤ ਹਿੰਸਾ * ਲਿੰਗ ਸਮਾਨਤਾ * ਲਿੰਗ ਪਛਾਣ ਅਤੇ ਸਮੀਕਰਨ * ਐਚਆਈਵੀ/ਏਡਜ਼ * ਮਾਵਾਂ ਦੀ ਬਿਮਾਰੀ ਅਤੇ ਮੌਤ ਦਰ * ਪ੍ਰਜਨਨ ਅਧਿਕਾਰ *ਇੰਟਰਸੈਕਸ ਲੋਕਾਂ ਦੇ ਅਧਿਕਾਰ * ਸੈਕਸ ਵਰਕਰਾਂ ਦੇ ਅਧਿਕਾਰ * ਜਿਨਸੀ ਰੁਝਾਨ * ਨੌਜਵਾਨਾਂ ਦੇ ਜਿਨਸੀ ਅਧਿਕਾਰ * ਅੰਤਰਰਾਸ਼ਟਰੀ ਸਹਿਮਤੀ * ਜਿਨਸੀ ਅਧਿਕਾਰ ਮੌਜੂਦਾ ਮਨੁੱਖੀ ਅਧਿਕਾਰਾਂ ਅਤੇ ਬੁਨਿਆਦੀ ਅਜ਼ਾਦੀਆਂ ਦਾ ਹਿੱਸਾ ਹਨ, ਜਿਸ ’ਚ ਜੀਵਨ ਦਾ ਅਧਿਕਾਰ, ਨਿੱਜਤਾ, ਵਿਚਾਰ ਪ੍ਰਗਟਾਵੇ ਦੀ ਆਜ਼ਾਦੀ, ਹਿੰਸਾ ਤੋਂ ਆਜ਼ਾਦੀ, ਸਿੱਖਿਆ ਅਤੇ ਜਾਣਕਾਰੀ, ਸਮਾਨਤਾ, ਹਰ ਕਿਸਮ ਦੇ ਵਿਤਕਰੇ ਤੋਂ ਅਜ਼ਾਦੀ ਅਤੇ ਚੰਗੀ ਸਿਹਤ ਪ੍ਰਾਪਤੀ ਦੇ ਮਿਆਰ ਤੱਕ ਵਗੈਰਾ।
- ਜਿਨਸੀ ਜੀਵਨ ’ਚ ਹਿੰਸਾ, ਜ਼ਬਰਦਸਤੀ ਜਾਂ ਧਮਕਾਉਣ ਤੋਂ ਮੁਕਤ ਹੋਣਾ
- ਜਿਨਸੀ ਅਤੇ ਪ੍ਰਜਨਨ ਸਿਹਤ ਸੰਭਾਲ ਜਾਣਕਾਰੀ,
- ਸਿੱਖਿਆ, ਅਤੇ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਅਤੇ ਉਹਨਾਂ ਦੀ ਲਿੰਗਕਤਾ ਦੇ ਅਭਿਆਸਦੇ ਅਧਾਰ’ਤੇ ਵਿਤਕਰੇ ਤੋਂ ਸੁਰੱਖਿਅਤ ਹੋਣਾ
- ਇਹਨਾਂ ਨੂੰ ਲਿੰਗਕਤਾ ਨਾਲ ਜੁੜੇ ਮਨੁੱਖੀ ਅਧਿਕਾਰਾਂ ਵੱਜੋਂ ਜਾਣਿਆ ਜਾਂਦਾ ਹੈ ਜਾਂ ਸਿਰਫ ਜਿਨਸੀ ਅਧਿਕਾਰ ਅਤੇ ਵਿਸ਼ਵ ਦੀ ਹਰ ਸਰਕਾਰ ਨੂੰ ਇਹਨਾਂ ਬੁਨਿਆਦੀ ਮਨੁੱਖੀ ਅਧਿਕਾਰਾਂ ਦਾ ਸਤਿਕਾਰ, ਰੱਖਿਆ ਅਤੇ ਪੂਰਾ ਕਰਨ ਦੀ ਲੋੜ ਹੁੰਦੀ ਹੈ।
- ਆਦਰ- ਰਾਜਾਂ ਨੂੰ ਮਨੁੱਖੀ ਅਧਿਕਾਰਾਂ ਦੇ ਅਨੰਦ ’ਚ ਦਖਲ ਦੇਣ ਜਾਂ ਸੀਮਤ ਕਰਨ ਤੋਂ ਬਚਣਾ ਚਾਹੀਦਾ ਹੈ। ਅਧਿਕਾਰਾਂ ਦੀ ਉਲੰਘਣਾ ਤੋਂ ਵਿਅਕਤੀਆਂ ਅਤੇ ਸਮੂਹਾਂ ਦੀ ਰੱਖਿਆ ਕਰਨ ਦੀ ਲੋੜ ਹੁੰਦੀ ਹੈ।
- ਜਿਨਸੀ ਅਤੇ ਪ੍ਰਜਨਨ ਸਿਹਤ ਦਾ ਅਧਿਕਾਰ, ਸਿੱਖਿਆ ਦੇ ਅਧਿਕਾਰ ਅਤੇ ਗੈਰ-ਵਿਤਕਰੇ ’ਤੇ ਔਰਤਾਂ ਵਿਚਕਾਰ ਬਰਾਬਰੀ ਦੇ ਅਧਿਕਾਰ ਦੇ ਨਾਲ, ਲਿੰਗਕਤਾ ਅਤੇ ਪ੍ਰਜਨਨ ਬਾਰੇ ਸਿਖਿਆ ਦਾ ਅਧਿਕਾਰ ਸ਼ਾਮਿਲ ਕੀਤਾ ਗਿਆ ਹੈ ਜੋ ਉਮਰ ਦੇ ਮੁਤਾਬਿਕ ਅਨੁਕੂਲ, ਵਿਆਪਕ, ਗੈਰ-ਵਿਤਕਰੇ, ਸਬੂਤ ਅਧਾਰਿਤ, ਵਿਗਿਆਨਕ ਹੈ।

# ਵਿਟਾਮਿਨ ‘ਕੇ’ ਵੀ ਜ਼ਰੂਰੀ ਹੈ ਸਿਹਤ ਲਈ

ਸੰਤੁਲਿਤ ਭੋਜਨ ਵਿਚ ਵਿਟਾਮਿਨਾਂ ਦੀ ਅਹਿਮ ਭੂਮਿਕਾ ਹੁੰਦੀ ਹੈ ਕਿਉਂਕਿ ਇਹ ਸਾਡੇ ਭੋਜਨ ਨੂੰ ਪੌਸ਼ਟਿਕ ਬਣਾਉਂਦੇ ਹਨ, ਜਿਸ ਨਾਲ ਸਾਡਾ ਸਰੀਰ ਸਿਹਤਮੰਦ ਰਹਿੰਦਾ ਹੈ। ਵਿਟਾਮਿਨ ‘ਏ, ਬੀ, ਸੀ, ਡੀ ਦੀ ਤਰ੍ਹਾਂ ਵਿਟਾਮਿਨ ‘ਕੇ’ ਵੀ ਸਰੀਰ ਲਈ ਜ਼ਰੂਰੀ ਹੁੰਦਾ ਹੈ ਜੋ ਚਰਬੀ ਵਿਚ ਘੁਲਣਸ਼ੀਲ ਹੁੰਦਾ ਹੈ ਅਤੇ ਚਰਬੀ ਦੇ ਨਾਲ ਸਾਡੇ ਸਰੀਰ ਵਿਚ ਸਮਾ ਕੇ ਸਟੋਰ ਹੋ ਜਾਂਦਾ ਹੈ। ਵਿਟਾਮਿਨ ‘ਕੇ’ ਦੀ ਕਮੀ ਅਸੀਂ ਪੌਸ਼ਟਿਕ ਭੋਜਨ ਤੋਂ ਵੀ ਪੂਰੀ ਕਰ ਸਕਦੇ ਹਾਂ।

**ਵਿਟਾਮਿਨ ‘ਕੇ’ ਦੇ ਸਰੋਤ :** ਵਿਟਾਮਿਨ ‘ਕੇ’ ਵਿਸ਼ੇਸ਼ ਰੂਪ ਵਿੱਚ ਗੋਭੀ, ਪੱਤਾ ਗੋਭੀ, ਸਾਗ, ਪਾਲਕ, ਬ੍ਰੋਕਲੀ ਵਰਗੀਆਂ ਹਰੀਆਂ ਸਬਜ਼ੀਆਂ ਵਿਚੋਂ ਮਿਲਦਾ ਹੈ। ਇਸ ਤੋਂ ਇਲਾਵਾ ਟਮਾਟਰ, ਲਾਲ-ਪੀਲੀ ਸ਼ਿਮਲਾ ਮਿਰਚ, ਬਲਿਊਬੇਰੀ, ਕੀਵੀ, ਅੰਗੂਰ, ਸਟਰਾਬੇਰੀ, ਦਹੀਂ, ਪਨੀਰ, ਗ੍ਰੀਨ ਟੀ, ਜੈਤੂਨ ਦਾ ਤੇਲ ਆਦਿ ਵਿਚ ਵੀ ਹੁੰਦਾ ਹੈ। ਵਿਟਾਮਿਨ ‘ਕੇ’ ਮੁਰਗਾ, ਆਂਡਾ, ਸਾਮਨ ਮੱਛੀ ਤੋਂ ਵੀ ਮਿਲਦਾ ਹੈ।

ਕਿੰਨਾ ਲਈਏ : ਵਿਟਾਮਿਨ ‘ਕੇ’ ਮਰਦਾਂ ਨੂੰ 120 ਮਿਲੀ ਗ੍ਰਾਮ ਹਰ ਰੋਜ਼ ਲੈਣਾ ਚਾਹੀਦਾ ਹੈ ਅਤੇ ਔਰਤਾਂ ਨੂੰ 90 ਮਿਲੀ ਗ੍ਰਾਮ। ਹਰ ਰੋਜ਼ ਦੁੱਧ ਪਿਲਾਉਣ ਵਾਲੀਆਂ ਔਰਤਾਂ ਨੂੰ 75 ਮਿਲੀ ਗ੍ਰਾਮ ਹਰ ਰੋਜ਼, 9 ਤੋਂ 13 ਸਾਲ ਦੇ ਬੱਚਿਆਂ ਨੂੰ 60 ਗ੍ਰਾਮ ਉਨ੍ਹਾਂ ਤੋਂ ਛੋਟੇ ਬੱਚਿਆਂ ਨੂੰ 40 ਤੋਂ 55 ਮਿਲੀ ਗ੍ਰਾਮ ਅਤੇ ਨੰਨ੍ਹੇ ਬੱਚਿਆਂ ਨੂੰ 2.5 ਮਿਲੀ ਗ੍ਰਾਮ ਤੱਕ ਵਿਟਾਮਿਨ ‘ਕੇ’ ਹਰ ਰੋਜ਼ ਲੈਣਾ ਚਾਹੀਦਾ ਹੈ ਤਾਂ ਹੀ ਉਨ੍ਹਾਂ ਵਿਚ ਵਿਟਾਮਿਨ ‘ਕੇ’ ਦੀ ਕਮੀ ਨਹੀਂ ਹੋਵੇਗੀ।



**ਵਿਟਾਮਿਨ ‘ਕੇ’ ਦੇ ਲਾਭ :** ਵਿਟਾਮਿਨ ‘ਕੇ’ ਸੱਟ ਲੱਗਣ ’ਤੇ ਵਗਦੇ ਖ਼ੂਨ ਨੂੰ ਜੰਮਣ ਵਿਚ ਮਦਦ ਕਰਦਾ ਹੈ, ਜਿਸ ਨਾਲ ਜ਼ਿਆਦਾ ਖ਼ੂਨ ਨਹੀਂ ਨਿਕਲਦਾ।

ਲਗਾਤਾਰ ਵਿਟਾਮਿਨ ‘ਕੇ’ ਦੀ ਵਰਤੋਂ ਨਾਲ ਦਿਲ ਦੇ ਰੋਗ ਦਾ ਖ਼ਤਰਾ ਘੱਟ ਰਹਿੰਦਾ ਹੈ। ਇਹ ਕੋਰੋਨਰੀ ਧਮਣੀਆਂ ਵਿਚ ਪ੍ਰੋਟੀਨ ਦੀ ਘਾਟ ਪੂਰੀ ਕਰਦਾ ਹੈ ਅਤੇ ਉਸ ਦੇ ਨਾਲ ਆਲੇ-ਦੁਆਲੇ ਇਕ ਪਰਤ ਬਣਾਉਂਦਾ ਹੈ ਜਿਸ ਨਾਲ ਧਮਣੀਆਂ ਵਿਚ ਕੈਲਸ਼ੀਅਮ ਜੰਮ ਨਾ ਸਕੇ।

ਵਿਟਾਮਿਨ ‘ਕੇ’ ਸਰੀਰ ਵਿਚ ਖ਼ੂਨ ਦਾ ਪ੍ਰਵਾਹ ਠੀਕ ਬਣਾਈ ਰੱਖਦਾ ਹੈ। ਖ਼ੂਨ ਦੇ ਥੱਕੇ ਬਣਨ ਤੋਂ ਰੋਕਦਾ ਹੈ, ਪੋਸ਼ਕ ਤੱਤਾਂ ਨੂੰ ਸਰਗਰਮ ਕਰਕੇ ਖ਼ੂਨ ਦੇ ਨਾਲ ਸਰੀਰ ਵਿਚ ਪਹੁੰਚਾਉਣ ਵਿਚ ਮਦਦ ਕਰਦਾ ਹੈ।

ਵਿਟਾਮਿਨ ‘ਕੇ’ ਨਾਲ ਹੱਡੀਆਂ ਵਿਚ ਜ਼ਿਆਦਾ ਡੈਂਸਿਟੀ ਬਣਾਈ ਰੱਖਣ ਵਿਚ ਮਦਦ ਮਿਲਦੀ ਹੈ। ਇਸ ਦੀ ਵਰਤੋਂ ਨਾਲ ਆਸਟੀਓਪੋਰੋਸਿਸ ਹੋਣ ਦਾ ਖ਼ਤਰਾ ਘੱਟ ਹੁੰਦਾ ਹੈ। ਵਿਟਾਮਿਨ ‘ਕੇ’ ਦੀ ਕਮੀ ਨਾਲ ਜ਼ਰੂਰੀ ਕੈਲਸ਼ੀਅਮ ਰਿਸ ਕੇ ਧਮਣੀਆਂ ਵਿਚ ਪਹੁੰਚ ਜਾਂਦਾ ਹੈ ਅਤੇ ਹੱਡੀ ਖੁਰਨ ਦਾ ਖ਼ਤਰਾ ਵਧ ਜਾਂਦਾ ਹੈ।

ਕਈ ਵਾਰ ਨਵੇਂ ਜਨਮੇ ਬੱਚਿਆਂ ਵਿਚ ਵਿਟਾਮਿਨ ‘ਕੇ’ ਦੀ ਕਮੀ ਹੋਣ ਨਾਲ ਉਨ੍ਹਾਂ ਨੂੰ ਇਸ ਦਾ ਇੰਜੈਕਸ਼ਨ ਲਗਾਉਣਾ ਪੈਂਦਾ ਹੈ। ਦਿਲ ਰੋਗੀ, ਐਸਪ੍ਰਿਨ ਲੈਣ ਵਾਲੇ, ਜ਼ਿਆਦਾ ਐਂਟੀਬਾਇਓਟਿਕ ਦੀ ਵਰਤੋਂ ਕਰਨ ਵਾਲਿਆਂ ਵਿਚ ਵਿਟਾਮਿਨ ‘ਕੇ’ ਦੀ ਕਮੀ ਹੋ ਜਾਂਦੀ ਹੈ।

ਵਿਟਾਮਿਨ ’ਕੇ’ ਜ਼ਿਆਦਾ ਲੈਣ ਨਾਲ ਭੁੱਖ ਵਿਚ ਕਮੀ ਆਉਂਦੀ ਹੈ, ਥਕਾਵਟ ਮਹਿਸੂਸ ਹੁੰਦੀ ਹੈ। ਹੱਥਾਂ-ਪੈਰਾਂ ਵਿਚ ਝਰਨਾਹਟ, ਸਾਹ ਲੈਣ ਵਿਚ ਮੁਸ਼ਕਿਲ ਹੁਦੀ ਹੈ ਅ ਤ ਚਿੜਚਿੜਾਪਨ ਪੈਦਾ ਹੁੰਦਾ ਹੈ। ਇਸ ਤਰ੍ਹਾਂ ਦੇ ਲੱਛਣ ਹੋਣ ’ਤੇ ਡਾਕਟਰ ਨੂੰ ਜ਼ਰੂਰ ਮਿਲੋ।

-ਸੁਦਰਸ਼ਨ ਚੌਧਰੀ



*ਜਨਮ ਦਿਨ 'ਤੇ ਵਿਸ਼ੇਸ਼*

# ਨਾ ਮਿਲਵਰਤਣ ਲਹਿਰ ਦੇ ਮੋਢੀ ਸਨ : ਨਾਮਧਾਰੀ ਬਾਬਾ ਰਾਮ ਸਿੰਘ

ਭਾਰਤ ਦੇ ਆਜ਼ਾਦੀ ਦੇ ਇਤਿਹਾਸ ਵਿਚ ਇਹੋ ਪੜ੍ਹਾਇਆ ਜਾਂਦਾ ਕਿ ਅੰਗਰੇਜੀ ਹਕੂਮਤ ਵਿਚ ਨਾ ਮਿਲਵਰਤਨ ਲਹਿਰ ਮਹਾਤਮਾ ਗਾਂਧੀ ਨੇ ਸ਼ੁਰੂ ਕੀਤੀ, ਜਦ ਕਿ ਅਸਲੀਅਤ ਇਹ ਹੈ ਕਿ ਇਸ ਦਾ ਸਿਹਰਾ ਨਾਮਧਾਰੀ ਬਾਬਾ ਰਾਮ ਸਿੰਘ ਨੂੰ ਜਾਂਦਾ ਹੈ ਜਿਵੇਂ ਕਿ ਅੱਗੇ ਜਾ ਕੇ ਅਸੀਂ ਵੇਖਾਂਗੇ। ਬਾਬਾ ਰਾਮ ਸਿੰਘ ਦਾ ਜਨਮ ਫਰਵਰੀ 1816 ਵਿਚ ਬਸੰਤ ਪੰਚਮੀ ਦੀ ਰਾਤ ਨੂੰ ਭੈਣੀ ਅਰਾਈਆਂ ਪਿੰਡ ਵਿਚ ਹੋਇਆ। ਬੰਸਾਵਲੀ ਅਨੁਸਾਰ ਉਨ੍ਹਾਂ ਦੇ ਪੁਰਖੇ ਮੂਲ ਰੂਪ ਵਿਚ ਬੰਗਲੌਰ ਦੇ ਨਿਵਾਸੀ ਸਨ, ਜਿਥੋਂ ਚੱਲ ਕੇ ਉਹ ਅਲਵਰ ਰਾਜਸਥਾਨ ਆ ਗਏ। ਅਲਵਰ ਤੋਂ ਉਹ ਲੁਧਿਆਣੇ ਜਿਲ੍ਹਾ ਦੇ ਪਿੰਡ ਵੱਡੀ ਲਲਤੋਂ ਆ ਗਏ। ਉਨ੍ਹਾਂ ਦਾ ਕੰਮ ਲੋਹੇ ਦੇ ਸੰਦ ਬਣਾਉਣਾ ਸੀ। ਇਕ ਹੋਰ ਰਿਵਾਇਤ ਅਨੁਸਾਰ ਉਨ੍ਹਾਂ ਦੇ ਵਡੇਰਿਆਂ ਨੂੰ ਮਾਲਵੇ ਦੇ ਪ੍ਰਸਿੱਧ ਬਾਗੜੀਆ ਪ੍ਰਵਾਰ ਨੇ ਸਿੱਖੀ ਦੇ ਲੜ ਲਾਇਆ। ਇਹ ਪ੍ਰਵਾਰ ਸੱਤਵੀ ਪਾਤਸ਼ਾਹੀ ਦੇ ਸਮੇਂ ਤੋਂ ਹੀ ਸਿੱਖੀ ਦਾ ਪ੍ਰਚਾਰ ਕਰ ਰਿਹਾ ਸੀ।

ਰਾਮ ਸਿੰਘ ਦੀ ਮਾਤਾ ਦਾ ਨਾਂ ਸਦਾ ਕੌਰ ਤੇ ਪਿਤਾ ਦਾ ਨਾਂ ਜੱਸਾ ਸਿੰਘ ਸੀ। ਉਨ੍ਹਾਂ ਨੂੰ ਸਿੱਖੀ ਵਿਰਸੇ ਵਿਚ ਪ੍ਰਾਪਤ ਹੋਈ ਸੀ। ਰਾਮ ਸਿੰਘ ਨੇ ਛੋਟੀ ਉਮਰ ਹੀ ਮਾਤਾ ਪਾਸੋਂ ਗੁਰਮੁਖੀ ਅਤੇ ਗੁਰਬਾਣੀ ਸਿਖੀ। ਰਾਮ ਸਿੰਘ ਨੂੰ ਰਸਮੀ ਤੌਰ 'ਤੇ ਵਿਦਿਆ ਪ੍ਰਾਪਤੀ ਲਈ ਲਾਗਲੇ ਪਿੰਡ ਬਿਲਗਾ ਦੀ ਧਰਮਸ਼ਾਲਾ ਭੇਜਿਆ ਗਿਆ। ਉਹ ਕੁਝ ਸਮੇਂ ਲਈ ਉਦਾਸੀਆਂ ਅਤੇ ਨਿਰਮਲਿਆਂ ਦੀ ਸੰਗਤ ਵਿਚ ਰਹੇ। ਅਖੀਰ ਉਨ੍ਹਾਂ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ। ਉਹ ਅਜੇ ਪੰਜ ਸਾਲ ਦੇ ਹੀ ਸਨ ਕਿ ਉਨ੍ਹਾਂ ਦੀ ਮੰਗਣੀ ਧਾਰੋਅਦਨਾ ਪਿੰਡ ਦੀ ਕੁੜੀ ਬੀਬੀ ਜੱਸਾ ਨਾਲ ਕਰ ਦਿੱਤੀ ਗਈ। ਦੋ ਸਾਲਾਂ ਪਿਛੋਂ ਉਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ। ਉਨ੍ਹਾਂ ਦੇ ਦੋ ਧੀਆਂ ਅਤੇ ਇਕ ਪੁੱਤਰ ਹੋਇਆ, ਜੋ ਬਚਪਨ ਵਿਚ ਚੱਲ ਵੱਸਿਆ। ਰਾਮ ਸਿੰਘ 20 ਸਾਲ ਦੀ ਉਮਰ ਵਿਚ ਆਪਣੇ ਜੀਜੇ ਦੀ ਪ੍ਰੇਰਨਾ ਕਰਕੇ ਕਾਬੁਲ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਖਾਲਸਾ ਫੌਜ ਵਿਚ ਭਰਤੀ ਹੋ ਗਏ। ਉਨ੍ਹਾਂ ਨੂੰ ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਸ਼ਹਿਜਾਦਾ ਨੌਨਿਹਾਲ ਸਿੰਘ ਦੇ ਨਾਂ 'ਤੇ ਬਣੀ ਰੈਜਮੰਟ ਨਾਲ ਜੋੜ ਦਿਤਾ ਗਿਆ। ਇਸ ਪਲਟਣ ਵਿਚ ਹੋਰ ਵੀ ਕਈ ਸਿੱਖ ਨਾਮ ਸਿਮਰਨ ਵਾਲੇ ਸਨ, ਇਸ ਲਈ ਇਸ ਪਲਟਣ ਨੂੰ ਭਗਤਾਂ ਦੀ ਪਲਟਣ ਜਾਂ ਭਗਤਾਂ ਦੀ ਰੈਜਮੈਂਟ ਕਿਹਾ ਜਾਣ ਲਗ ਗਿਆ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਖ਼ਾਲਸਾ ਦਰਬਾਰੀ ਤੇ ਅਹਿਲਕਾਰ ਬਦਨਾਮ ਹੋ ਗਏ ਅਤੇ ਉਹ ਅਫ਼ੀਮ, ਸ਼ਰਾਬ ਤੇ ਰੰਡੀਬਾਜ਼ੀ ਵਲ ਤੁਰ ਪਏ। ਉਹ ਲੁੱਟਾਂ ਖੋਹਾਂ ਵੀ ਕਰਨ ਲੱਗ ਗਏ। ਰਾਮ ਸਿੰਘ ਖਾਲਸੇ ਦੇ ਵਤੀਰੇ ਤੋਂ ਦੁਖੀ ਹੋ ਕੇ ਇਨ੍ਹਾਂ ਨੂੰ ਮਲੇਸ਼ ਖਾਲਸਾ ਕਹਿਣ ਲਗੇ। ਸ਼ਰੇਆਮ ਆਪਣੇ ਅਫਸਰਾਂ ਤੇ ਸਾਥੀਆਂ ਦੀ ਨੁਕਤਾਚੀਨੀ ਕਰਨ ਕਰਕੇ ਰਾਮ ਸਿੰਘ ਦਾ ਕੋਰਟ ਮਾਰਸ਼ਲ ਹੋਇਆ ਤੇ ਭਾਰੀ ਸਜ਼ਾ ਦਿੱਤੀ ਗਈ। 1845 ਵਿਚ ਜਦੋਂ ਸਿੱਖਾਂ ਤੇ ਅੰਗਰੇਜ਼ਾਂ ਵਿਚਕਾਰ ਪਹਿਲਾ ਯੁੱਧ ਹੋਇਆ ਤਾਂ ਉਨ੍ਹਾਂ ਆਪਣੀ ਬੰਦੂਕ ਸਤਲੁਜ ਦਰਿਆ ਵਿਚ ਸੁੱਟੀ ਅਤੇ ਘਰ ਆ ਗਏ। 18 ਦਸੰਬਰ 1845 ਵਿਚ ਮੁਦਕੀ ਵਿਚ ਖਾਲਸੇ ਦੀ ਹਾਰ ਪਿਛੋਂ ਉਨ੍ਹਾਂ ਨੌਕਰੀ ਛੱਡ ਦਿਤੀ ਤੇ ਪੱਕੇ ਤੌਰ ਤੇ ਪਿੰਡ ਆ ਗਏ। ਉਨ੍ਹਾਂ ਨੇ ਪਹਿਲਾਂ ਖੇਤੀਬਾੜੀ, ਫਿਰ ਦੁਕਾਨਦਾਰੀ ਤੇ ਫਿਰ ਆਪਣੇ ਮਾਮੇ ਦੇ ਪੁੱਤਰ ਭਾਈ ਹਰੀ ਸਿੰਘ ਕੋਲ ਫਿਰੋਜ਼ਪੁਰ ਆ ਗਏ ਜਿੱਥੇ ਕਿ ਕਿੱਲ੍ਹੇ ਦੀ ਉਸਾਰੀ ਦਾ ਕੰਮ ਚਲ ਰਿਹਾ ਸੀ। ਰਾਮ ਸਿੰਘ ਨੂੰ ਉਨ੍ਹਾਂ ਨੇ ਭਾਈਵਾਲ ਬਣਵਾ ਦਿੱਤਾ। ਬਹੁਤ ਸਮਾਂ ਪਹਿਲਾਂ ਉਨ੍ਹਾਂ ਦੀ ਰੈਜਮੈਂਟ ਨੂੰ 1841 ਵਿਚ ਪਿਸ਼ਾਵਰ ਜਾਣ ਦਾ ਹੁਕਮ ਹੋਇਆ ਸੀ ਤਾਂ ਉਨ੍ਹਾਂ ਨੂੰ ਕੈਥਲਪੁਰ ਜਿਲ੍ਹੇ ਦੇ ਹਜ਼ਰੇ ਪਿੰਡ ਜਾ ਕੇ ਬਾਬਾ ਬਾਲਕ ਸਿੰਘ ਨੂੰ ਮਿਲਣ ਦਾ ਮੌਕਾ ਮਿਲਿਆ ਸੀ। ਉਸ ਸਮੇਂ ਤੀਕ ਬਾਬਾ ਬਾਲਕ ਸਿੰਘ ਸਮਾਜਿਕ ਤੇ ਧਾਰਮਿਕ ਸੁਧਾਰਾਂ ਦਾ ਪ੍ਰਚਾਰ ਕਰਨ ਵਾਲੇ ਅਧਿਆਤਮਕ ਆਗੂ ਦੇ ਤੌਰ 'ਤੇ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਸਨ। 1862 ਵਿਚ ਬਾਬਾ ਬਾਲਕ ਸਿੰਘ ਚੜ੍ਹਾਈ ਕਰ ਗਏ ਤਾਂ ਉਨ੍ਹਾਂ ਦੇ ਤਿੰਨ ਚੇਲੇ ਸਨ- ਕਾਨ੍ਹ ਸਿੰਘ, ਲਾਲ ਸਿੰਘ ਅਤੇ ਰਾਮ ਸਿੰਘ। ਕਾਨ੍ਹ ਸਿੰਘ ਹਜ਼ਰੇ ਵਿਖੇ ਸੰਪ੍ਰਦਾਇ ਦਾ ਮੁਖੀ ਬਣੇ। ਲਾਲ ਸਿੰਘ ਅੰਮ੍ਰਿਤਸਰ ਆ ਵਸੇ ਅਤੇ ਰਾਮ ਸਿੰਘ ਆਪਣੇ ਪਿੰਡ ਭੈਣੀ ਆਲ੍ਹਾ ਆ ਗਏ। ਰਾਮ ਸਿੰਘ ਨੂੰ ਵਿੱਧੀ ਅਨੁਸਾਰ ਬਾਬਾ ਬਾਲਕ ਸਿੰਘ ਦਾ ਉੱਤਰਾਧਿਕਾਰੀ ਚੁਣਿਆ ਗਿਆ।

ਉਸ ਸਮੇਂ ਅੰਗਰੇਜ਼ਾਂ ਵਲੋਂ ਇਸਾਈ ਮੱਤ ਦੇ ਪ੍ਰਚਾਰ ਲਈ ਜਿੱਥੇ ਗਿਰਜੇ ਬਣਾਏ ਜਾ ਰਹੇ ਸਨ, ਉੱਥੇ ਸਿੱਖ ਧਰਮ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਅੰਗਰੇਜ਼ ਅਫ਼ਸਰ ਸਿੱਖਾਂ ਦੀ ਧਾਰਮਿਕ ਭਾਵਨਾਵਾਂ ਦਾ ਨਿਰਾਦਰ ਕਰਦੇ ਸਨ। ਇਹ ਅਫ਼ਸਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਜਿਹੇ ਸਿੱਖਾਂ ਦੇ ਧਾਰਮਿਕ ਸਥਾਨਾਂ ਨੂੰ ਬਣਦਾ ਸਤਿਕਾਰ ਨਹੀ ਦਿੰਦੇ ਸਨ। ਉਹ ਮਹਾਰਾਜਾ ਦਲੀਪ ਸਿੰਘ ਨੂੰ ਇਸਾਈ ਬਣਾਏ ਜਾਣ, ਗਊਆਂ ਨੂੰ ਮਾਰਨ ਲਈ ਬੁਚੜਖਾਣੇ ਖਾਸ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਖੋਲ੍ਹੇ ਜਾਣ ਦੀ ਗੱਲ ਕਰਦੇ ਸਨ। ਨਾਮਧਾਰੀ ਗੁਰੂ ਰਾਮ ਸਿੰਘ ਨੇ ਸਿੱਖਾਂ ਵਿਚ ਆਏ ਨੈਤਿਕ ਨਿਘਾਰ ਨੂੰ ਠੱਲ ਪਾਉਣ ਤੇ ਸਿੱਖਾਂ ਅੰਦਰ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਦਾ ਮਨ ਬਣਾਇਆ। ਪਹਿਲੇ ਪੜਾਅ ਵਿਚ ਉਨ੍ਹਾਂ ਨੇ ਆਪਣੇ ਗੁਰੂ ਬਾਬਾ ਬਾਲਕ ਸਿੰਘ ਵਾਂਗ ਸਮਾਜਿਕ ਧਾਰਮਿਕ ਕੰਮ ਜਾਰੀ ਰੱਖੇ। ਦੂਜੇ ਪੜਾਅ ਵਿਚ ਉਨ੍ਹਾਂ ਜਦੋਂ 1857 ਤੇ ਗ਼ਦਰ ਸਮੇਂ ਸੰਤ ਖਾਲਸਾ ਦੀ ਨੀਂਹ ਰੱਖੀ ਤਾਂ ਉਹ ਸਹਿਜਧਾਰੀ ਤੋਂ ਖਾਲਸਾ ਪਰੰਪਰਾ ਵੱਲ ਆ ਗਏ। ਤੀਜੇ ਅਤੇ ਅੰਤਿਮ ਪੜਾਅ ਵਿਚ ਉਨ੍ਹਾਂ ਖਾਲਸਾ ਰਾਜ ਦੀ ਬਹਾਲੀ ਤੇ ਬਰਤਾਨਵੀ ਰਾਜ ਦੇ ਅੰਤ ਦਾ ਸੁਫ਼ਨਾ ਵੇਖਿਆ। ਉਨ੍ਹਾਂ ਪਿੰਡ ਆ ਕੇ ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਵੱਡੇ ਪੱਧਰ ਤੇ ਕੀਤਾ। ਉਨ੍ਹਾਂ ਲੋਕਾਂ ਨੂੰ ਅੰਧਵਿਸ਼ਵਾਸਾਂ ਤੇ ਕਰਮਕਾਂਡਾਂ ਤੋਂ ਲੋਕਾਂ ਨੂੰ ਦੂਰ ਕੀਤਾ ਤੇ ਨਾਮ ਸਿਮਰਨ 'ਤੇ ਸਿੱਖ ਸਿਧਾਂਤ ਉੱਪਰ ਅਮਲ ਕਰਨ 'ਤੇ ਜ਼ੋਰ ਦਿੱਤਾ।

ਉਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਖੰਡੇ ਬਾਟੇ ਦੀ ਪਾਹੁਲ ਦੇਣੀ ਸ਼ੁਰੂ ਕੀਤੀ। ਉਨ੍ਹਾਂ ਨੇ ਭੈਣੀ ਸਾਹਿਬ ਵਿਖੇ ਆਪਣੇ ਸਦਰ ਮੁਕਾਮ ਵਿਖੇ ਭਾਈ ਕਾਨ੍ਹ ਸਿੰਘ ਨਿਹੰਗ ਪਿੰਡ ਚੱਕ ਰਿਆਇਤ ਮਲੇਰਕੋਟਲਾ, ਭਾਈ ਲਾਭ ਸਿੰਘ ਅੰਮ੍ਰਿਤਸਰ, ਭਾਈ ਨੈਣਾ ਸਿੰਘ ਵਰ੍ਹੀਆ, ਜ਼ਿਲ੍ਹਾ ਅੰਮ੍ਰਿਤਸਰ, ਭਾਈ ਆਤਮਾ ਸਿੰਘ ਪਿੰਡ ਮੁਹਾਰ ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਤੇ ਭਾਈ ਸੁੱਖ ਸਿੰਘ, ਪਿੰਡ ਦੁਰਗਾਪੁਰ, ਜ਼ਿਲ੍ਹਾ ਜਲੰਧਰ ਨੂੰ ਖੰਡੇ ਦੀ ਪਾਹੁਲ ਦੇ ਕੇ ਆਪਣੇ ਸਦਰ ਮੁਕਾਮ ਦੀ ਪ੍ਰਤੀਸ਼ਤ ਵਿਚ ਵਾਧਾ ਕੀਤਾ। ਉੱਨਵੀ ਸਦੀ ਵਿਚ ਪੰਜਾਬ ਵਿਚ ਔਰਤਾਂ ਨੂੰ ਅੰਮ੍ਰਿਤ ਛਕਾਉਣ ਰਸਮ ਬਾਰੇ ਵਾਦ ਵਿਵਾਦ ਸੀ ਪਰ ਆਪ ਜੀ ਵਲੋਂ ਮਰਦਾਂ ਅਤੇ




ਔਰਤਾਂ ਦੋਵਾਂ ਨੂੰ ਖੰਡੇ ਦੀ ਪਾਹੁਲ ਦੇਣੀ ਜਾਰੀ ਰਖੀ। ਆਪ ਨੇ ਸੰਤ ਖ਼ਾਲਸੇ ਦੇ ਪੁਰਸ਼ਾਂ ਨੂੰ ਸਿਖਲਾਈ ਲਈ ਗਤਕੇ, ਘੋੜ ਸੁਆਰੀ ਅਤੇ ਹਥਿਆਰਾਂ ਦੇ ਅਭਿਆਸ ਦਾ ਪ੍ਰਬੰਧ ਵੀ ਕੀਤਾ। ਆਪ ਨੇ ਪੇਸ਼ਾਵਰ ਗਾਇਕ, ਰਾਗੀ ਨੌਕਰ ਰਖੇ ਅਤੇ ਢਾਡੀ ਜਥੇ ਤੇ ਰਾਗੀ ਜਥੇ ਵੀ ਤਿਆਰ ਕੀਤੇ। ਉਨ੍ਹਾਂ ਨੇ ਨਾਮਧਾਰੀਆਂ ਦੇ ਠਹਿਰਣ ਲਈ ਧਰਮਸ਼ਾਲਾਵਾਂ ਦੀ ਸਥਾਪਨਾ ਕੀਤੀ।

ਉਨ੍ਹਾਂ ਨੇ ਵੱਖ-ਵੱਖ ਸ਼ਹਿਰਾਂ ਦੇ ਦੌਰੇ ਵੀ ਕੀਤੇ। ਉਨ੍ਹਾਂ ਦੇ ਨਾਲ 100 ਤੋਂ 500 ਤੀਕ ਸ਼ਰਧਾਲੂ ਨਾਲ ਜਾਂਦੇ ਸਨ। ਉਨ੍ਹਾਂ ਨੇ ਅਪ੍ਰੈਲ 1881 ਵਿਚ ਹਰਦੁਆਰ ਦੀ ਯਾਤਰਾ ਉਸ ਸਮੇਂ ਕੀਤੀ ਜਦੋਂ ਉੱਥੇ ਅਰਧ ਕੁੰਭ ਚਲ ਰਿਹਾ ਸੀ। 1882 ਵਿਚ ਆਪ ਨੇ ਅੰਮ੍ਰਿਤਸਰ ਦੀ ਯਾਤਰਾ ਦੀਵਾਲੀ ਸਮੇਂ



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਕੀਤੀ। ਏਹ ਜ਼ਰੂਰ ਭਾਸਦਾ ਹੈ ਕਿ ਖਾਲਸੇ ਨੂੰ ਦੁਬਾਰਾ ਸੁਰਜੀਤ ਕਰਨ ਦੇ ਕਾਰਜ ਵਿਚ ਇਸ ਦੀ ਰਾਜਨੀਤਕ ਸ਼ਕਤੀ ਨੂੰ ਬਲਵਾਨ ਕਰਨਾ ਵੀ ਉਹ ਜ਼ਰੂਰੀ ਸਮਝਦੇ ਸਨ। ਉਨ੍ਹਾਂ ਨੇ ਫੇਰ ਖਾਲਸੇ ਵਿਚ ਰਾਜਨੀਤਕ ਸੁਤੰਤ੍ਰਤਾ ਨੂੰ ਪ੍ਰਾਪਤ ਕਰਨ ਲਈ ਨਾਮਿਲਵਰਤਨ ਲਹਿਰ ਸ਼ੁਰੂ ਕੀਤੀ ਜਿਸ ਨੂੰ 50 ਸਾਲ ਪਿਛੋਂ ਕਾਂਗਰਸ ਨੇ ਪਾਸ ਕੀਤਾ। ਇਸ ਲਹਿਰ ਵਿਚ ਉਨ੍ਹਾਂ ਲੋਕਾਂ ਨੂੰ ਆਪਣੇ ਦੇਸ਼ ਦੀਆਂ ਬਣੀਆਂ ਵਸਤੂਆਂ ਵਰਤਣ, ਖੱਦਰ ਦਾ ਕਪੜਾ ਪਹਿਨਣ, ਅਦਾਲਤਾਂ ਵਿਚ ਨਾ ਜਾਣ, ਰੇਲ ਵਿਚ ਸਫ਼ਰ ਨਾ ਕਰਨ ਅਤੇ ਡਾਕਖਾਨੇ ਰਾਹੀਂ ਚਿਠੀਆਂ ਨਾ ਭੇਜਣ ਲਈ ਪ੍ਰਚਾਰ ਕੀਤਾ। ਇਸ ਦੇ ਉਲਟ ਉਨ੍ਹਾਂ ਨੇ ਆਪਣੀਆਂ ਅਦਾਲਤਾਂ ਅਤੇ ਅਪਣਾ ਡਾਕ ਦਾ ਪ੍ਰਬੰਧ ਕੀਤਾ ਜਿਸ ਨਾਲ ਉਨ੍ਹਾਂ ਦੀਆਂ ਚਿੱਠੀਆਂ ਸਰਕਾਰੀ ਚਿੱਠੀਆਂ ਨਾਲੋਂ ਛੇਤੀ ਪਹੁੰਚ ਜਾਇਆ ਕਰਦੀਆਂ ਸਨ।

ਉਹ ਹਿੰਸਾ ਦੇ ਵਿਰੁੱਧ ਸਨ ਤੇ ਚਾਹੁੰਦੇ ਸਨ ਕਿ ਸਾਨੂੰ ਦੂਸਰਿਆਂ ਦੇ ਜੀਵਨ ਦਾ ਪੂਰੀ ਤਰਾਂ ਲਿਹਾਜ਼ ਰਖਣਾ ਚਾਹੀਦਾ। ਉਨ੍ਹਾਂ ਦੇ ਸਿੱਖ ਵਧੇਰੇ ਜੋਸ਼ ਵਾਲੇ ਸਨ। ਉਹ ਆਪਣੇ ਮਨ ਨੂੰ ਵੱਸ ਵਿਚ ਨਾ ਰਖ ਸਕੇ। ਪਰ ਬਾਬਾ ਜੀ ਦੇ ਸਮਝਾਉਣ ਦੇ ਬਾਵਜੂਦ ਉਹ ਹਿੰਸਾ ਤੋਂ ਨਾ ਟਲੇ। ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜਾਂ ਨੂੰ ਹਦਾਇਤ ਕੀਤੀ ਸੀ ਕਿ ਜਦੋਂ ਵੀ ਤੁਹਾਡੀ ਫ਼ੌਜ ਮੇਰੇ ਰਾਜ ਵਿੱਚੋਂ ਲੰਘੇ ਤਾਂ ਗਊ-ਹੱਤਿਆ ਨਹੀਂ ਕਰਨੀ। ਪਰ ਜਦ ਪੰਜਾਬ 'ਤੇ ਉਨ੍ਹਾਂ ਦਾ ਕਬਜਾ ਹੋ ਗਿਆ ਤਾਂ ਉਨ੍ਹਾਂ ਨੇ ਇਸ ਹਦਾਇਤ ਦੇ ਵਿਰੁੱਧ ਜਾਣਬੁਝ ਕੇ ਅੰਮ੍ਰਿਤਸਰ ਵਿਚ ਬੁਚੜ੍ਹਖਾਨੇ ਖੋਲ ਕੇ ਗਊ-ਹੱਤਿਆ ਸ਼ੁਰੂ ਕਰ ਦਿੱਤੀ। ਨਾਮਧਾਰੀ ਗੁਰੂ ਚੌਂਕ ਘੰਟਾ ਘਰ, ਦਰਬਾਰ ਸਾਹਿਬ, ਨੇੜੇ ਬੁੱਚੜਖਾਣਾ ਖੋਲ੍ਹੇ ਜਾਣ ਤੇ ਕਾਫੀ ਪਰੇਸ਼ਾਨ ਸਨ। ਨਿਧਾਨ ਸਿੰਘ ਆਲਮ ਅਨੁਸਾਰ ਇਹ ਬੁੱਚੜਖਾਣਾ ਇਥੋਂ ਹਟਾਉਣ ਲਈ ਦਸ ਨਾਮਧਾਰੀ ਮਰਜੀਵੜਿਆਂ ਦਾ ਇੱਕ ਜੱਥਾ ਤਿਆਰ ਕੀਤਾ ਗਿਆ। ਜੱਥਾ ਅੰਮ੍ਰਿਤਸਰ ਵੱਲ ਨੂੰ ਤੁਰ ਪਿਆ ਅਤੇ ਲਾਹੌਰੀ ਦਰਵਾਜ਼ੇ ਨੇੜੇ ਬੁੱਚੜਖਾਣਾ ਵੇਖ ਕੇ ਦੁਖੀ ਹੋਇਆ। ਪਰ ਜਦੋਂ ਉਨ੍ਹਾਂ ਦਰਬਾਰ ਸਾਹਿਬ ਦੇ ਲਾਗੇ ਬੁੱਚੜਖਾਣਾ ਵੇਖਿਆ ਤਾਂ ਉਹ ਆਪਣੀਆਂ ਭਾਵਨਾਵਾਂ 'ਤੇ ਕਾਬੂ ਨਾ ਰੱਖ ਸਕੇ ਅਤੇ ਉਨ੍ਹਾਂ ਮੁਸਲਮਾਨ ਬੁੱਚੜਾਂ ਨੂੰ ਮਾਰ-ਮੁਕਾਉਣ ਦਾ ਨਿਸ਼ਚਾ ਕਰ ਲਿਆ। ਉਨ੍ਹਾਂ ਮਿਸਤਰੀ ਲਹਿਣਾ ਸਿੰਘ ਦੇ ਘਰ ਬੈਠ ਕੇ ਇਕ ਯੋਜਨਾ ਬਣਾਈ ਅਤੇ ਅੰਮ੍ਰਿਤਸਰ ਦੀ ਪਵਿੱਤਰ ਨਗਰੀ ਵਿਚ ਗਊ-ਹੱਤਿਆ ਬੰਦ ਕਰਾਉਣ ਦਾ ਪ੍ਰਣ ਕਰ ਲਿਆ। 14 ਜੂਨ ਦੀ ਰਾਤ ਨੂੰ ਕੋਈ ਅੱਠ ਨਾਮਧਾਰੀ ਸਿੱਖਾਂ ਨੇ ਬੁੱਚੜਖਾਣੇ ਅੰਦਰ ਬੁੱਚੜਾਂ 'ਤੇ ਹਮਲਾ ਕੀਤਾ। ਤਿੰਨ ਬੁੱਚੜ ਮੌਕੇ 'ਤੇ ਹੀ ਮਾਰੇ ਗਏ ਅਤੇ ਤਿੰਨ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋਏ। ਸਥਾਨਕ ਪੁਲਿਸ ਅਫ਼ਸਰ ਨੇ ਇਨ੍ਹਾਂ ਕਤਲਾਂ ਲਈ ਸ਼ਹਿਰ ਦੇ ਬਾਰਾਂ ਹਿੰਦੂ ਅਤੇ ਸਿੱਖ ਵਸਨੀਕ ਗ੍ਰਿਫ਼ਤਾਰ ਕਰ ਲਏ ਅਤੇ ਉਨ੍ਹਾਂ ਖ਼ਿਲਾਫ਼ ਅਦਾਲਤ ਵਿਚ ਮੁਕੱਦਮਾ ਦਾਇਰ ਕਰ ਦਿੱਤਾ। ਪੁਲਿਸ ਨੇ ਉਨ੍ਹਾਂ ਤੋਂ ਜੁਰਮ ਕਬੂਲ ਕਰਾਉਣ ਲਈ ਉਨ੍ਹਾਂ ਨੂੰ ਤਸੀਹੇ ਦਿੱਤੇ। ਡਿਪਟੀ ਕਮਿਸ਼ਨਰ ਨੇ ਮੁਲਜ਼ਿਮਾਂ ਨੂੰ ਸੈਸ਼ਨ ਸਪੁਰਦ ਕਰ ਦਿੱਤਾ। ਜਦੋਂ ਨਾਮਧਾਰੀ ਗੁਰੂ ਨੂੰ ਪਤਾ ਲੱਗਾ ਕਿ ਬੇਦੋਸ਼ੇ ਲੋਕਾਂ ਨੂੰ ਸਜ਼ਾ ਹੋਣ ਜਾ ਰਹੀ ਹੈ ਤਾਂ ਉਨ੍ਹਾਂ ਦੋਸ਼ੀਆਂ (ਨਾਮਧਾਰੀ ਸਿੱਖਾਂ) ਨੂੰ ਹੁਕਮ ਦਿੱਤਾ ਕਿ ਉਹ ਮੈਜਿਸਟ੍ਰੇਟ ਸਾਮ੍ਹਣੇ ਪੇਸ਼ ਹੋਣ ਅਤੇ ਆਪਣਾ ਜੁਰਮ ਕਬੂਲ ਕਰਣ। ਆਪਣੇ ਹੀ ਇਕਬਾਲੀਆ ਬਿਆਨ 'ਤੇ ਚਾਰ ਨਾਮਧਾਰੀ ਸਿੱਖਾਂ ਨੇ 15 ਸਤੰਬਰ, 1871 ਨੂੰ ਫਾਂਸੀ ਦੇ ਰੁੱਸੇ ਚੁੰਮ ਲਏ। ਇਸ ਘਟਨਾ ਵਿਚ ਨਾਮਧਾਰੀ ਗੁਰੂ ਵੱਲੋਂ ਦਖ਼ਲ ਦੇ ਕੇ ਆਪਣੇ ਸ਼ਰਧਾਲੂਆਂ ਨੂੰ ਜੁਰਮ ਕਬੂਲ ਕਰਨ ਲਈ ਆਖਣਾ ਉਨ੍ਹਾਂ ਦੀ ਨੈਤਿਕ ਪ੍ਰਤੀਬੱਧਤਾ ਦਾ ਪਤਾ ਦਿੰਦਾ ਹੈ। ਇਨ੍ਹਾਂ ਸ਼ਹੀਦਾਂ ਦੀ ਯਾਦਗਾਰ ਅੰਮਿਤਸਰ ਰਾਮ ਬਾਗ਼ ਜੋ ਕਿ ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੀ ਰਾਜਧਾਨੀ ਸੀ ਦੇ ਸਾਹਮਣੇ ਗੁਰੁ ਤੇਗ਼ ਬਹਾਦਰ ਹਸਪਤਾਲ ਜਿਸ ਨੂੰ ਕਿ ਉਸ ਸਮੇਂ ਵਿਕਟੋਰੀਆ ਜੁਬਲੀ ਹਸਪਤਾਲ ਕਿਹਾ ਜਾਂਦਾ ਸੀ ਵਿਚ ਬਣੀ ਹੈ। ਉਹ ਦਰਖ਼ਤ ਵੀ ਕਾਇਮ ਹੈ , ਜਿਸ ਨਾਲ ਇਨ੍ਹਾਂ ਜੋਧਿਆਂ ਨੂੰ ਫ਼ਾਂਸੀ ਦਿੱਤੀ ਗਈ ਸੀ। ਇਸ ਯਾਦਗਾਰ ਦੀ ਸਾਂਭ ਸੰਭਾਲ ਨਾਮਧਾਰੀਆਂ ਵਲੋਂ ਕੀਤੀ ਜਾ ਰਹੀ ਹੈ ।

ਇਸੇ ਤਰ੍ਹਾਂ ਦਾ ਬੁੱਚੜਾਂ ਦਾ ਕਤਲ ਨਾਮਧਾਰੀ ਸਿੱਖਾਂ ਨੇ 15 ਜੁਲਾਈ, 1871 ਨੂੰ ਲੁਧਿਆਣਾ ਜ਼ਿਲ੍ਹੇ ਦੇ ਰਾਏਕੋਟ ਵਿਚ ਕੀਤਾ। ਇਨ੍ਹਾਂ ਬੁੱਚੜਾਂ ਵਿਚੋਂ ਚਾਰ ਮੌਕੇ 'ਤੇ ਮਾਰੇ ਗਏ ਅਤੇ ਸੱਤ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋਏ। ਇਸ ਮਾਮਲੇ ਵਿਚ ਨਾਭਾ ਅਤੇ ਪਟਿਆਲਾ ਦੇ ਮਹਾਰਾਜਿਆਂ ਦੀ ਮਦਦ ਨਾਲ ਸੱਤ ਦੋਸ਼ੀ ਗ੍ਰਿਫ਼ਤਾਰ ਕੀਤੇ ਗਏ, ਪੰਜ ਨਾਭੇ ਤੋਂ ਅਤੇ ਦੋ ਪਟਿਆਲੇ ਤੋਂ। ਉਨ੍ਹਾਂ ਨੂੰ ਬੱਸੀਆਂ ਪਿੰਡ ਵਿਖੇ ਮੈਜਿਸਟ੍ਰੇਟ ਸਾਮ੍ਹਣੇ ਪੇਸ਼ ਕੀਤਾ ਗਿਆ। ਪੁਲਿਸ ਨੇ ਗੁਰੂ ਰਾਮ ਸਿੰਘ ਨੂੰ ਵੀ ਫੁਸਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ 'ਤੇ ਮੁਕੱਦਮਾ ਚਲਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਨਾਂ ਸੰਮਨ ਜਾਰੀ ਕਰਕੇ ਬੱਸੀਆਂ ਵਿਖੇ ਮੈਜਿਸਟ੍ਰੇਟ ਸਾਮ੍ਹਣੇ ਪੇਸ਼ ਹੋਣ ਲਈ ਆਖਿਆ ਗਿਆ ਅਤੇ ਉਹ ਪੇਸ਼ ਹੋਏ। ਪਰ ਸਰਕਾਰ ਨੂੰ ਸਫ਼ਲਤਾ ਨਾ ਮਿਲੀ। ਜਿੱਥੋਂ ਤੀਕ ਦੋਸ਼ੀਆਂ ਦਾ ਸਬੰਧ ਹੈ, ਉਨ੍ਹਾਂ ਵਿਚੋਂ ਤਿੰਨ ਨੂੰ 5 ਅਗਸਤ, 1871 ਨੂੰ ਲੋਕਾਂ ਦੇ ਵੱਡੇ ਇਕੱਠ ਦੀ ਮੌਜੂਦਗੀ ਵਿਚ ਫਾਂਸੀ ਦੇ ਦਿੱਤੀ ਗਈ। ਇਸ ਮਾਮਲੇ ਦੇ ਦੋ ਹੋਰ ਦੋਸ਼ੀਆਂ, ਗਿਆਨੀ ਰਤਨ ਸਿੰਘ ਅਤੇ ਰਤਨ ਸਿੰਘ ਨਾਈਵਾਲਾ ਨੂੰ 26 ਨਵੰਬਰ, 1871 ਨੂੰ ਲੁਧਿਆਣਾ ਜੇਲ੍ਹ ਦੇ ਬਾਹਰ ਸੂਲੀ ਚੜ੍ਹਾ ਦਿੱਤਾ ਗਿਆ। ਅਗਲੀ ਘਟਨਾ ਵਿਚ ਕੂਕਿਆਂ ਨੇ 13 ਜਨਵਰੀ 1872 ਨੂੰ ਲੁਧਿਆਣਾ ਜ਼ਿਲ੍ਹੇ ਦੇ ਤੇਜਹੀਨ ਕਿਲ੍ਹਾ ਮਲੌਦ 'ਤੇ ਹਮਲਾ ਕੀਤਾ ਅਤੇ ਫਿਰ ਆਪਣੀ ਵਧੀ ਹੋਈ ਸ਼ਕਤੀ ਸਹਿਤ ਮਾਲੇਰਕੋਟਲਾ ਸ਼ਹਿਰ ਅੰਦਰ ਦਾਖ਼ਿਲ ਹੋਣ ਦੀ ਕੋਸ਼ਿਸ਼ ਕੀਤੀ। ਲੜਾਈ ਵਿਚ ਉਨ੍ਹਾਂ ਨੁਕਸਾਨ ਉਠਾਇਆ। ਦੋ ਕੂਕੇ ਮਾਰੇ ਗਏ, ਚਾਰ ਜ਼ਖ਼ਮੀ ਹੋਏ ਪਰ ਉਹ ਤਿੰਨ ਤਲਵਾਰਾਂ, ਇਕ ਦੁਨਾਲੀ ਬੰਦੂਕ, ਦੋ ਘੋੜੇ ਅਤੇ ਇਕ ਘੋੜੀ ਹਾਸਿਲ ਕਰਨ ਵਿਚ ਕਾਮਯਾਬ ਰਹੇ।ਆਪਣੇ ਉਦੇਸ਼ ਵਿਚ ਅਸਫਲ ਹੋ ਕੇ ਇਹ ਕੂਕੇ ਪਟਿਆਲੇ ਦੀ ਸੀਮਾ ਅੰਦਰ ਜਾ ਵੜੇ। ਰੂੜ ਪਿੰਡ ਤੋਂ ਦੋ ਔਰਤਾਂ ਸਮੇਤ 68 ਕੂਕੇ ਫੜ ਲਏ ਗਏ। ਉਨ੍ਹਾਂ ਵਿਚੋਂ 49 ਨੂੰ, ਬਿਨਾ ਮੁਕੱਦਮਾ ਚਲਾਇਆ ਹੀ, ਤੋਪਾਂ ਨਾਲ ਉਡਾ ਦਿੱਤਾ। ਬਦਲਾਖੋਰੀ ਦੀ ਇਸ ਭਾਵਨਾ ਨਾਲ ਅੰਗਰੇਜ ਅਫ਼ਸਰ ਕੌਵਨ ਨੇ ਕੂਕੇ ਕੈਦੀਆਂ ਦਾ ਆਖਰੀ ਪੂਰ ਤੋਪਾਂ ਨਾਲ ਉਡਾ ਦਿੱਤਾ। ਉਸ ਦੇ ਸ਼ਿਕਾਰਾਂ ਵਿਚ ਇੱਕ ਬੱਚਾ ਵੀ ਸੀ, ਜਿਸ ਨੇ ਉਸ ਉੱਪਰ ਵਹਿਸ਼ੀ ਹਮਲਾ ਕੀਤਾ ਪਰ ਉਸ ਦੇ ਮੌਕੇ 'ਤੇ ਹੀ ਟੋਟੇ ਕਰ ਦਿੱਤੇ ਗਏ। ਕੌਵਨ ਨੇ ਬੱਚੇ ਨੂੰ ਸਮਝਾਇਆ ਗਿਆ ਕਿ ਉਹ ਅੰਗਰੇਜ਼ਾਂ ਦੀ ਸਰਦਾਰੀ ਕਬੂਲ ਕਰ ਲਵੇ ਪਰ ਉਸ ਨੇ ਆਪਣਾ ਧਾਰਮਿਕ ਕਾਰਜ ਤਿਆਗਣ ਤੋਂ ਇਨਕਾਰ ਕਰ ਦਿੱਤਾ। ਬਿਨਾਂ ਮੁਕੱਦਮਾ ਚਲਾਇਆਂ 1872 ਵਿਚ ਨਾਮਧਾਰੀ ਗੁਰੂ ਅਤੇ ਉਨ੍ਹਾਂ ਦੇ ਸੂਬਿਆਂ ਨੂੰ ਦੇਸ਼ ਨਿਕਾਲਾ ਦੇ ਕੇ ਰੰਗੂਨ ਜਿਸ ਨੂੰ ਹੁਣ ਮਾਯਾਮਾਰ ਕਿਹਾ ਜਾਂਦਾ ਹੈ ਭੇਜ ਦਿੱਤਾ, ਜਿੱਥੇ ਉਹ 14 ਸਾਲ ਬਤੌਰ ਸਰਕਾਰੀ ਕੈਦੀ ਰਹੇ। ਉਨ੍ਹਾਂ ਦੇ ਉਪਸ਼ਕਾਂ ਦਾ ਮੰਨਣਾ ਹੈ ਕਿ ਉਹ ਅਜੇ ਵੀ ਜਿੰਦਾ ਹਨ ਤੇ ਉਹ ਇਕ ਦਿਨ ਜ਼ਰੂਰ ਆ ਕੇ ਸਾਡੀ ਅਗਵਾਈ ਕਰਨਗੇ।

## Change of Name

I, Rajpal Singh S/o Gurmail Singh R/o Village Tibbi, PO. Yusufpur Darewal, Tehsil Sultanpur Lodhi, Distt. Kapurthala, Punjab-144601, India dedare that Rajpal Singh and Rajpal Singh Sandhu both names are one and the same person. All concerned please note.



# ਫ਼ਿਲਮ 'ਵੇਖੀ ਜਾ ਛੇੜੀ ਨਾ' ਲੈ ਕੇ ਆ ਰਿਹੈ ਨਿਰਦੇਸ਼ਕ ਮਨਜੀਤ ਸਿੰਘ ਟੋਨੀ



ਮਨਜੀਤ ਸਿੰਘ ਟੋਨੀ ਪੰਜਾਬੀ ਫ਼ਿਲਮਾਂ ਲਈ ਸਿੱਦਤ ਨਾਲ ਜੁੜਿਆ ਲੇਖਕ ਨਿਰਦੇਸ਼ਕ ਹੈ ਜਿਸਨੇ ਆਪਣੀਆ ਮੁੱਢਲੀਆ ਫ਼ਿਲਮਾਂ 'ਕੁੜਮਾਈਆਂ, ਵਿਚ ਬੋਲੂਗਾ ਤੇਰੇ, ਤੂੰ ਮੇਰਾ ਕੀ ਲੱਗਦਾ' ਝੱਲੇ ਪੈ ਗਏ ਪੱਲੇ, ਤੇ 'ਜੱਟਸ ਲੈਂਡ' ਆਦਿ ਨਾਲ ਪੰਜਾਬੀ ਸਿਨਮੇ ਨੂੰ ਪ੍ਰਫੁੱਲਤ ਕੀਤਾ। ਪੰਜਾਬੀ ਸਿਨਮੇ ਦੇ ਹਰਫਨਮੌਲਾ ਕਲਾਕਾਰ ਗੁਰਮੀਤ ਸਾਜਨ ਉਸਦਾ ਪੱਗਵਟ ਯਾਰ ਹੈ ਜਿਸਦੀ ਬਦੌਲਤ ਟੋਨੀ ਦੀ ਕਲਾ ਚ ਨਿਖਾਰ ਆਇਆ। ਦਰਜਨਾਂ ਲਘੂ ਫ਼ਿਲਮਾਂ ਕਰਨ ਮਗਰੋਂ ਵੱਡੀਆ ਫ਼ਿਲਮਾਂ ਵੱਲ ਆਇਆ ਟੋਨੀ ਗੁਰਮੀਤ ਸਾਜਨ ਦੇ ਸਾਥ ਨਾਲ ਇੰਨੀ ਦਿਨੀਂ ਆਪਣੀ ਇਕ ਨਵੀਂ ਫ਼ਿਲਮ "ਵੇਖੀ ਜਾ ਛੇੜੀ ਨਾ" ਲੈ ਕੇ ਆ ਰਿਹਾ ਹੈ।ਜਿਸ ਬਾਰੇ ਮਨਜੀਤ ਸਿੰਘ ਟੋਨੀ ਨੇ ਦੱਸਿਆ ਕਿ ਇਹ ਫ਼ਿਲਮ ਨਿਰੋਲ ਪਰਿਵਾਰਕ ਕਾਮੇਡੀ ਹੈ ਜਿਸ ਵਿਚ ਰਿਸ਼ਤਿਆਂ ਦੀ ਤਿਲਕਣਬਾਜ਼ੀ ਨੂੰ ਬਾਖੂਬੀ ਪੇਸ਼ ਕੀਤਾ ਗਿਆ ਹੈ।ਪਿੰਡਾਂ ਦੇ ਮਾਹੌਲ ਨਾਲ ਜੁੜੀ ਪਰਿਵਾਰਕ ਰਿਸ਼ਤਿਆ ਦੀ ਇਸ ਫ਼ਿਲਮ ਵਿਚ ਕਰਮਜੀਤ ਅਨਮੋਲ ਤੇ ਗੁਰਮੀਤ ਸਾਜਨ ਦੀ ਕਾਮੇਡੀ ਨਾਲ ਦਰਸ਼ਕਾਂ ਨੂੰ ਹਸਾ-ਹਸਾ ਲੋਟ-ਪੋਟ ਕਰਦੀ ਹੈ। ਕਰਮਜੀਤ ਅਨਮੋਲ ਲੰਮੇ ਸਮੇਂ ਤੋਂ ਫਿਲਮਾਂ ਵਿਚ ਕੀਤੀ ਜਾਂਦੀ ਸਫ਼ਲ ਕਾਮੇਡੀ ਸਦਕਾ ਦਰਸ਼ਕਾਂ ਦਾ ਦਿਲ ਜਿੱਤਦਾ ਆ ਰਿਹਾ ਹੈ। ਹਰ ਫਿਲਮ ਵਿਚ ਉਹ ਆਪਣੀ ਇਸ ਕਲਾ ਦਾ ਸਬੂਤ ਦਿੰਦਾ ਹੈ। ਗੁਰਮੀਤ ਸਾਜਨ ਵੀ ਪੰਜਾਬੀ ਫਿਲਮਾਂ 'ਚ ਇਕ ਹਾਸਰਸ ਪੈਦਾ ਕਰਨ ਵਾਲਾ ਪਾਤਰ ਨਿਭਾਉਂਦਾ ਆ ਰਿਹਾ ਹੈ।'ਵਿਨਰਜ਼ ਫ਼ਿਲਮ ਪ੍ਰੋਡਕਸ਼ਨ' ਦੇ ਬੈਨਰ ਹੇਠ ਬਣੀ ਨਿਰਮਾਤਾ ਗੁਰਮੀਤ ਸਾਜਨ ਤੇ ਸਹਿ ਨਿਰਮਾਤਾ ਬਾਗੀ ਸੰਧੂ ਰੁੜਕਾ ਕਲਾਂ (ਯੂ ਕੇ) ਦੀ ਇਸ ਫ਼ਿਲਮ ਕਰਮਜੀਤ ਅਨਮੋਲ, ਸਿਮਰ ਖਹਿਰਾ, ਲਵ ਗਿੱਲ, ਗੁਰਮੀਤ ਸਾਜਨ, ਮਹਾਂਵੀਰ ਭੁੱਲਰ, ਪ੍ਰਕਾਸ਼ ਗਾਧੂ, ਜਤਿੰਦਰ ਕੌਰ, ਪਰਮਿੰਦਰ ਗਿੱਲ, ਰੁਪਿੰਦਰ ਕੌਰ, ਦਲਵੀਰ ਬਬਲੀ, ਨੀਟਾ ਤੰਬੜਭਾਨ ਤੇ ਮਿੰਨੀ ਮੇਹਰ ਮਿੱਤਲ ਨੇ ਅਹਿਮ ਕਿਰਦਾਰ ਨਿਭਾਏ ਹਨ। ਜ਼ਿਕਰਯੋਗ ਹੈ ਕਿ ਇਸ ਫ਼ਿਲਮ ਰਾਹੀਂ ਸਿਨਮੇ ਦੇ ਨਾਮੀਂ ਤੇ ਥੀਏਟਰ ਦੇ ਉਭਰਦੇ ਕਲਾਕਾਰਾਂ ਨੂੰ ਪਰਦੇ 'ਤੇ ਲਿਆਂਦਾ ਹੈ। ਪੰਜਾਬੀ ਫ਼ਿਲਮਾਂ ਦੇ ਮਾਰਗ 'ਤੇ ਸਹਿਜੇ ਕਦਮ ਚੱਲਣ ਵਾਲੇ ਨਿਰਦੇਸ਼ਕ ਮਨਜੀਤ ਸਿੰਘ ਟੋਨੀ ਭਵਿੱਖ ਵਿਚ ਵੀ ਕਈ ਵੱਡੀਆ ਫ਼ਿਲਮਾਂ ਨਾਲ ਸਰਗਰਮ ਰਹੇਗਾ। 23 ਫਰਵਰੀ ਨੂੰ ਵਾਈਟ ਹਿੱਲ ਵਲੋਂ ਵੱਡੇ ਪੱਧਰ 'ਤੇ ਰਿਲੀਜ਼ ਕੀਤੀ ਜਾ ਰਹੀ ਇਸ ਫ਼ਿਲਮ ਨੂੰ ਯੂ ਕੇ ਵਿਚ 'ਕੇ-2' ਵਲੋਂ ਅਤੇ ਕਾਨੇਡਾ ਵਿਚ 'ਸਟੂਡੀਊ-7' ਤੇ ਸਤਰੰਗ ਫ਼ਿਲਮਜ਼ ਵਲੋਂ ਰਿਲੀਜ ਕੀਤਾ ਜਾਵੇਗਾ।

**ਜਿੰਦ ਜਵੰਦਾ**
**9463828000**

# ਪਰਿਵਾਰਕ ਡਰਾਮਾ, ਡਰਾਵਣੀ ਅਤੇ ਡਬਲਡੋਜ ਕਾਮੇਡੀ ਵਾਲੀ ਪੰਜਾਬੀ ਫ਼ਿਲਮ 'ਬੂ ਮੈਂ ਡਰ ਗਈ' ਦਾ ਟਰੇਲਰ ਹੋਇਆ ਰਿਲੀਜ਼, 1 ਮਾਰਚ ਨੂੰ ਬਣੇਗੀ ਸਿਨੇਮਾ ਘਰਾਂ ਦਾ ਸ਼ਿੰਗਾਰ



ਚੰਡੀਗੜ੍ਹ (ਹਰਜਿੰਦਰ ਸਿੰਘ ਜਵੰਦਾ) ਹਿੰਦੀ ਸਿਨੇਮਾ ਵਾਂਗ ਹੁਣ ਪੰਜਾਬੀ ਸਿਨਮਾ ਵਿੱਚ ਵੀ ਵੱਡਾ ਬਦਲਾਅ ਆ ਰਿਹਾ ਹੈ। ਪੰਜਾਬੀ ਸਿਨੇਮਾ ਨਾਲ ਜੁੜੇ ਨੌਜਵਾਨ ਫ਼ਿਲਮ ਲੇਖਕ, ਨਿਰਦੇਸ਼ਕ ਅਤੇ ਨਿਰਮਾਤਾ ਵੱਖ ਵੱਖ ਨਵੇਂ ਵਿਸ਼ਿਆਂ ਨੂੰ ਲੈ ਕੇ ਤਜਰਬੇ ਕਰ ਰਹੇ ਹਨ। ਇਨ੍ਹਾਂ ਨਵੇਂ ਤਜ਼ਰਬਿਆਂ ਦੀ ਲੜੀ 'ਚ ਹੀ ਦਰਸ਼ਕਾਂ ਨੂੰ ਇਕ ਪਰਿਵਾਰਕ ਡਰਾਮਾ, ਹੌਰਰ ਯਾਨੀ ਕਿ ਡਰਾਵਣੀ ਅਤੇ ਡਬਲਡੋਜ ਕਾਮੇਡੀ ਵਾਲੀ ਮਨੋਰੰਜਨ ਭਰਪੂਰ 'ਪੰਜਾਬੀ ਫ਼ਿਲਮ 'ਬੂ ਮੈਂ ਡਰ ਗਈ' 1 ਮਾਰਚ ਨੂੰ ਸਿਨੇਮਾ ਘਰਾਂ ਦੇਖਣ ਨੂੰ ਮਿਲੇਗੀ। ਫ਼ਿਲਮ ਦਾ ਟਰੇਲਰ ਰਿਆਤ ਬਾਹਰਾ ਯੂਨੀਵਰਸਿਟੀ ਖਰੜ ਵਿਖੇ ਨੈਕਸਟ ਅਮੈਜ ਇੰਟਰਟੈਨਮੈਂਟ ਵਲੋਂ ਕਰਵਾਏ ਗਏ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ, ਜਿਥੇ ਫ਼ ?ਲਮ ਦੀ ਸਟਾਰ ਕਾਸਟ ਗਾਇਕ ਤੇ ਨਾਇਕ ਰੌਸ਼ਨ ਪ੍ਰਿੰਸ, ਯੋਗਰਾਜ ਸਿੰਘ, ਗੁਰਮੀਤ ਸਾਜਨ, ਨਿਸ਼ਾ ਬਾਨੋਂ, ਰਾਖੀ ਹੁੰਦਲ, ਬਾਲ ਕਲਾਕਾਰ ਅਨਮੋਲ ਵਰਮਾ, ਨਿਰਦੇਸ਼ਕ ਮਨਜੀਤ ਸਿੰਘ ਟੋਨੀ ਅਤੇ ਨਿਮਰਤਾ ਟੀਮ ਫ਼ਿਲਮ ਦੇ ਨਿਰਮਾਤਾ ਸੋਨੀ ਨੱਢਾ, ਕਰਮਜੀਤ ਥਿੰਦ, ਕਾਰਜਕਾਰੀ ਨਿਰਮਾਤਾ ਪ੍ਰਵੀਨ ਕੁਮਾਰ, ਸਹਿ ਨਿਰਮਾਤਾ ਬਲਵੰਤ ਸਿਘ, ਹਰਵਿੰਦਰ ਬੱਬੂ ਅਤੇ ਹਰਭਜਨ ਆਦਿ ਨੇ ਸ਼ਿਰਕਤ ਕੀਤੀ ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਅਦਾਕਾਰ ਰੌਸ਼ਨ ਪ੍ਰਿੰਸ ਨੇ ਕਿਹਾ ਕਿ 'ਬੂ ਮੈਂ ਡਰ ਗਈ' ਫ਼ਿਲਮ ਫੁੱਲ ਕਾਮੇਡੀ, ਰੁਮਾਂਸ ਅਤੇ ਹੌਰਰ ਨਾਲ ਮਨੋਰੰਜਨ ਭਰਪੂਰ ਹੈ। ਇਹ ਪਹਿਲੀ ਪੰਜਾਬੀ ਫਿਲਮ ਹੋਵੇਗੀ ਜਿਸ ਨੂੰ ਦੇਖਦੇ ਹੋਏ ਦਰਸ਼ਕ ਹਸਦੇ ਹਸਦੇ ਡਰਨਗੇ ਵੀ। ਫਿਲਮ ਨਿਰਦੇਸ਼ਕ ਮਨਜੀਤ ਸਿੰਘ ਟੋਨੀ ਅਤੇ ਫਿਲਮ ਲੇਖ਼ਕ ਰਾਜੂ ਵਰਮਾ ਨੇ ਦੱਸਿਆ ਕਿ ਫ਼ ?ਲਮ 'ਚ ਪਹਾੜੀ ਪਿੰਡਾਂ ਦੀ ਜ਼ਿੰਦਗੀ, ਸਮੱਸਿਆਵਾਂ ਅਤੇ ਉਥੋਂ ਦੇ ਲੋਕਾਂ ਦਾ ਰਹਿਣ ਸਹਿਣ ਪਹਿਲੀ ਵਾਰ ਕਿਸੇ ਪੰਜਾਬੀ ਫਿਲਮ ਵਿੱਚ ਨਜ਼ਰ ਆਵੇਗਾ। ਇਹ ਫ਼ਿਲਮ ਪੰਜਾਬ ਦੇ ਨਾਲ ਨਾਲ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦੇ ਦਰਸ਼ਕਾਂ ਲਈ ਵੀ ਖਿੱਚ ਦਾ ਕੇਂਦਰ ਬਣੇਗੀ ਅਦਾਕਾਰ ਜੋਗਰਾਜ ਸਿੰਘ ਅਤੇ ਗੁਰਜੀਤ ਸਾਜਨ ਨੇ ਦੱਸਿਆ ਕਿ 'ਬੂ ਮੈਂ ਡਰ ਗਈ' ਲੋਕਾਂ ਦਾ ਖ਼ੂਬ ਮਨੋਰੰਜਨ ਕਰਨ ਵਾਲੀ ਹੈ ਕਿਉਂਕਿ ਫ਼ਿਲਮ ਕਾਮੇਡੀ ਦੇ ਨਾਲ-ਨਾਲ ਡਰਾਵਨੀ ਵੀ ਹੋਵੇਗੀ। ਫ਼ਿਲਮ ਦੀ ਕਹਾਣੀ ਇੱਕ ਪਿੰਡ ਦੇ ਇਰਦ-ਗਿਰਦ ਘੁੰਮਦੀ ਹੈ। ਪਿੰਡ ਵਿੱਚ ਰਹਿਣ ਵਾਲੇ ਲੋਕ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣੇ ਕਰਦੇ ਹਨ। ਇਨਾਂ ਮੁਸ਼ਕਿਲਾਂ ਵਿੱਚੋਂ ਨਿਕਲਣ ਲਈ ਲੋਕ ਕਈ ਤਰ੍ਹਾਂ ਦੇ ਪਾਪੜ ਵੇਲਦੇ ਹਨ ਆਦਿ ਨੂੰ ਬਹੁਤ ਹੀ ਵਧੀਆ ਤਰੀਕੇ ਨਾਲ ਪਰਦੇ ਤੇ ਪੇਸ਼ ਕੀਤਾ ਗਿਆ ਹੈ। 'ਨੈਕਸਟ ਇਮੈਜ ਇੰਟਰਟੇਨਮੇਂਟ' ਦੀ ਪੇਸ਼ਕਸ਼ ਇਸ ਫ਼ਿਲਮ ਦੇ ਨਿਰਮਾਤਾ ਸੋਨੀ ਨੱਢਾ, ਕਰਮਜੀਤ ਥਿੰਦ, ਪਰਵਿੰਦਰ ਨੱਢਾ ਨੇ ਕਿਹਾ ਕਿ ਪੰਜਾਬੀ ਫਿਲਮ ਇੰਡਸਟਰੀ ਵਿੱਚ ਇਹ ਪਹਿਲੀ ਹੌਰਰ ਫਿਲਮ ਹੈ ਅਤੇ ਫ਼ਿਲਮ ਦੀ ਸ਼ੂਟਿੰਗ ਵੀ ਅਜਿਹੀਆਂ ਲੋਕੇਸ਼ਨਾਂ 'ਤੇ ਕੀਤੀ ਹੈ ਜਿੰਨਾ ਦੀ ਗਿਣਤੀ ਦੇਸ਼ ਦੀਆਂ ਸਭ ਤੋਂ ਹੌਂਟਡ ਲੋਕੇਸ਼ਨਾਂ 'ਚ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਲੋਕੇਸ਼ਨਾਂ 'ਤੇ ਆਮ ਲੋਕ ਦਿਨ ਵੇਲੇ ਹੀ ਜਾਣ ਤੋਂ ਕਤਰਾਉਂਦੇ ਹਨ।


## Metrimonial

Suitable match for Parminder Singh Josan Sikh boy, trucking business in Kansas USA, age 29 years, Height 5'-7". Contact 913-256-9498



## CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

**ਪਾਸਪੋਰਟ / ਵੀਜਾ**
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

**Vehicle Registration**
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

**Other Services**
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

## CAPITAL DRUG TESTING

Capital DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

## R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY

GET MONEY BACK FAST!

"Authorised IRS E-file Provider"
"Enrolled To Practice Befire The IRS"

CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com

Open 7 Days
Weekends/Evenings
(Year Round Service)
Resonable Rates
Call for Appointment

## Uscipp Insurance Services

1050 N Carpenter RD STE C, Modesto, CA 95351



TRUCK INSURANCE

TRUCK TAX IFTA



Amarjit S Bir
amarjit@uscipp.org

Lic#0I15593CA
Ph: (925)318-1247

## ਚਲੋ ਪੰਜਾਬ ਬਚਾਵਣ ਚਲੀਏ

ਲਗਦਾ ਜੇ ਦਾਅ ਲਾਵਣ ਚਲੀਏ
ਚਲੋ ਪੰਜਾਬ ਬਚਾਵਣ ਚਲੀਏ

ਸਮਝਣ 'ਨਾ ਜੋ ਸਾਡੀਆਂ ਖੇਡਾਂ
ਬੰਦੇ ਬਣ ਬਣ ਬੈਠੇ ਭੇਡਾਂ
ਉਨ੍ਹਾਂ ਦੀ ਖੱਲ ਲਾਹਵਣ ਚੱਲੀਏ
ਚਲੋ ਪੰਜਾਬ ਬਚਾਵਣ ਚਲੀਏ

ਸੜਕਾਂ ਨਾ ਸਕੂਲ ਬਣਾਈਏ
ਮੁੱਦੇ ਸਿਰਫ ਫਿਜ਼ੂਲ ਬਣਾਈਏ
ਲੋਕਾਂ ਤਾਈਂ ਲੜਾਵਣ ਚਲੀਏ
ਚਲੋ ਪੰਜਾਬ ਬਚਾਵਣ ਚਲੀਏ

ਠੰਡਾ ਚੱਲ ਜਾਂ ਚੱਲ ਕੇ ਤੱਤਾ
ਆਪਣੇ ਹੱਥ ਵਿਚ ਕਰਨੀ ਸੱਤਾ
ਹੱਥ ਕੁਰਸੀ ਨੂੰ ਪਾਵਣ ਚਲੀਏ
ਚਲੋ ਪੰਜਾਬ ਬਚਾਵਣ ਚਲੀਏ



ਸੋਨੂੰ ਮੰਗਲ਼ੀ
ਪਿੰਡ ਮੰਗਲ਼ੀ ਟਾਂਡਾ, ਲੁਧਿਆਣਾ

## ਗ਼ਜ਼ਲ

ਛੱਡੀਏ ਕਹਿਣਾ ਮੇਰਾ-ਤੇਰਾ, ਨਫ਼ਰਤ-ਸਾੜਾ ਦਿਲੋਂ ਭੁਲਾ।
ਦੀਵੇ ਨਾਲ ਨਾ ਮਿਟਣਾ ਨੇਰਾ, ਅੱਗ ਤਲੀ ਤੇ ਲਾ ਕੇ ਆ।

ਉਚ-ਨੀਚ ਹੈ ਚਾਰੇ ਪਾਸੇ, ਪਸਰਿਆ ਧੁੰਧੂਕਾਰਾ ਹੈ,
ਪਰ ਹੁਣ ਵੇਖੀਂ ਮੇਰਾ ਜੇਰਾ, ਫੂਕ ਨਾਲ ਮੈਂ ਦਿਆਂ ਉਡਾ।

ਅਫ਼ਸਰਸ਼ਾਹੀ, ਰਿਸ਼ਵਤਖੋਰੀ, ਬੇਰੁਜ਼ਗਾਰੀ, ਧੱਕੇ ਨੇ,
ਦੁਖਾਂ ਨੇ ਹੈ ਘੱਤਿਆ ਘੇਰਾ, ਅਪਣੇ ਜਾਲ 'ਚ ਲਿਆ ਫਸਾ।

ਨਸ਼ਿਆਂ ਵਿੱਚ ਹੈ ਐਸਾ ਫਸਿਆ, ਕੰਚਨ ਦੇਹੀ ਗਾਲ ਲਈ,
ਹੰਭਲਾ ਮਾਰ ਪੰਜਾਬੀ ਸ਼ੇਰਾ, ਕਰ ਹਿੰਮਤ ਨਾ ਢੇਰੀ ਢਾ।

ਜੰਗਲ-ਬੇਲੇ ਗਾਹ ਕੇ ਸਾਰੇ, ਆਖ਼ਰ ਆਇਆ ਘਰ ਅਪਣੇ,
'ਨਵ ਸੰਗੀਤ' ਨੇ ਪਾਇਆ ਫੇਰਾ, ਸਾਹਵੇਂ ਆ ਹੁਣ ਨਾ ਸ਼ਰਮਾ।

ਪ੍ਰੋ. ਨਵ ਸੰਗੀਤ ਸਿੰਘ
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)

## ਤਾਰੇ

ਅੰਬਰ ਉੱਤੇ ਤਾਰੇ ਬੱਚਿਓ ਕਿਦਾਂ
ਟਿਮਟਿਮਾਉਂਦੇ ਨੇ,
ਕਿੰਨੀ ਦੂਰੀ ਤੇ ਹੋ ਕੇ ਵੀ ਇਹ
ਧਰਤੀ ਨੂੰ ਰੁਸ਼ਨਾਉਂਦੇ ਨੇ।
ਜਿੰਨਾਂ ਅਸਮਾਨ ਸਾਫ਼ ਹੈ ਹੁੰਦਾ
ਉਨੇ ਪਿਆਰੇ ਲੱਗਦੇ ਨੇ,
ਬਿਨਾਂ ਦੀਵੇ, ਤੇਲ, ਬੱਤੀ ਤੋਂ ਵੇਖੋ
ਕਿਵੇਂ ਜਗਦੇ ਨੇ।
ਕਰੋੜਾਂ ਮੀਲਾਂ ਦੀ ਦੂਰੀ ਤੇ ਅਕਾਸ਼
ਗੰਗਾ ਵੀ ਵਗਦੀ ਹੈ,
ਕਿੰਨੇ ਤਾਰੇ ਉਸ ਦੇ ਅੰਦਰ ਇਹ
ਗਿਣਤੀ ਨਾ ਲੱਗਦੀ ਹੈ।
ਬੁੱਧ, ਸ਼ੁੱਕਰ, ਮੰਗਲ, ਬ੍ਰਹਿਸਪਤ
ਹੋਰ ਗ੍ਰਹਿ ਵੀ ਕਿੰਨੇ ਨੇ,
ਇਹ ਹਨ ਵੱਖ ਵੱਖ ਧਰਤੀਆਂ
ਸਾਇੰਸਦਾਨ ਵੀ ਮੰਨੇ ਨੇ।
ਚੋਰ, ਸਿਪਾਹੀ, ਕੁੱਤਾ, ਮੰਜੀ ਜੋ
ਵੀ ਸਾਨੂੰ ਦਿਸਦੇ ਨੇ,
ਸਿਆਣੇ ਸਾਨੂੰ ਸਣਾਉਂਦੇ ਬਾਤਾਂ
ਹੋਰ ਵੀ ,ਕਿੱਸੇ, ਇਸਦੇ ਨੇ।
ਧ੍ਰੂ ਤਾਰਾ ਉੱਤਰ ਦੇ ਵਿੱਚ ਮਿੰਨਾਂ
ਟਿਮਟਿਮਾਉਂਦਾ ਹੈ,
ਜਦ ਅਸੀਂ ਵਿਗਿਆਨ ਵਾਚੀਏ
ਬਹੁ ਕੁਝ ਸਾਨੂੰ ਸਿਖਾਉਂਦਾ ਹੈ।
ਅਜੇ ਤੱਕ ਸਾਇੰਸਦਾਨਾਂ ਦੀ
ਪਹੁੰਚ ਨਾ ਉੱਥੇ ਹੋਈ,
ਬਾਬਾ, ਆਖੇ ਅਕਾਸ਼ ਹੋਰ ਪਰੇ ਹੈ,
ਪੱਤੋ, ਨੂੰ ਖ਼ਬਰ ਨਾ ਕੋਈ।

ਹਰਪ੍ਰੀਤ ਪੱਤੋ
94658-21417

## ਇਨਸਾਫ਼ ਦੀ ਜੰਗ

ਹੱਕ ਸੱਚ ਇਨਸਾਫ਼ ਦੀ ਜੰਗ ਹੈ ਸਾਡੀ
ਰਹਿੰਦਾ ਹਰ ਰੋਜ ਤੂੰ ਝੂਠ ਨੂੰ ਬੋਲਦਾ ਏਂ
ਹੱਥ ਵਿੱਚ ਤੱਕੜ ਵਿਤਕਰੇ ਦੇ ਫੜਕੇ ਤੂੰ
ਸੌਦਾ ਝੂਠ ਦਾ ਵਿੱਚ ਰਹਿੰਦਾ ਤੋਲਦਾ ਏਂ

ਸਾਡਾ ਜਨਮ ਹੋਇਆ ਖੰਡੇ ਦੀ ਧਾਰ ਵਿੱਚੋਂ
ਤਾਂ ਹੀ ਜ਼ੁਲਮ ਦੇ ਨਾਲ ਮੱਥਾ ਲਾਉਂਦੇ ਆਂ
ਰੱਸਾ ਫਾਂਸੀ ਦਾ ਮੂੰਹ ਨਾਲ ਚੁੰਮ ਕੇ ਤੇ
ਆਪਣੇ ਹੱਥ ਨਾਲ ਗਲ ਵਿੱਚ ਪਾਉਂਦੇ ਆਂ

ਸਾਡਾ ਇਤਿਹਾਸ ਚੰਗੀ ਤਰ੍ਹਾਂ ਪੜ ਲਵੀਂ ਤੂੰ
ਬੰਦਾ ਮੈਦਾਨੇ ਜੰਗ ਜਦ ਆਣ ਗੱਜਿਆ ਸੀ
ਸੂਬੇ ਸਰਹਿੰਦ ਵਰਗੇ ਮਿੱਟੀ 'ਚ ਮਿਲਾ ਦਿੱਤੇ
ਸੁੱਚਾ ਨੰਦ ਵੀ ਮੂਹਰੇ ਲੱਗ ਭੱਜਿਆ ਸੀ

ਖੇਡ ਸਿਆਸਤ ਦੀ ਧਰਮ ਦੇ ਨਾਂ ਤੇ ਖੇਡੇ
ਇਹਨਾਂ ਚਾਲਾਂ ਨੂੰ ਸਾਰਾ ਜੱਗ ਜਾਣਦਾ ਏ
ਸਰਦੀ ਕਹਿਰ ਦੀ ਬਰਫ਼ ਪਹਾੜੀਆਂ ਤੇ
ਕੌਣ ਦੇਸ਼ ਦਾ ਰਾਖਾ ਹਿੱਕਾਂ ਨੂੰ ਤਾਣਦਾ ਏ



ਗੁਰਚਰਨ ਸਿੰਘ ਧੰਜੂ

## ਤਕਦੀਰ

ਉੱਠਣਾ ਪੈਂਦਾ ਏ ਯਾਰਾ ਮਾਰ ਹੰਭਲਾ ?,
ਹਿੰਮਤ ਦੀ ਰੱਬ ਵੀ ਹਮਾਇਤ ਕਰਦਾ।
ਉਹਨੂੰ ਕਦੇ ਮੰਜ਼ਿਲ ਨਸ਼ੀਬ ਹੁੰਦੀ ਨਾ,
ਜਿਹੜਾ ਰਾਹ ਦੇ ਕੰਡਿਆਂ ਤੋਂ ਹੌਵੇ ਡਰਦਾ।
ਦੋਗਲੇ ਦਾ ਪਤਾ ਸ਼ਰੇਆਮ ਚੱਲਦਾ,
ਚਿਹਰੇ ਤੋਂ ਉਤਾਰ ਕੇ ਨਕ ?ਾਬ ਪੜ੍ਹੀਏ।
ਪੈਂਦੀ ਹਾਲਾਤਾਂ ਨਾਲ ਜੰਗ ਲੜਨੀ,
ਰੋ ਕੇ ਤਕਦੀਰ ਤੇ  ਨਾ ਗ਼ ?ਲਾ ਕਰੀਏ।

ਰਹਿਣ ਜਿਹੜਾ ਗਿੱਝ ਗਿਆ ਗੁਲਾਮੀ ਵਿੱਚ ਨੀ,
ਉਹਨੂੰ ਨਹੀਂ ਆਜ਼ਾਦੀਆਂ ਦੀ ਸਾਰ ਹੁੰਦੀ ਐ।
ਹੱਕ ਲਈ ਜੋ ਮੂਹਰੇ ਸਿੱਖ ਲਵੇ ਬੋਲਣਾ,
ਪਿੱਛੇ ਉਹਦੇ ਲੰਬੀ ਬਈ ਕਤਾਰ ਹੁੰਦੀ ਐ।
ਹੋਵੇ ਜੇ ਬਣਾਉਣੀ ਪਹਿਚਾਣ ਵੱਖਰੀ,
ਕਾਫ਼ਲਿਆਂ ਵਿੱਚ ਨਾ ਕਦੇ ਵੀ ਖੜੀਏ।
ਪੈਂਦੀ ਏ ਹਲਾਤਾਂ ਨਾਲ ਜੰਗ ਲੜਨੀ,
ਰੋ ਕੇ ਤਕਦੀਰ ਤੇ ਗਿਲੇ ਕਰੀਏ।

ਖਹਿੜਾ ਜੋ ਜ਼ਮੀਨ ਦਾ ਨਾ ਹੋਵੇ ਛੱਡਦਾ,
ਉੱਡਦਾ ਨਹੀਂ ਕਦੇ ਅਸਮਾਨ ਵਿੱਚ ਬਈ।
ਸਹੀ ਜਾਵੇ ਜ਼ੁਲਮਾਂ ਨੂੰ ਚੁੱਪ ਕਰਕੇ,
ਜਾਣਦਾ ਜ਼ਮਾਨਾ ਫਿਰ ਉਹਨੂੰ ਟਿੱਚ ਬਈ।
ਆਪਣੀ ਖੁਸ਼ੀ ਨੂੰ ਕੁਰਬਾਨ ਕਰਕੇ,
ਧੱਕੇ ਨਾਲ ਕਿਸੇ ਦੀ ਆਈ ਨਾ ਮਰੀਏ।
ਪੈਂਦੀ ਏ ਹਲਾਤਾਂ ਨਾਲ ਜੰਗ ਲੜਨੀ,
ਰੋ ਕੇ ਤਕਦੀਰ ਤੇ ਗਿਲਾ ਕਰੀਏ।

ਮੌਤ ਤੱਕ ਰਹਿੰਦੀ ਅਜ਼ਮਾਇਸ਼ ਚਲਦੀ,
ਬੜੇ ਔਖੇ ਸਬਕ ਸਿਖਾਉਂਦੀ ਜ਼ਿੰਦਗੀ।
ਖੋਲ੍ਹਣ ਨੂੰ ਜਿਨ੍ਹਾਂ ਨੂੰ ਨਹੀਂ ਦਿਲ ਕਰਦਾ,
'ਖਾਨਾਂ' ਉਹ ਕਿਤਾਬਾਂ ਵੀ ਪੜਾਉਂਦੀ ਜ਼ਿੰਦਗੀ।
ਪਾਉਣ ਲਈ ਮੁਕਾਮ ਉੱਚਾ 'ਕਾਮੀ ਵਾਲਿਆ',
ਜਿੱਤੀ ਹੋਈ ਬਾਜ਼ੀ ਨਾ ਕਦੇ ਵੀ ਹਰੀਏ।
ਪੈਂਦੀ ਏ ਹਲਾਤਾਂ ਨਾਲ ਜੰਗ ਲੜਨੀ,
ਰੋ ਕੇ ਤਕਦੀਰ ਤੇ ਨਾ ਗਲਾ ਕਰੀਏ।

ਸੁਕਰ ਦੀਨ ਕਾਮੀਂ ਖੁਰਦ
9592384393

## ਰਿਸ਼ਤੇ

ਕਿੰਨਾ ਵਿਅਸਤ ਹੋ ਗਿਆ ਬੰਦਾ
ਉਲਝਿਆ ਵਿੱਚ ਕਾਰੋਬਾਰ ਵੇ ਲੋਕੋ।
ਬਜ਼ੁਰਗ ਕਲਪਦੇ ਘਰੀਂ ਇਕੱਲੇ
ਰਹੇ ਰਿਸ਼ਤਿਆਂ ਤਾਈਂ ਪੁਕਾਰ ਵੇ ਲੋਕੋ।
ਕੰਧਾਂ ਕੌਲਿਆਂ ਨਾਲ ਗੱਲਾਂ ਕਰਦੇ
ਕੋਈ ਨਾ ਲੈਂਦਾ ਸਾਰ ਵੇ ਲੋਕੋ।
ਬੱਚੇ ਵਿੱਚ ਮੋਬਾਈਲਾਂ ਉਲਝੇ
ਗੁਆਚਿਆ ਮੋਹ ਤੇ ਪਿਆਰ ਵੇ ਲੋਕੋ।
ਤਕਨਾਲੋਜੀ ਦੇ ਇਸ ਯੁੱਗ ਨੂੰ ਜਿੱਤਦੇ
ਆਪਾਂ ਰਿਸ਼ਤੇ ਗਏ ਆ ਹਾਰ ਵੇ ਲੋਕੋ ..
ਆਪਾਂ ਰਿਸ਼ਤੇ ਗਈਆਂ ਹਾਰ ਵੇ ਲੋਕੋ ....।



ਜਤਿੰਦਰ ਭੁੱਚਰ

## ਕਵਿਤਾ

ਇੱਕ ਕੁੜੀ ਮੇਰੇ ਸਤਿਕਾਰ ਦੀ ਪਾਤਰ
ਜ਼ਿੰਦਗੀ ਚ ਇਕੱਠਿਆਂ ਕੰਮ ਕਰਨ ਦਾ ਮਿਲਿਆ ਮੌਕਾ,
ਉਹ ਕੁੜੀ ਸੀ ਮੇਰੇ ਸਤਿਕਾਰ ਦੀ ਪਾਤਰ।
ਗੱਲਾਂ ਗੱਲਾਂ 'ਚ ਬੁੱਝ ਲੈਂਦੀ ਸੀ ਮੇਰੀ ਨਿਗਰਤਾ,
ਇਕ ਨੰਬਰ ਦੀ ਸੀ ਉਹ ਸ਼ਾਤਰ।
ਮਾੜੀ ਸੋਚ ਉਸ ਵੱਲ ਮੈਂ ਕਦੀ ਨ੍ਹੀਂ ਸੀ ਰੱਖੀ,
ਥੋੜੀ ਜਿਹੀ ਵੀ ਬੋਅ ਆਉਣ ਤੇ ਹੋ ਜਾਂਦੀ ਸੀ ਤੱਤੀ।
ਮੈਂ ਭੋਲਾ ਭਾਲਾ ਪੇਂਡੂ ਲੜਕਾ ਸ਼ਰਾਰਤਾਂ ਦਾ ਪੁੰਜ
ਸ਼ੇਰ ਵਾਂਗੂੰ ਸੀ ਪੈਂਦੀ ਭੱਜ ਕੇ, ਔਖਾਂ ਲੈਂਦੀ ਸੀ ਮੁੰਦ।
ਬੁਰਾ ਉਸ ਨੇ ਵੀ ਮੇਰਾ ਕਦੀ ਨ੍ਹੀਂ ਸੀ ਤੱਕਿਆ,
ਮੈਂ ਹੀ ਉਸ ਦੇ ਪੈਮਾਨੇ ਨੇੜੇ ਨ੍ਹੀਂ ਢੁਕਿਆ।
ਜੀਵਨ ਦੇ ਤਿੰਨੇ ਕੁਆਟਰ ਇਸੇ ਤਰ੍ਹਾਂ ਲੰਘ ਗਏ,
ਬੜਾ ਵਧੀਆ ਬਤੀਤ ਹੋਇਆ ਸਫ਼ਰ, ਕੰਡਿਆਂ ਨੂੰ ਵੀ ਉਲੰਘ ਗਏ।
ਸ਼ਹਿਰੀ ਤੇ ਪੇਂਡੂ ਜੀਵਨ ਦੀਆਂ ਸਾਂਝਾਂ ਦੇ ਇੱਛੁਕ ਦੋਨੋਂ,
ਬ੍ਰਹਿਮੰਡੀ ਦੁਨੀਆਂ ਵਿੱਚ ਖੋਏ ਰਹਿੰਦੇ।
ਦਫ਼ਤਰੀ ਕੰਮਾਂ-ਕਾਰਾਂ ਦੀ ਉਲਝਣਾਂ ਵੀ ਨਿਪਟਾਉਂਦੇ,
ਰਲ-ਮਿਲ ਕੇ ਕਿਲੇ ਬਣਾਉਂਦੇ, ਰਹਿੰਦੇ ਢਾਉਂਦੇ।
ਉਹ ਕੁੜੀ ਮੇਰੇ ਸਤਿਕਾਰ ਦੀ ਪਾਤਰ,
ਜਦੋਂ ਦਿਖਦੀ ਸੀ, ਰੋਸ਼ਨੀ ਸੀ ਸਾਰੇ ਪਾਸੇ ਝਲਕਦੀ।
ਜਿਸ ਦਿਨ ਨਜ਼ਰ ਨਾ ਆਉਂਦੀ, ਨੇ ਹਰਾ ਹੁੰਦਾ ਮੇਰੇ ਖਾਤਰ,
ਜੀਅ ਨਾ ਲੱਗਦਾ ਇੱਕ ਪਲਕ ਵੀ।
ਉਹ ਅਪਣੀ ਟੀਮ ਦੀ ਇੰਚਾਰਜ, ਮੈਂ ਅਪਣੀ ਦਾ,
ਕਾਹਲੀ ਕਾਹਲੀ 'ਚ ਮੁੰਡੇ ਨਚਾਰ ਜੀ ਹੀ ਕਹੀ ਜਾਣ।
ਐਨਾ ਸ਼ੁਕਰ ਕਿਸੇ ਅਜੇ ਤੱਕ ਖੁਸਰਾ ਨੀਂ ਕਿਹਾ,
ਮੈਂ ਕਿਸੇ ਨਾਲ ਲੜਨ ਵਾਲਾ ਨ੍ਹੀਂ ਸੀ ਪੈ ਜਾਂਦਾ ਘਮਸਾਣ।
ਬੜਾ ਸੋਹਣਾ ਸਮਾਂ ਲੰਘਿਆ, ਸੁਨਹਿਰੀ ਕਾਲ ਜੀ,
ਜੱਟ ਲਈ ਤਾਂ ਇਹ ਘੜੀਆਂ ਨਿਹਾਲ ਸੀ।
ਧਰਤੀ ਉੱਤੇ ਸਾਂਝਾਂ ਦੇ ਪੈਰ ਨ੍ਹੀਂ ਸੀ ਲੱਗਦੇ,
ਸਤਿਕਾਰ ਲਈ ਉਸ ਕੁੜੀ ਦੇ, ਫ਼ਿਜ਼ਾਵਾਂ ਦੇ ਬੂਹੇ ਰਹਿਣ ਵੱਜਦੇ।
ਔਰਤ ਦਾ ਕਿਰਦਾਰ ਹਮੇਸ਼ਾ ਮਰਦ ਤੋਂ ਹੁੰਦਾ ਵੱਖਰਾ,
ਪਰ ਉਸ ਮੈਨੂੰ ਕਦੇ ਨਿੰਮੋਝੂਣਾ ਹੋਣ ਨ੍ਹੀਂ ਦਿੱਤਾ ਨਾ ਔਖਰਾ।
ਨਾ ਕਦੇ ਕਿਸੇ ਗੱਲ ਦੀ ਈਰਖਾ, ਨਾ ਬਣਾਈ ਦੂਰੀ,
ਵਸਦੀ ਰਹੇ ਉਸਦੀ ਵੀ ਦੁਨੀਆਂ, ਸੱਧਰ ਮੇਰੀ  ਹੋਈ ਪੂਰੀ।



ਅਮਰਜੀਤ ਸਿੰਘ ਤੂਰ
9878469639

## ਬਸੰਤ (ਕਬਿੱਤ ਛੰਦ)

ਪੋਹ ਦਿਆਂ ਕੱਕਰਾਂ ਨੇ, ਝਾੜ ਦਿੱਤੇ ਪੱਤ ਸਾਰੇ,
ਰੁੱਤ ਪੱਤਝੜ ਦੀ ਨਾ, ਕਿਸੇ ਨੂੰ ਵੀ ਭਾਉਂਦੀ ਏ।
ਚੜ੍ਹਦਾ ਏ ਚੇਤ ਜਦ, ਫੁੱਟਦੇ ਨੇ ਨਵੇਂ ਪੱਤੇ,
ਹਰ ਟਾਹਣੀ ਗੋਦੀ ਜਿਉਂ, ਬਾਲਾਂ ਨੂੰ ਖਿਡਾਉਂਦੀ ਏ।
ਲੈ ਕੇ ਨਵੀਂ ਚੇਤਨਾ ਤੇ ਨਵੀਆਂ ਉਮੰਗਾਂ ਸੰਗ,
ਖੁਸ਼ੀ, ਖੇੜਾ, ਚੁਸਤੀ ਤੇ ਫੁਰਤੀ ਲਿਆਉਂਦੀ ਏ।
ਸਾਰੀਆਂ ਰੁੱਤਾਂ ਦੀ ਰਾਣੀ, ਆਖਦੇ ਬਸੰਤ ਰੁੱਤ
ਠੁਮਕ ਠੁਮਕ ਪੱਬ, ਭੋਇੰ ਤੇ ਟਿਕਾਉਂਦੀ ਏ।

ਫੁੱਲਾਂ ਸੰਗ ਲੱਦੀਆਂ ਜੋ, ਵੇਲਾਂ ਚੜ੍ਹ ਰੁੱਖਾਂ ਉੱਤੇ,
ਤੁਹਫਾ ਦੇ ਰੁੱਖ ਉਹਨਾਂ, ਕੀਤੇ ਮਾਲਾਮਾਲ ਨੇ।
ਖੂਨ 'ਚ ਰਵਾਨੀ ਆਈ, ਸਾਰੇ ਜੀਵ ਜੰਤੂਆਂ ਦੇ,
ਮਿਲੀ ਹੈ ਨਵੀਂ ਊਰਜਾ, ਹੋਏ ਖ਼ੁਸ਼ਹਾਲ ਨੇ।
ਗਰਮੀ ਨਾ ਸਰਦੀ ਏ, ਇੱਕੋ ਜਿਹੇ ਦਿਨ-ਰਾਤ,
ਮੌਸਮ ਸੁਹਾਨਾ ਵੇਖ ਹੋ ਗਏ ਨਿਹਾਲ ਨੇ।
ਡਾਰਾਂ ਬੰਨ੍ਹ ਕੂੰਜਾਂ ਜਦ, ਉਡਣ ਆਕਾਸ਼ ਵਿੱਚ,
ਵੇਖ ਵੇਖ ਖੁਸ਼ੀ ਵਿੱਚ, ਖੀਵੇ ਹੁੰਦੇ ਬਾਲ ਨੇ।

ਖੇਤਾਂ ਵਿੱਚ ਫੁੱਲੀ ਸਰ੍ਹੋਂ, ਹਰਾ ਸੂਟ ਪਾ ਕੇ ਜਿਵੇਂ,
ਸੁੰਦਰੀ ਨੇ ਪੀਲਾ ਸਿਰ, ਮੁਕਟ ਸਜਾਇਆ ਏ।
ਸੁੱਕਾ ਘਾਹ ਹਰਾ ਹੋਇਆ, ਧਰਤੀ ਟਹਿਕ ਪਈ,
ਨਿੱਸਰੀ ਕਣਕ, ਬੂਰ, ਅੰਬਾਂ ਉੱਤੇ ਆਇਆ ਏ।
ਤਿਤਲੀਆਂ ਭੌਰੇ ਲਾਉਣ, ਫੁੱਲਾਂ ਦੇ ਦੁਆਲੇ ਗੇੜੇ,
ਵੰਡ ਕੇ ਮਹਿਕ ਫੁੱਲਾਂ, ਬਾਗ ਮਹਿਕਾਇਆ ਏ।
ਚਹਿਕਦੀਆਂ ਚਿੜੀਆਂ,ਕੋਇਲ ਗਾਵੇ ਗੀਤ ਮਿੱਠਾ,
ਸੁਣ ਵਿਸਮਾਦੀ ਰਾਗ, ਮਨ ਨਸ਼ਿਆਇਆ ਏ।

ਗਿਆਨ ਤੇ ਕਲਾ ਦੀ ਦੇਵੀ, ਸਰਸਵਤੀ ਪੂਜਦੇ
ਪਾਏ ਪੀਲੇ ਸੂਟ ਪੀਲੇ ਚਾਵਲ ਬਣਾਏ ਨੇ।
ਪਤੰਗ ਕਈ ਰੰਗਾਂ ਦੇ, ਉੱਡਣ ਆਕਾਸ਼ ਵਿੱਚ,
ਲਾ ਕੇ ਪੇਚੇ, ਲੁੱਟ ਗੁੱਡੀ, ਦਿਲ ਪਰਚਾਏ ਨੇ।
ਝੂਮਦਾ ਕਿਸਾਨ ਵੇਖ, ਫਸਲਾਂ ਨੂੰ ਖੇਤ ਵਿੱਚ,
ਨੈਣਾਂ ਵਿੱਚ ਸਤਰੰਗੇ, ਸੁਪਨੇ ਸਜਾਏ ਨੇ।
ਸ਼ੁਰੂ ਹੋਵੇ ਸਾਲ ਨਵਾਂ, ਚੇਤ ਦੇ ਮਹੀਨੇ ਨਾਲ,
'ਅਮਰ' ਆਖੇ ਵੀਰਨੋ, ਸ਼ੁਭ ਦਿਨ ਆਏ ਨੇ।



ਅਮਰਜੀਤ ਕੌਰ ਮੋਰਿੰਡਾ
7888835400

## ਬਣਦੇ ਟੁੱਟਦੇ ਗੱਠ-ਜੋੜ

ਜਦੋਂ ਸੱਤਾ ਦੀ ਆਸ ਕੁੱਝ ਹੋਣ ਲਗਦੀ
ਪੱਕੇ ਦੁਸ਼ਮਣ ਨੂੰ ਪਲਾਂ 'ਚ ਭੁੱਲ ਜਾਂਦੇ।
ਆਪੋ ਵਿੱਚੀਂ ਜੋ ਤੋਹਮਤਾਂ ਰੋਜ ਲਾਉਂਦੇ
'ਚੋਣਾ ਦੇਖ' ਇੱਕ-ਦੂਜੇ 'ਤੇ ਡੁੱਲ੍ਹ ਜਾਂਦੇ।
ਪਹਿਲਾ ਛੱਡਕੇ 'ਦੂਸਰੇ' ਨਾਲ ਰਲਦੇ
ਪਹਿਲਾਂ ਵਾਲੇ ਦੇ ਦੀਵੇ ਹੋ ਗੁੱਲ ਜਾਂਦੇ।
ਬੀਤੇ ਸਮੇਂ ਨੂੰ ਉਦੋਂ ਪਛਤਾਉਣ ਲਗਦੇ
ਝੱਖੜ ਜਦੋਂ ਨੁਕਸਾਨ ਕਰ ਝੁੱਲ ਜਾਂਦੇ।
ਗ਼ੈਰਤ ਅਣਖ ਨੂੰ ਛਿੱਕੇ 'ਤੇ ਟੰਗ ਕੇ ਜੀ
ਬਣ ਤਕੜੇ ਦੀ 'ਪਤਨੀ' ਵੀ ਫੁੱਲ ਜਾਂਦੇ!
'ਗੱਠ-ਜੋੜ' ਨੂੰ 'ਗੱਠਾਂ' ਤਾਂ ਰੋਜ ਦਿੰਦੇ
ਜੋੜ ਬੱਝਣ ਤੋਂ ਪਹਿਲਾਂ ਪਰ ਖੁੱਲ੍ਹ ਜਾਂਦੇ !



-ਤਰਲੋਚਨ ਸਿੰਘ 'ਦੁਪਾਲ ਪੁਰ'
78146-92724

## ਆਜ਼ਾਦ ਪਰਿੰਦੇ

ਮੈਂ ਗ਼ਮਾਂ ਨੂੰ ਖਾਦਾ ਹੈ
ਜਾਂ ਗ਼ਮ ਫਿਰ ਮੈਨੂੰ ਖਾ ਗਏ ਨੇ

ਸੁੱਕੇ ਹੋਏ ਨੈਣਾਂ ਵਿੱਚ
ਸੈਲਾਬ ਮੁੜਕੇ ਆ ਗਏ ਨੇ

ਜੰਨਤ ਦੇ ਵਿੱਚ ਸੈਰ ਕਰਾਕੇ
ਬੀਆਬਾਨ ਵਿੱਚ ਲਾਹ ਗਏ ਨੇ

ਹੱਸਦੇ ਹੋਏ ਦੱਸ ਕਦੋਂ ਮੁੜੇ ਨੇ
ਜੋ ਇਸ਼ਕਾਂ ਵਾਲੇ ਰਾਹ ਗਏ ਨੇ

ਆਜ਼ਾਦ ਪਰਿੰਦੇ ਉੱਡਦੇ ਸੀ ਜੋ
ਹੁਣ ਪਿੰਜਰਾ ਵੇਖ ਘਬਰਾ ਗਏ ਨੇ

ਫ਼ਕੀਰੀ ਮੇਰੀ ਤੇ ਹੱਸਣ ਲੋਕੀਂ
ਕਈ ਖ਼ੈਰ ਝੋਲੀ ਵਿੱਚ ਪਾ ਗਏ ਨੇ

ਰਹਿਮ ਦਿਲ ਨਾ ਰਿਹਾ ਜਮਾਨਾਂ
ਚੰਗੇ ਵੇਲੇ ਕਿਤੇ ਪਿਛਾਂਹ ਗਏ ਨੇ

ਆਪਣਾ ਕੋਈ ਲੱਭਾਂ ਹਰ ਦਮ
ਮੇਰੀ ਹੋਂਦ ਦੇ ਮੁੱਕਰ ਗਵਾਹ ਗਏ ਨੇ

ਦਿਨ ਢਲਿਆ ਪਰ ਓਹ ਨਾ ਮੁੜਿਆ
ਪੰਛੀ ਆਲ੍ਹਣਿਆਂ ਵਿੱਚ ਆ ਗਏ ਨੇ

ਦਿਲ ਦੇ ਅੰਦਰ ਚੀਸ ਹੈ ਉੱਠਦੀ
ਕੈਸੇ ਦਰਦ ਇਸ ਚ ਸਮਾ ਗਏ ਨੇ

ਮੇਰੀ ਕਿਸੇ ਨੇ ਇੱਕ ਸੁਣੀ ਨਾ
ਸਭ ਆਪਣੀ ਆਪਣੀ ਸੁਣਾ ਗਏ ਨੇ

ਨਿੱਤ ਹੀ ਟੁੱਟਦੀ ਜੁੜਦੀ ਹਾਂ ਮੈਂ
ਇਹ ਦੁੱਖ ਵੀ ਦੀਪ ਨੂੰ ਭਾਅ ਗਏ ਨੇ



ਅਮਨਦੀਪ ਕੌਰ ਹਾਕਮ ਸਿੰਘ ਵਾਲਾ ਬਠਿੰਡਾ
9877654596

## ਯਾਰੀ

ਤੇਰੀ ਕਿਉਂ ਗਈ ਸੀ, ਮੱਤ ਮਾਰੀ
ਜੋ ਵਿਹਲੜਾਂ ਨਾਲ ਪੈ ਗਈ ਯਾਰੀ।

ਕਹਿਣ ਵਾਲੇ ਤਾਂ, ਇਹ ਵੀ ਕਹਿੰਦੇ
ਵੱਜਦੀ ਨਹੀਂ ਇੱਕ ਹੱਥ ਨਾਲ ਤਾੜੀ।

ਪਹੁੰਚਣਾ ਚਾਹੁੰਦਾ ਸੀ, ਤੂੰ ਸਿਖਰਾਂ ਤੇ
ਪਰ ਰਸਤੇ ਦੇ ਵਿੱਚ ਰਹਿ ਗਈ ਤੇਰੀ ਲਾਰੀ।

ਕਹਿੰਦੇ ਬੁਰੇ ਕੰਮ ਦਾ, ਬੁਰਾ ਨਤੀਜਾ
ਰਾਹਾਂ ਦੇ ਵਿਚ ਰੁਲ ਗਈ, ਤੇਰੀ ਕਿਸਮਤ ਮਾੜੀ।

ਫੇਰ ਨਾ ਕਰੀਂ ਪਛਤਾਵਾ, ਸਮੇਂ ਤੋਂ ਪਹਿਲਾਂ
ਉਪਰ ਜਾਣ ਦੀ ਆ ਗਈ ਤੇਰੀ ਵਾਰੀ।

ਬੱਚਣਾ ਜੇ ਤੂੰ ਹੁਣ, ਮਾੜੀ ਸੰਗਤ ਤੋਂ
ਗਿੰਦਿਆ ਮੁੱਲ ਤਾਰਨਾ ਪੈਣਾ ਭਾਰੀ।



ਗਿੰਦਾ ਸਿੱਧੂ
6239331711

## ਫੁੱਲਾ ਮਹਿਕ ਨੂੰ ਸੰਭਾਲ਼

ਤੂੰ ਅਪਣੇ ਅੰਦਰ ਵੀ ਇੱਕ ਦੀਵਾ ਜਗਦਾ ਰੱਖੀਂ।
ਠੰਡੀ ਰੁੱਤ ਵਿੱਚ ਅਪਣੇ ਆਪ ਨੂੰ ਮਘਦਾ ਰੱਖੀਂ।
ਜੋਬਨ ਦਾ ਹੜ੍ਹ ਹੱਦਾਂ ਬੰਨੇ ਤੋੜ ਵੀ ਸਕਦਾ ਏ;
ਤੂੰ ਦਿਲੋਂ ਦਿਮਾਗ਼ ਨੂੰ ਕੁੰਡਾ ਜਿੰਦਾ ਲਗਦਾ ਰੱਖੀਂ।

ਮੂਲ ਚੰਦ ਸ਼ਰਮਾ ਪ੍ਰਧਾਨ
9914836037

# ਐਨੀਮੇਸ਼ਨ, ਮਲਟੀਮੀਡੀਆ ਅਤੇ ਵੈਬ ਡਿਜ਼ਾਈਨਿੰਗ ਦੇ ਕੈਰੀਅਰ ਵਿੱਚ ਸਕੋਪ ਅਤੇ ਮੌਕੇ

21ਵੀਂ ਸਦੀ ਦੇ ਐਨੀਮੇਸ਼ਨ ਦੌਰਾਨ ਸੂਚਨਾ ਤਕਨਾਲੋਜੀ ਖੇਤਰ ਵਿੱਚ ਸਭ ਤੋਂ ਵੱਧ ਮੰਗੇ ਗਏ ਕੈਰੀਅਰ ਵਿਕਲਪਾਂ ਵਿੱਚੋਂ, ਮਲਟੀਮੀਡੀਆ ਅਤੇ ਵੈੱਬ ਡਿਜ਼ਾਈਨਿੰਗ ਅੱਜ ਤੱਕ ਮੈਨਪਾਵਰ ਇਨਪੁਟਸ ਦੇ ਮਾਮਲੇ ਵਿੱਚ ਸਭ ਤੋਂ ਅੱਗੇ ਹੈ ਅਤੇ ਅਜੇ ਵੀ ਇਹ ਸੈਕਟਰ ਦੇ ਸਿਰਫ 5% ਤੋਂ 10% ਹੈ। ਲੋੜਾਂ ਦਾ ਮਤਲਬ ਹੈ ਕਿ ਅਜੇ ਵੀ ਚਾਹਵਾਨਾਂ ਲਈ ਬਹੁਤ ਸਾਰੀਆਂ ਸੰਭਾਵਨਾਵਾਂ ਹਨ ਅਤੇ ਇਹ ਵਰਤਾਰਾ ਨਾ ਤਾਂ ਸਮਾਂਬੱਧ ਹੈ ਅਤੇ ਨਾ ਹੀ ਜਨਸੰਖਿਆ ਅਨੁਸਾਰ ਸ਼੍ਰੇਣੀਬੱਧ ਕੀਤਾ ਗਿਆ ਹੈ ਅਸਲ ਵਿੱਚ ਇਹ ਇੱਕ ਵਿਸ਼ਵਵਿਆਪੀ ਪ੍ਰਕਿਰਿਆ ਹੈ। ਮਿਕੀ ਮਾਊਸ, ਡੌਨਾਲਡ ਡਕ, ਅਤੇ ਸਟੂਅਰਟ ਲਿਟਲ ਵਰਗੇ ਪਾਤਰਾਂ ਦੀ ਪ੍ਰਸਿੱਧੀ ਨੇ ਐਨੀਮੇਸ਼ਨਾਂ ਦੀਆਂ ਕੁਝ ਰਚਨਾਵਾਂ ਦਾ ਨਾਮ ਦਿੱਤਾ ਹੈ ਜੋ ਨੌਜਵਾਨਾਂ ਅਤੇ ਪਰਿਪੱਕ ਲੋਕਾਂ ਨੂੰ ਬਰਾਬਰ ਖੁਸ਼ ਕਰ ਰਹੀਆਂ ਹਨ, ਨੇ ਐਨੀਮੇਸ਼ਨ ਨੂੰ ਦੁਨੀਆ ਦੇ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਅਤੇ ਸਭ ਤੋਂ ਵੱਧ ਮੰਗ ਵਾਲੇ ਉਦਯੋਗਾਂ ਵਿੱਚੋਂ ਇੱਕ ਬਣਾ ਦਿੱਤਾ ਹੈ। ਮਲਟੀਮੀਡੀਆ ਅਤੇ ਐਨੀਮੇਸ਼ਨ 21ਵੀਂ ਸਦੀ ਦੇ ਪ੍ਰਮੁੱਖ ਰੁਜ਼ਗਾਰ ਪ੍ਰਦਾਤਾਵਾਂ ਵਿੱਚੋਂ ਇੱਕ ਹਨ। ਇਹ ਕਲਾ ਦਾ ਇੱਕ ਰੂਪ ਹੈ ਜੋ ਜਾਦੂ ਬਣਾਉਣ ਲਈ ਟੈਕਸਟ, ਚਿੱਤਰ, ਗ੍ਰਾਫਿਕਸ, ਐਨੀਮੇਸ਼ਨ, ਆਡੀਓ ਅਤੇ ਵੀਡੀਓ ਨੂੰ ਮਿਲਾਉਂਦੀ ਹੈ। ਸਭ ਤੋਂ ਵਧੀਆ ਐਨੀਮੇਸ਼ਨ ਨੂੰ ਸਿਰਫ ਮਲਟੀਮੀਡੀਆ ਦੇ ਇੱਕ ਹਿੱਸੇ ਵਜੋਂ ਮੰਨਿਆ ਜਾ ਸਕਦਾ ਹੈ. ਮਨੋਰੰਜਨ ਉਦਯੋਗ ਅਤੇ ਤਕਨਾਲੋਜੀ ਐਨੀਮੇਸ਼ਨ ਦਾ ਸੁਮੇਲ ਗ੍ਰਾਫਿਕ ਤੌਰ ’ਤੇ ਅਮੀਰ ਅਤੇ ਆਕਰਸ਼ਕ ਮਲਟੀਮੀਡੀਆ ਕਲਿੱਪਾਂ ਦੇ ਡਿਜ਼ਾਈਨ, ਡਰਾਇੰਗ, ਲੇਆਉਟ ਅਤੇ ਉਤਪਾਦਨ ਨਾਲ ਸਬੰਧਤ ਹੈ ਅਤੇ ਜਾਨਵਰਾਂ ਜਾਂ ਲੋਕਾਂ ਦੇ ਡਰਾਇੰਗਾਂ ਜਾਂ ਮਾਡਲਾਂ ਨੂੰ ਮੂਵ ਕਰਕੇ ਫਿਲਮਾਂ, ਗੇਮਾਂ ਜਾਂ ਕਾਰਟੂਨ ਬਣਾਉਣ ਲਈ ਉਹਨਾਂ ਦੀ ਵਰਤੋਂ ਕਰਦਾ ਹੈ। ਕੰਪਿਊਟਰਾਂ ਜਾਂ ਹੋਰ ਇਲੈਕਟ ?ਰਾਨਿਕ ਸਾਧਨਾਂ ਦੀ ਮਦਦ ਨਾਲ ਸਮੇਂ ਅਤੇ ਸਥਾਨ ਦਾ ਬਹੁਤ ਧਿਆਨ ਰੱਖਣਾ ਜੋ ਐਨੀਮੇਸ਼ਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਕੈਰੀਅਰ ਦੇ ਤੌਰ ’ਤੇ ਐਨੀਮੇਸ਼ਨ ਨੂੰ ਉਨ੍ਹਾਂ ਚਾਹਵਾਨਾਂ ਦੁਆਰਾ ਅਪਣਾਇਆ ਜਾ ਸਕਦਾ ਹੈ ਜਿਨ੍ਹਾਂ ਕੋਲ ਸ਼ਾਨਦਾਰ ਰਚਨਾਤਮਕਤਾ ਅਤੇ ਡਰਾਇੰਗ ਦੇ ਹੁਨਰ ਹਨ। ਐਨੀਮੇਟਰ ਪ੍ਰਤਿਭਾਸ਼ਾਲੀ ਕਲਾਕਾਰ ਹੁੰਦੇ ਹਨ ਜੋ ਫਿਲਮਾਂ, ਟੈਲੀਵਿਜ਼ਨ, ਇਸ਼ਤਿਹਾਰ ਆਦਿ ਵਰਗੇ ਕਈ ਤਰ੍ਹਾਂ ਦੇ ਪ੍ਰੋਜੈਕਟਾਂ ਲਈ ਪਾਤਰ ਬਣਾਉਂਦੇ ਹਨ। ਇੱਕ ਐਨੀਮੇਟਰ ਲਈ ਨੌਕਰੀ ਦੇ ਮੌਕੇ ਵੱਧ ਰਹੇ ਹਨ ਅਤੇ ਉਹਨਾਂ ਦੀ ਬਹੁਤ ਮੰਗ ਹੈ, ਕਿਉਂਕਿ ਇਹ ਇੱਕ ਵਧ ਰਿਹਾ ਉਦਯੋਗ ਹੈ ਅਤੇ ਇੱਕ ਪ੍ਰਸਿੱਧ ਵਿਸ਼ੇਸ਼ਤਾ ਬਣ ਗਿਆ ਹੈ। ਲਗਭਗ ਸਾਰੀਆਂ ਨਵੀਂ ਪੀੜ੍ਹੀ ਦੀਆਂ ਫਿਲਮਾਂ ਅਤੇ ਇਸ਼ਤਿਹਾਰ। ਹਾਲਾਂਕਿ ਇੱਕ ਸਫਲ ਐਨੀਮੇਟਰ ਬਣਨ ਲਈ, ਕਿਸੇ ਨੂੰ ਕਿਸੇ ਖਾਸ ਅਕਾਦਮਿਕ ਯੋਗਤਾ ਦੀ ਲੋੜ ਨਹੀਂ ਹੁੰਦੀ ਹੈ। ਮੂਲ ਸਕੈਚਿੰਗ ਹੁਨਰ ਅਤੇ ਐਨੀਮੇਸ਼ਨ ਲਈ ਜਨੂੰਨ ਵਾਲੇ ਇਸ ਖੇਤਰ ਵਿੱਚ ਦਾਖਲ ਹੋ ਸਕਦੇ ਹਨ ਅਤੇ ਆਸਾਨੀ ਨਾਲ ਆਪਣੀ ਜਗ ?ਹਾ ਬਣਾ ਸਕਦੇ ਹਨ। ਹਾਲਾਂਕਿ, ਐਨੀਮੇਸ਼ਨ ਜਾਂ ਮਲਟੀਮੀਡੀਆ ਵਿੱਚ ਡਿਗਰੀ ਜਾਂ ਡਿਪਲੋਮਾ ਵਰਗੀ ਰਸਮੀ ਯੋਗਤਾ ਹੋਣਾ ਅੰਤਰਰਾਸ਼ਟਰੀ ਖੇਤਰ ਅਤੇ ਬਹੁ-ਰਾਸ਼ਟਰੀ ਕੰਪਨੀਆਂ ਵਿੱਚ ਨੌਕਰੀਆਂ ਦੀ ਭਾਲ ਕਰਨ ਵੇਲੇ ਲਾਭਦਾਇਕ ਹੋ ਸਕਦਾ ਹੈ। 10+2 ਜਾਂ ਇਸ ਦੇ ਬਰਾਬਰ ਦੀ ਘੱਟੋ-ਘੱਟ ਯੋਗਤਾ ਵਾਲਾ ਕੋਈ ਵੀ ਵਿਅਕਤੀ ਐਨੀਮੇਸ਼ਨ ਵਿੱਚ ਡਿਗਰੀ ਅਤੇ ਡਿਪਲੋਮਾ ਕੋਰਸਾਂ ਲਈ ਯੋਗ ਹੈ ਜਦੋਂ ਕਿ ਕੋਈ ਵੀ ਗ੍ਰੈਜੂਏਟ ਐਨੀਮੇਸ਼ਨ ਵਿੱਚ ਪੋਸਟ ਗ੍ਰੈਜੂਏਸ਼ਨ ਲਈ ਅਪਲਾਈ ਕਰ ਸਕਦਾ ਹੈ। ਹਾਲਾਂਕਿ, ਉਦਯੋਗਿਕ ਡਿਜ਼ਾਈਨ ਸੈਂਟਰ (ਆਈਡੀਸੀ), ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (ਆਈਆਈਟੀ), ਅਤੇ ਇੰਡੀਅਨ ਇੰਸਟੀਚਿਊਟ ਆਫ਼ ਡਿਜ਼ਾਈਨ (ਐਨਆਈਡੀ) ਵਰਗੀਆਂ ਉੱਚ ਪ੍ਰਤਿਸ਼ਠਾ ਵਾਲੀਆਂ ਕੁਝ ਸੰਸਥਾਵਾਂ ਯੋਗਤਾ ਦੇ ਮਾਪਦੰਡਾਂ ਦੀ ਪਾਲਣਾ ਕਰਦੀਆਂ ਹਨ ਜੋ ਸਿਰਫ਼ ਆਰਕੀਟੈਕਚਰ, ਤਕਨਾਲੋਜੀ, ਅਤੇ ਇੰਜੀਨੀਅਰਿੰਗ, ਅਤੇ ਫਾਈਨ ਆਰਟਸ ਦੇ ਗ੍ਰੈਜੂਏਟ ਹੀ ਕਰ ਸਕਦੇ ਹਨ। ਇਹਨਾਂ ਸੰਸਥਾਵਾਂ ਵਿੱਚ ਪੀਜੀ ਕੋਰਸ ਲਈ ਅਪਲਾਈ ਕਰੋ। ਇਹਨਾਂ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਤੋਂ ਇਲਾਵਾ, ਕਈ ਪੇਸ਼ੇਵਰ ਕੋਰਸ ਹਨ ਜੋ ਵੱਖ-ਵੱਖ ਸ਼ੈਲੀਆਂ ਅਤੇ ਤਕਨੀਕਾਂ ’ਤੇ ਕੇਂਦ੍ਰਤ ਕਰਦੇ ਹਨ। ਇਹ ਕੋਰਸ, ਜਿਵੇਂ ਕਿ, ਪਰੰਪਰਾਗਤ ਐਨੀਮੇਸ਼ਨ, ਸਟਾਪ-ਮੋਸ਼ਨ ਐਨੀਮੇਸ਼ਨ, ਰੋਟੋਸਕੋਪਿੰਗ, ਕੰਪਿਊਟਰ ਦੁਆਰਾ ਤਿਆਰ 24 ਅਤੇ 34 ਐਨੀਮੇਸ਼ਨ, ਕਲੇਮੇਸ਼ਨ, ਫੋਟੋਸ਼ਾਪ, ਮਨੁੱਖੀ ਸਰੀਰ ਵਿਗਿਆਨ, ਡਰਾਇੰਗ, ਆਦਿ ਦੇ ਕੋਰਸ, ਇੱਕ ਵਿਸ਼ੇਸ਼ ਖੇਤਰ ਵਿੱਚ ਮੁਹਾਰਤ ਹਾਸਲ ਕਰਨ ਵਿੱਚ ਮਦਦ ਕਰਦੇ ਹਨ। ਕੰਪਿਊਟਰ ਨੂੰ ਸੰਭਾਲਣ ਦਾ ਮੁੱਢਲਾ ਗਿਆਨ ਵੀ ਹੋਣਾ ਚਾਹੀਦਾ ਹੈ। ਪੇਸ਼ੇਵਰ ਸਿਖਲਾਈ ਅਤੇ ਕੰਪਿਊਟਰ ਦੇ ਮੁਢਲੇ ਗਿਆਨ ਤੋਂ ਇਲਾਵਾ ਕਈ ਨਿੱਜੀ ਹੁਨਰ ਰੰਗ, ਅਨੁਪਾਤ, ਆਕਾਰ, ਡਿਜ਼ਾਈਨ ਆਦਿ ਦੀ ਚੰਗੀ ਸਮਝ ਵੀ ਇੱਕ ਵਧੀਆ ਐਨੀਮੇਟਰ ਬਣਾਉਣ ਵਿੱਚ ਭੂਮਿਕਾ ਨਿਭਾਉਂਦੇ ਹਨ। ਇੱਕ ਚੰਗੇ ਐਨੀਮੇਟਰ ਕੋਲ ਬਹੁਤ ਸਾਰੇ ਜਨੂੰਨ ਅਤੇ ਕਲਪਨਾਤਮਕ ਹੁਨਰ ਦੇ ਨਾਲ ਇੱਕ ਕਲਾਤਮਕ ਝੁਕਾਅ ਵਾਲਾ ਮਨ ਹੋਣਾ ਚਾਹੀਦਾ ਹੈ,ਰਚਨਾਤਮਕਤਾ, ਅਤੇ ਬੇਸ਼ੱਕ ਬਹੁਤ ਸਾਰੇ ਨਿੱਜੀ ਹੁਨਰ ਜਿਵੇਂ ਧੀਰਜ, ਅਨੁਸ਼ਾਸਨ, ਅਤੇ ਲੰਬੇ ਸਮੇਂ ਲਈ ਕੰਮ ਕਰਨ ਲਈ ਸਮਰਪਣ। ਉਸ ਨੂੰ ਮਨੁੱਖਾਂ, ਜਾਨਵਰਾਂ ਜਾਂ ਪੰਛੀਆਂ ਅਤੇ ਸਰੀਰ ਦੀਆਂ ਹਰਕਤਾਂ ਅਤੇ ਰੋਸ਼ਨੀ ਦੇ ਪ੍ਰਭਾਵਾਂ ਦੀ ਸਰੀਰ ਵਿਗਿਆਨ ਦੀ ਵੀ ਚੰਗੀ ਸਮਝ ਹੋਣੀ ਚਾਹੀਦੀ ਹੈ। ਚੰਗੇ ਸੰਚਾਰ ਹੁਨਰ ਦੀ ਵੀ ਲੋੜ ਹੁੰਦੀ ਹੈ ਕਿਉਂਕਿ ਜ਼ਿਆਦਾਤਰ ਸਮਾਂ ਉਸਨੂੰ ਕਈ ਮਾਹਰਾਂ ਵਾਲੀ ਟੀਮ ਵਿੱਚ ਕੰਮ ਕਰਨਾ ਪੈਂਦਾ ਹੈ। ਇੱਕ ਐਨੀਮੇਟਡ ਫੀਚਰ ਫਿਲਮ ਦੇ ਰੂਪ ਵਿੱਚ ਮਲਟੀਮੀਡੀਆ ਉਦਯੋਗ ਦੇ ਪੇਸ਼ੇਵਰਾਂ ਦੀ ਇੱਕ ਵਿਸ਼ਾਲ ਕਿਸਮ ਦਾ ਇੱਕ ਸੰਯੁਕਤ ਯਤਨ ਹੈ। ਇਸ ਨੂੰ ਲਗਭਗ 500 ਐਨੀਮੇਟਰਾਂ ਦੀ ਲੋੜ ਹੈ। ਉਦਯੋਗ ਵਿੱਚ ਪੇਸ਼ ਕੀਤੀਆਂ ਗਈਆਂ ਕੁਝ ਨੌਕਰੀਆਂ ਹਨ: ਸਮੱਗਰੀ ਵਿਕਾਸਕਾਰ: ਇੱਕ ਪੇਸ਼ੇਵਰ ਜੋ ਐਨੀਮੇਸ਼ਨ ਲਈ ਸਮੱਗਰੀ ਵਿਕਸਿਤ ਕਰਦਾ ਹੈ। ਮਾਡਲਰ: ਮਾਡਲਰ ਉਹ ਹੁੰਦਾ ਹੈ ਜੋ ਐਨੀਮੇਸ਼ਨ ਲਈ ਮਾਡਲ ਬਣਾਉਂਦਾ ਹੈ। ਉਹਨਾਂ ਨੂੰ ਸਰੀਰ ਵਿਗਿਆਨ, ਰੂਪ ਅਤੇ ਵਾਲੀਅਮ ਦੀ ਠੋਸ ਸਮਝ ਹੋਣੀ ਚਾਹੀਦੀ ਹੈ। ਸਟੋਰੀ ਬਰਾਡ ਆਰਟਿਸਟ: ਮਜ਼ਬੂਤ ? ?ਡਰਾਇੰਗ ਹੁਨਰ ਵਾਲੇ ਸਟੋਰੀਬੋਰਡ ਕਲਾਕਾਰਾਂ ਦੇ ਤੌਰ ’ਤੇ ਨਿਯੁਕਤ ਕੀਤੇ ਜਾ ਸਕਦੇ ਹਨ ਜੋ ਫਰੇਮ ਤੋਂ ਫਰੇਮ ਤੱਕ ਘਟਨਾਵਾਂ ਦੇ ਕ੍ਰਮ ਦੀ ਕਲਪਨਾ ਕਰ ਸਕਦੇ ਹਨ। ਅੱਖਰ ਐਨੀਮੇਟਰ: ਉਹ ਪਾਤਰਾਂ ਨੂੰ ਜੀਵਨ ਵਿੱਚ ਲਿਆਉਂਦੇ ਹਨ ਅਤੇ ਆਮ ਤੌਰ ’ਤੇ ਰਵਾਇਤੀ ਐਨੀਮੇਸ਼ਨ, ਸਟਾਪ-ਮੋਸ਼ਨ ਐਨੀਮੇਸ਼ਨ ਦੇ ਨਾਲ-ਨਾਲ ਕਲੇਮੇਸ਼ਨ ਦਾ ਗਿਆਨ ਰੱਖਦੇ ਹਨ ਬੈਕਗ੍ਰਾਉਂਡ ਆਰਟਿਸਟ: ਬੈਕਗ੍ਰਾਉਂਡ ਆਰਟਿਸਟ ਉਹ ਵਿਅਕਤੀ ਹੁੰਦਾ ਹੈ ਜੋ ਪਾਤਰਾਂ ਦੇ ਪਿਛੋਕੜ ਨੂੰ ਪੇਂਟ ਕਰਨ ਵਿੱਚ ਮਾਹਰ ਹੁੰਦਾ ਹੈ ਅਤੇ ਪ੍ਰੋਜੈਕਟ ਲਈ ਪਿਛੋਕੜ ਨਿਰਧਾਰਤ ਕਰਦਾ ਹੈ। ਲੇਆਉਟ ਆਰਟਿਸਟ: ਲੇਆਉਟ ਆਰਟਿਸਟ ਉਸ ਐਨੀਮੇਸ਼ਨ ਪ੍ਰੋਜੈਕਟ ਦੇ ਇੱਕ ਸਿਨੇਮੈਟੋਗ੍ਰਾਫਰ ਦੀ ਤਰ੍ਹਾਂ ਹੁੰਦਾ ਹੈ ਕਿਉਂਕਿ ਉਹ ਰੋਸ਼ਨੀ ਅਤੇ ਕੈਮਰਾ ਐਂਗਲਾਂ ਦਾ ਫੈਸਲਾ ਕਰਦੇ ਹਨ ਅਤੇ ਉਹ ਐਨੀਮੇਸ਼ਨ ਲਈ ਬੈਕਗ੍ਰਾਉਂਡ ਡਿਜ਼ਾਈਨ ਦਾ ਸਕੈਚ ਕਰ ਰਿਹਾ ਹੈ। 24 ਐਨੀਮੇਟਰ: ਉਹ ਇੱਕ ਕ੍ਰਮ ਨੂੰ ਪਰਿਭਾਸ਼ਿਤ ਕਰਨ ਵਾਲੇ ਵੱਖਰੇ ਡਰਾਇੰਗਾਂ ਦੀ ਉੱਚ ਮਾਤਰਾ ਦੀ ਰਚਨਾ ਨੂੰ ਸ਼ਾਮਲ ਕਰਦੇ ਹਨ। ਕੰਪੋਜ਼ਿਟਿੰਗ ਆਰਟਿਸਟ: ਕੰਪੋਜ਼ਿਟਿੰਗ ਵਿੱਚ ਅੰਤਿਮ ਚਿੱਤਰ ਬਣਾਉਣ ਲਈ ਐਨੀਮੇਸ਼ਨ ਦੇ ਵਿਅਕਤੀਗਤ ਫਰੇਮਾਂ ਨੂੰ ਇੱਕ ਦੂਜੇ ਦੇ ਉੱਪਰ ਲੇਅਰ ਕਰਨਾ ਸ਼ਾਮਲ ਹੁੰਦਾ ਹੈ। ਇਹ ਚਿੱਤਰ ਫਿਰ ਸੰਪੂਰਨ ਸ਼ਾਟ ਜਾਂ ਮਿੰਨੀ-ਐਨੀਮੇਟਡ ਫਿਲਮਾਂ ਬਣਾਉਣ ਲਈ ਇਕੱਠੇ ਕੀਤੇ ਜਾਂਦੇ ਹਨ। ਵਿਸ਼ੇਸ਼ ਪ੍ਰਭਾਵ ਕਲਾਕਾਰ ਉਹ ਲਾਈਵ-ਐਕਸ਼ਨ ਫੁਟੇਜ ਨੂੰ ਕੰਪਿਊਟਰ ਜਨਰੇਟਿਡ ਇਮੇਜਰੀ (379) ਜਾਂ ਹੋਰ ਤੱਤਾਂ (ਜਿਵੇਂ ਕਿ ਮਾਡਲ ਵਰਕ) ਨਾਲ ਜੋੜਦੇ ਹਨ। ਆਡੀਓ ਅਤੇ ਵੀਡੀਓ ਮਾਹਰ ਵਿਜ਼ੂਲਾਈਜ਼ਰ ਟੈਕਸਟ ਆਰਟਿਸਟ: ਉਹ 34-ਮਾਡਲ ਅੱਖਰ, ਵਸਤੂ, ਜਾਂ ਵਾਤਾਵਰਣ ਲਈ ਇੱਕ ਸਤਹ ਲਾਗੂ ਕਰਦੇ ਹਨ। ਰਿਗਿੰਗ ਆਰਟਿਸਟ: ਇੱਕ ਰਿਗਿੰਗ ਕਲਾਕਾਰ ਮਾਡਲਡ, ਟੈਕਸਟਚਰਡ 34 ਅੱਖਰ ਜਾਂ ਵਸਤੂ ਲੈਂਦਾ ਹੈ ਅਤੇ ਇਸਨੂੰ ਇੱਕ ਪਿੰਜਰ ਪ੍ਰਣਾਲੀ ਜਾਂ ਜੋੜਾਂ (ਜੇ ਲੋੜ ਹੋਵੇ) ਨਾਲ ਸੈੱਟ ਕਰਦਾ ਹੈ। ਕਲੀਨ-ਅੱਪ ਕਲਾਕਾਰ: ਸਫ਼ਾਈ ਕਲਾਕਾਰ ਡਿਜ਼ਾਈਨ ਅਤੇ ਡਰਾਇੰਗ ਦੀ ਸ਼ੁੱਧਤਾ ਅਤੇ ਇਕਸਾਰਤਾ ਦੀ ਜਾਂਚ ਕਰਦਾ ਹੈ। ਇੱਕ ਚੰਗਾ ਕਲੀਨ-ਅੱਪ ਕਲਾਕਾਰ ਬਣਨ ਲਈ, ਉਸ ਕੋਲ ਘਣਤਾ, ਚੌੜਾਈ, ਵਾਲੀਅਮ ਅਤੇ ਪੁੰਜ ਦੇ ਗਿਆਨ ਦੇ ਨਾਲ ਚੰਗੇ ਡਰਾਫਟ-ਮੈਨ ਹੁਨਰ ਹੋਣੇ ਚਾਹੀਦੇ ਹਨ। ਲਾਈਟਿੰਗ ਆਰਟਿਸਟ: ਉਹ ਰੰਗਤ, ਰੰਗ ਦੀ ਤੀਬਰਤਾ ਅਤੇ ਸ਼ੈਡੋ ਦੀਆਂ ਭਿੰਨਤਾਵਾਂ ਬਣਾਉਂਦੇ ਹਨ ਡਿਜੀਟਲ ਸਿਆਹੀ ਅਤੇ ਪੇਂਟ ਆਰਟਿਸਟ: ਹਰੇਕ ਫਰੇਮ ਨੂੰ ਰੰਗ ਦੇਣਾ ਇੱਕ ਡਿਜੀਟਲ ਸਿਆਹੀ ਅਤੇ ਪੇਂਟ ਕਲਾਕਾਰ ਦਾ ਫਰਜ਼ ਹੈ। ਕੰਪੋਜ਼ਿਟਰ: ਇਹ ਉਹ ਕੰਪੋਜ਼ਿਟਰ ਹੈ ਜੋ ਸਾਰੇ ਵੱਖ-ਵੱਖ ਅੱਖਰਾਂ ਅਤੇ ਬੈਕਗ੍ਰਾਊਂਡਾਂ ਨੂੰ ਇੱਕ ਫਰੇਮ ਵਿੱਚ ਇਕੱਠਾ ਕਰਦਾ ਹੈ। ਕੀਫ ?ਰੇਮ ਐਨੀਮੇਟਰ: ਕੀਫ ?ਰੇਮ ਐਨੀਮੇਟਰ ਅੰਦੋਲਨ ਦੀ ਸ਼ੁਰੂਆਤ ਅਤੇ ਅੰਤ ਦੀਆਂ ਤਸਵੀਰਾਂ ਖਿੱਚਦਾ ਹੈ। ਰੈਂਡਰਿੰਗ ਆਰਟਿਸਟ: ਉਹ ਸਾਰੇ ਡੇਟਾ ਜਿਵੇਂ ਕਿ ਮਾਡਲ, ਟੈਕਸਟ, ਐਨੀਮੇਸ਼ਨ, ਲਾਈਟਿੰਗ ਆਦਿ ਵਿੱਚ ਲੈਂਦੇ ਹਨ, ਅਤੇ ਐਨੀਮੇਸ਼ਨ ਦੇ ਵਿਅਕਤੀਗਤ ਫਰੇਮਾਂ ਦੇ ਰੂਪ ਵਿੱਚ ਸਹੀ ਸੁਮੇਲ ਨੂੰ ਆਉਟਪੁੱਟ ਕਰਦੇ ਹਨ। 34 ਐਨੀਮੇਟਰ: ਉਹ ਸ਼ਿਲਪਿਤ, ਟੈਕਸਟਚਰ, ਅਤੇ ਸਖ਼ਤ 34 ਮਾਡਲ ਲੈਂਦੇ ਹਨ ਅਤੇ ਇਸ ਵਿੱਚ ਜੀਵਨ ਦਾ ਸਾਹ ਲੈਂਦੇ ਹਨ। ਇਹ ਉਹਨਾਂ ਨੂੰ ਕੀਫ ?ਰੇਮਾਂ ਨੂੰ ਕ੍ਰਮ ਵਿੱਚ ਰੱਖ ਕੇ ਕੀਤਾ ਜਾਂਦਾ ਹੈ ਜਿਵੇਂ ਕਿ ਉਹ ਗਤੀ ਵਿੱਚ ਦਿਖਾਈ ਦਿੰਦੇ ਹਨ। ਚਿੱਤਰ ਸੰਪਾਦਕ: ਉਹ ਫਿਲਮ ਦੇ ਵੱਖ-ਵੱਖ ਵਿਜ਼ੂਅਲ ਅਤੇ ਆਡੀਓ ਕੰਪੋਨੈਂਟਸ ਨੂੰ ਇਕਸਾਰ ਅਤੇ ਪ੍ਰਭਾਵੀ ਸਮੁੱਚੀ ਵਿੱਚ ਇਕੱਠੇ ਕਰਦੇ ਹਨ। ਵੈੱਬਸਾਈਟ ਡਿਜ਼ਾਈਨਿੰਗ, 34-♣®$ ਉਤਪਾਦਨ, ਗ੍ਰਾਫਿਕਸ ਡਿਜ਼ਾਈਨਿੰਗ, ਅਤੇ ਤਿੰਨ-ਅਯਾਮੀ ਉਤਪਾਦ ਮਾਡਲਿੰਗ ਕੁਝ ਹੋਰ ਖੇਤਰ ਹਨ ਜਿੱਥੇ ਐਨੀਮੇਟਰਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ। ਵਪਾਰ, ਵਿਕਰੀ ਵਰਗੇ ਹੋਰ ਖੇਤਰਾਂ ਵਿੱਚ ਵੀ ਐਨੀਮੇਸ਼ਨ ਦੀ ਲੋੜ ਹੈ, ਇੰਜੀਨੀਅਰਿੰਗ, ਸਿੱਖਿਆ, ਅਤੇ ਵਿਗਿਆਪਨ। ਇਸ ਕੋਲ ਫੈਸ਼ਨ ਡਿਜ਼ਾਈਨਿੰਗ ਅਤੇ ਇੰਟੀਰੀਅਰ ਡਿਜ਼ਾਈਨਿੰਗ ਅਤੇ ਇੱਥੋਂ ਤੱਕ ਕਿ ਇਸ ਦੀਆਂ ਪੇਸ਼ਕਾਰੀਆਂ ਅਤੇ ਮਾਡਲਾਂ ਲਈ ਮੈਡੀਕਲ, ਕਾਨੂੰਨੀ ਅਤੇ ਬੀਮਾ ਖੇਤਰਾਂ ਵਿੱਚ ਸੰਭਾਵਨਾਵਾਂ ਹਨ। ਗੇਮਿੰਗ ਉਦਯੋਗ ਜਿਸ ਵਿੱਚ ਵੀਡੀਓ ਅਤੇ ਮੋਬਾਈਲ ਗੇਮਾਂ ਸ਼ਾਮਲ ਹਨ, ਚੰਗੇ ਐਨੀਮੇਟਰਾਂ ਦੀ ਉਡੀਕ ਕਰ ਰਿਹਾ ਹੈ। ਉੱਚ ਤਨਖਾਹ ਪੈਕੇਜ ਇਸ ਪੇਸ਼ੇ ਦਾ ਸਭ ਤੋਂ ਆਕਰਸ਼ਕ ਹਿੱਸਾ ਹਨ। ਸਾਲਾਂ ਦੇ ਅੰਦਰ ਇਹ ਪੇਸ਼ੇਵਰ ਛੇ ਅੰਕਾਂ ਦੀ ਤਨਖਾਹ ਕਮਾ ਸਕਦੇ ਹਨ। ਇੱਕ ਜੂਨੀਅਰ ਐਨੀਮੇਟਰ ਜਾਂ ਸਿਖਿਆਰਥੀ ਵਜੋਂ, ਕੋਈ ਰੁਪਏ ਦੇ ਵਿਚਕਾਰ ਪ੍ਰਾਪਤ ਕਰ ਸਕਦਾ ਹੈ। 20000-25000 ਪ੍ਰਤੀ ਮਹੀਨਾ। ਤਿੰਨ ਤੋਂ ਪੰਜ ਸਾਲਾਂ ਦੇ ਤਜਰਬੇਕਾਰ ਐਨੀਮੇਟਰ ਨੂੰ 35000 ਤੋਂ 40000 ਮਿਲਣਗੇ। ਇੱਕ ਵਧੀਆ ਤਜਰਬੇਕਾਰ ਐਨੀਮੇਟਰ ਜਿਸ ਕੋਲ ਵਧੀਆ ਐਨੀਮੇਸ਼ਨ ਕੰਮ ਦਾ ਵਧੀਆ ਪੋਰਟਫੋਲੀਓ ਹੈ, ਆਸਾਨੀ ਨਾਲ 50000-60000 ਪ੍ਰਤੀ ਮਹੀਨਾ ਪ੍ਰਾਪਤ ਕਰ ਸਕਦਾ ਹੈ। ਵੈੱਬ ਡਿਜ਼ਾਈਨਿੰਗ ਸੂਚਨਾ ਤਕਨਾਲੋਜੀ ਉਦਯੋਗ ਦਾ ਇੱਕ ਅਨਿੱਖੜਵਾਂ ਅਤੇ ਮਹੱਤਵਪੂਰਨ ਹਿੱਸਾ ਹੈ। ਅੱਜ ਵੈੱਬ ਸੇਵਾਵਾਂ ਜੀਵਨ ਦੇ ਲਗਭਗ ਹਰ ਖੇਤਰ ਵਿੱਚ ਲਾਗੂ ਕੀਤੀਆਂ ਜਾ ਰਹੀਆਂ ਹਨ ਭਾਵੇਂ ਇਹ ਉਦਯੋਗ, ਵਪਾਰ, ਸਿੱਖਿਆ, ਜਾਂ ਜਨਤਕ ਖੇਤਰ ਹੋਵੇ। ਆਈ ਟੀ ਉਦਯੋਗ ਦੇ ਵਧਣ ਦੇ ਨਾਲ, ਵੈੱਬ ਡਿਜ਼ਾਈਨਿੰਗ ਦਾ ਭਾਰਤ ਵਿੱਚ ਵਿਸ਼ਾਲ ਸਕੋਪ ਹੈ। ਇੱਕ ਵੈਬ ਡਿਜ਼ਾਈਨਰ ਨੂੰ ਵੱਖ-ਵੱਖ ਖੇਤਰਾਂ ਜਿਵੇਂ ਕਿ ਵਿਗਿਆਪਨ ਏਜੰਸੀਆਂ, ਪ੍ਰਕਾਸ਼ਨ, ਆਡੀਓ-ਵਿਜ਼ੂਅਲ ਮੀਡੀਆ, ਡਿਜ਼ਾਈਨ ਸਟੂਡੀਓ, ਪ੍ਰਿੰਟਰ ਅਤੇ ਟਾਈਪਸੈਟਰ, ਨਿਰਮਾਤਾ ਅਤੇ ਡਿਪਾਰਟਮੈਂਟ ਸਟੋਰ, ਮਾਰਕੀਟਿੰਗ ਫਰਮਾਂ, ਪ੍ਰਦਰਸ਼ਨੀਆਂ ਅਤੇ ਡਿਸਪਲੇਅ, ਅਤੇ ਵਿਦਿਅਕ ਸੰਸਥਾਵਾਂ ਅਤੇ ਲਾਇਬ੍ਰੇਰੀਆਂ ਵਿੱਚ ਲੀਨ ਕੀਤਾ ਜਾ ਸਕਦਾ ਹੈ। ਵੈੱਬ ਡਿਜ਼ਾਈਨਿੰਗ ਵਿੱਚ ਕਰੀਅਰ ਉਹਨਾਂ ਲਈ ਸਹੀ ਵਿਕਲਪ ਹੋ ਸਕਦਾ ਹੈ ਜੋ ਰਚਨਾਤਮਕਤਾ ਲਈ ਇੱਕ ਸੁਭਾਅ ਰੱਖਦੇ ਹਨ. ਭਾਰਤ ਵਿੱਚ ਕਈ ਨਿੱਜੀ ਤਕਨੀਕੀ ਸੰਸਥਾਵਾਂ ਵੈੱਬ ਡਿਜ਼ਾਈਨਿੰਗ ਵਿੱਚ ਇੱਕ ਸਰਟੀਫਿਕੇਟ ਪ੍ਰੋਗਰਾਮ ਪ੍ਰਦਾਨ ਕਰਦੀਆਂ ਹਨ। ਵੈਬ ਡਿਜ਼ਾਈਨਰ ਨੂੰ ਗ੍ਰਾਫਿਕਸ ਅਤੇ ਲੇਆਉਟ ਡਿਜ਼ਾਈਨ ਕਰਨ ’ਤੇ ਧਿਆਨ ਦੇਣਾ ਪੈਂਦਾ ਹੈ। ਉਸ ਨੂੰ ਇੱਕ ਡਿਜ਼ਾਈਨ ਪ੍ਰਵਾਹ ਬਣਾਉਣ ਲਈ ਇੱਕ ਸੁਭਾਅ ਦੇ ਨਾਲ ਦ੍ਰਿਸ਼ਟੀਗਤ ਕਲਾਤਮਕ ਹੋਣਾ ਚਾਹੀਦਾ ਹੈ. ਜੇਕਰ ਕੋਈ ਵੈੱਬ ਡਿਜ਼ਾਈਨਿੰਗ ਵਿੱਚ ਕਰੀਅਰ ਚੁਣਦਾ ਹੈ, ਤਾਂ ਕੰਪਿਊਟਰ ਵਿਗਿਆਨ ਵਿੱਚ ਇੱਕ ਡਿਗਰੀ ਇੱਕ ਵਾਧੂ ਫਾਇਦਾ ਹੋਵੇਗਾ। ਇਹਨਾਂ ਤੋਂ ਇਲਾਵਾ ਬਹੁਤ ਸਾਰੇ ਪ੍ਰਸਿੱਧ ਸੰਸਥਾਵਾਂ ਦੁਆਰਾ ਥੋੜ੍ਹੇ ਸਮੇਂ ਦੇ ਖਾਸ ਵੈਬ-ਡਿਜ਼ਾਈਨਿੰਗ ਕੋਰਸ ਪੇਸ਼ ਕੀਤੇ ਜਾਂਦੇ ਹਨ।





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ



# Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD